10 ਜੁਲਾਈ-ਸਤੰਬਰ, 2008

# ਕਹਾਣੀ ਧਾਰਾ




ਮੁੱਲ : 20/-

10 ਜੁਲਾਈ-ਸਤੰਬਰ, 2008

ਕਹਾਣੀ ਧਾਰਾ

'KAHANI DHARA'(PUNJABI QUARTERLY)
R.N.I. Regd No. PUN PUN /2006 /19971



e-mail: kahani_dhara@yahoo.co.in

ਸੰਪਾਦਕ:

ਭਗਵੰਤ ਰਸੂਲਪੁਰੀ (94170-64350)

ਸਹਾਇਕ ਸੰਪਾਦਕ (ਅਨ.)

ਦੇਸ ਰਾਜ ਕਾਲੀ (94176-58139, 93562-67116)

ਸਹਿਯੋਗੀ

ਸੁਰਜੀਤ ਸੁਮਨ (98144-30874)

ਟਾਇਟਲ ਪੇਂਟਿੰਗਜ਼ :ਮਰੀਲੋ

ਰਚਨਾਵਾਂ ਭੇਜਣ ਲਈ ਪਤਾ : Editor KAHANI DHARA
V. Dharampura, P.O:. Khambra,
Distt. JALANDHAR-144026
Ph. 0181-2685313

ਸਾਲਾਨਾ ਚੰਦੇ : 200 ਰੁਪਏ 10 ਅੰਕ, ਡਾਲਰ 25, ਪੌਂਡ 20,ਪਰਚੇ ਲਈ ਚੰਦੇ ਚੈੱਕ / ਬੈਂਕ ਡਰਾਫਟ / ਮਨੀਆਰਡਰ ਰਾਹੀਂ ਕੇਵਲ ..................... ਦੇ ਨਾਂ ਭੇਜੇ ਜਾਣ।

ਪ੍ਰਿੰਟਰ, ਪਬਲਿਸ਼ਰ ਤੇ ਮਾਲਕ ਸੁਖਵਿੰਦਰ ਨੇ Bright Printing Press,Mohalla Kishanpura, Jalandhar City ਤੋਂ ਛਪਵਾ ਕੇ ਦਫਤਰ 'ਕਹਾਣੀ ਧਾਰਾ' ਪਿੰਡ ਧਰਮ ਪੁਰ, ਡਾਕ ਖਾਂਬਰਾ, ਜ਼ਿਲਾ ਜਲੰਧਰ ਤੋਂ ਪ੍ਰਕਾਸ਼ਤ ਕੀਤਾ। ਸੰਪਾਦਕ: ਭਗਵੰਤ ਰਸੂਲਪੁਰੀ, (ਪ੍ਰਕਾਸ਼ਨ ਮਿਤੀ 1 ਜੁਲਾਈ, 2008)

## ਤਰਤੀਬ


oਸੰਪਾਦਕੀ ਆਓ, ਚਿੰਤਨ ਵੱਲ ਤੁਰੀਏ !..................................2

o*ਕਹਾਣੀਆਂ-*

-ਗੁੱਡੀਆਂ / ਡਾ. ਚਰਨਜੀਤ ਕੌਰ ....................................... 3

-ਪਿਘਲਦੀ ਮੋਮਬੱਤੀ ਅਤੇ ਰੱਸੀ ਵਾਲਾ ਪਟਾਕਾ / ਜਸਪਾਲ ਮਾਨਖੇੜਾ..... 19

-ਧਰਤੀ ਦੇ ਰੱਬ/ ਸਿਮਰਨ ਧਾਰੀਵਾਲ ................................. 28

oਜੋਗਿੰਦਰ ਸਿੰਘ ਨਿਰਾਲਾ ਤਣਾਓਸ਼ੀਲ ਕਹਾਣੀਕਾਰ / ਇਕਦੀਸ਼ ਕੌਰ... 33

oਕਹਾਣੀਕਾਰ ਮੋਹਨ ਭੰਡਾਰੀ ਮਨੁੱਖੀ ਪਛਾਣ ਦੇ ਵਿਭਿੰਨ ਸਰੋਕਾਰ / ਗੁਰਮੀਤ ਕੌਰ.....................................................37

o*ਗੋਸ਼ਟੀਆਂ-*

- ਕਾਲੀ ਦੇ ਨਾਵਲ 'ਪਰਨੇਸ਼ਵਰੀ' ਅਤੇ 'ਅੰਤਹੀਣ 'ਤੇ ਗੋਸ਼ਟੀ....... 44-57

o*ਜਨ ਬੋਧ*

-ਰਾਸ਼ਟਰੀ ਮੀਡੀਆ ਸਰਵੇ ............................................. 68

oਪੁਸਤਕ ਰੀਵਿਊ..................................................83

oਹੁੰਗਾਰਾ ........................................................ 95


*ਸੰਪਾਦਕੀ*

# ਆਓ, ਚਿੰਤਨ ਵੱਲ ਤੁਰੀਏ !

ਪਿਛਲੇ ਵਰ੍ਹਿਆਂ ਦੌਰਾਨ। ਇਤਿਹਾਸ ਦਾ ਅੰਤ', 'ਵਿਚਾਰਧਾਰਾ ਦਾ ਅੰਤ' ਦੇ ਉੱਠੇ ਮਸਲਿਆਂ ਨੂੰ ਅੱਜ ਦੇ ਸਮੇਂ ਨੇ ਰੱਦ ਕਰਕੇ ਇਹ ਸਿੱਧ ਕਰ ਦਿੱਤਾ ਹੈ ਕਿ ਅੱਜ ਇਤਿਹਾਸ ਅਤੇ ਵਿਚਾਰਧਾਰਾ ਦੀ ਲੋੜ ਵੱਧ ਤਿੱਖੇ ਰੂਪ 'ਚ ਮਹਿਸੂਸ ਹੋਣ ਲੱਗੀ ਹੈ। ਇਹਨਾਂ ਮਸਲਿਆਂ ਨੂੰ ਜੇ ਅਸੀਂ ਲਤੀਨੀ ਅਮਰੀਕਾ ਦੇ ਮੁਲਕਾਂ ਅਤੇ ਏਸ਼ੀਆ ਵਿੱਚ ਨੇਪਾਲ 'ਚ ਹੋਈਆਂ ਤਲਦੀਲੀਆਂ ਦੇ ਮੱਦੇਨਜ਼ਰ ਵੇਖੀਏ ਤਾਂ ਗੱਲ ਵਧੇਰੇ ਸਪਸ਼ਟ ਨਜ਼ਰ ਆ ਜਾਂਦੀ ਹੈ। ਹੁਣ ਸਵਾਲ ਇੱਥੇ ਇਹ ਵੀ ਪੈਦਾ ਹੁੰਦਾ ਹੈ ਕਿ ਜੇ ਵਿਚਾਰਧਾਰਾ ਦਾ ਮਸਲਾ ਹੈ, ਤਾਂ ਉਹ ਕਿਸ ਕਿਸਮ ਦੀ ਵਿਚਾਰਧਾਰਾ ਚਾਹੀਦੀ ਹੈ। ਨਿਰਾ ਮਾਰਕਸਵਾਦ ਨੂੰ (ਉਹ ਵੀ ਜਿਹੜਾ ਸਕੂਲਾਂ 'ਚ ਪੜ੍ਹਾਇਆ ਗਿਆ) ਜੱਫਾ ਮਾਰੀ ਰੱਖਣਾ ਵੀ ਬਹੁਤਾ ਸਾਰਥਿਕ ਨਜ਼ਰ ਨਹੀਂ ਆ ਰਿਹਾ। ਦੂਸਰੇ ਹੱਥ ਪੰਜਾਬੀ ਸਾਹਿਤ ਦੀ ਜੇ ਗੱਲ ਕਰੀਏ ਤਾਂ ਇੱਥੇ 'ਭਾਊ' ਜਿਹੇ ਨਾਵਲ (ਜੋ ਨਾਵਲ ਹੈ ਹੀ ਨਹੀਂ) ਨੂੰ ਏਨੀ ਸ਼ਿੱਦਤ ਨਾਲ ਵਿਚਾਰਿਆ ਜਾਂਦਾ ਹੈ ਕਿ ਤੁਸੀਂ ਹੈਰਾਨ ਰਹਿ ਜਾਂਦੇ ਹੋ। ਦੂਸਰੇ ਪਾਸੇ ਚਿੰਤਨ ਦੇ ਮਾਮਲੇ 'ਚ ਖਾਮੋਸ਼ੀ ਹੈ, ਸਾਹਿਤ ਲਲਕਾਰੇਬਾਜ਼ੀ ਤੋਂ ਵੱਧ ਕੁਝ ਨਜ਼ਰ ਨਹੀਂ ਆ ਰਿਹਾ। ਸਾਡੇ ਕਹਾਣੀਕਾਰ ਜਿੰਦਰ ਨੇ ਨਵੀਂ ਪੰਜਾਬੀ ਕਹਾਣੀ ਦੀ ਪੁਸਤਕ ਸੰਪਾਦਿਤ ਕੀਤੀ ਹੈ, 'ਪੰਚਕੂਲੇ 'ਚ ਜਨਾਜ਼ਾ' ਉਹ ਉਸਦੇ ਸੰਪਾਦਕੀ ਸਫਿਆਂ ਤੇ ਆਪਣੀ ਗੱਲ ਸ਼ੁਰੂ ਕਰਦਾ ਹੈ, "1985 ਤੋਂ ਬਾਅਦ ਪੰਜਾਬ ਅੱਤਵਾਦ ਦੇ ਦੌਰ 'ਚੋਂ ਨਿਕਲ ਰਿਹਾ ਸੀ। ਸਮਾਜਵਾਦੀ ਯਥਾਰਥ ਬੀਤੇ ਦੀ ਗੱਲ ਲੱਗਣ ਲੱਗਾ ਸੀ।" ਹੁਣ ਸਾਡੇ ਸਾਹਿਤਕਾਰ, ਜਿਹੜੇ ਨਵੀਂ ਕਹਾਣੀ ਨੂੰ ਸੰਪਾਦਿਤ ਕਰ ਰਹੇ ਹਨ, ਚਿੰਤਨ ਦੇ ਮਾਸਲੇ 'ਚ ਇਸ ਥਾਂ ਖੜ੍ਹੇ ਹਨ ! ਇਹ ਹੈਰਾਨ ਨਹੀਂ, ਪ੍ਰੇਸ਼ਾਨ ਹੋਣ ਵਾਲੀ ਗੱਲ ਹੈ। ਇਹਨਾਂ ਸਾਹਿਤਕਾਰਾਂ ਨੇ ਨਵੇਂ ਸਵਾਲਾਂ ਦੇ ਸਨਮੁੱਖ ਹੋਣਾ ਹੈ।

ਇਥੇ ਫਿਰ ਵਿਸ਼ਵ ਪ੍ਰਸਿੱਧ ਚਿੰਤਕ ਵਾਲਟਰ ਬੈਂਜਾਮਿਨ ਯਾਦ ਆ ਰਹੇ ਹਨ, ਜਿਹੜੇ ਉਤਪਾਦਨ ਦੇ ਰੂਪ 'ਤੇ ਜ਼ੋਰ ਦੇਣ ਵਾਲੇ ਪਰੰਪਰਾਗਤ ਮਾਰਕਸਵਾਦ ਤੋਂ ਰਤਾ ਕੁ ਦੂਰ ਹਟ ਕੇ ਵੇਖਦੇ ਹਨ। ਉਹ ਵਸਤਾਂ ਨੂੰ ਪ੍ਰਦਰਸ਼ਿਤ ਕਰਨ, ਉਹਨਾਂ ਨੂੰ ਐਡਵਰਟਾਈਜ਼ ਕਰਨ, ਉਹਨਾਂ ਦੀ ਖਪਤ ਨੂੰ ਉਕਸਾਉਣ ਵਾਲੀ ਉਪਭੋਗਤਾ ਸੰਸਕ੍ਰਿਤੀ 'ਤੇ ਆਪਣਾ ਧਿਆਨ ਕੇਂਦਰਿਤ ਕਰਦੇ ਹਨ। ਉਹਨਾਂ ਦੇ ਵਿਸ਼ਲੇਸ਼ਣ ਦਾ ਕੇਂਦਰ ਉਤਪਾਦਨ ਦੀ ਪ੍ਰਕ੍ਰਿਆ 'ਚ ਅਜਨਬੀ ਹੋ ਰਹੇ ਮਜ਼ਦੂਰ ਦਾ ਅਨੁਭਵ ਨਹੀਂ, ਲਗਾਤਾਰ 'ਉਤਸਵ' ਦਾ ਸ਼ਿਕਾਰ ਹੋ ਰਹੇ ਅਤੇ ਖੰਡਿਤ ਚੇਤਨਾ ਜੀਵ ਵਾਲੇ ਗਾਹਕ ਦਾ ਮਨੋਲੋਕ ਹੈ। ਆਓ, ਪੰਜਾਬੀ ਨੂੰ ਚਿੰਤਨ ਵਾਲੇ ਪਾਸੇ ਤੋਰੀਏ ! ਕਹਾਣੀਧਾਰਾ ਦਾ ਅਗਲਾ ਅੰਕ ਸਾਡੇ ਮਹਾਨ ਚਿੰਤਕ 'ਵਾਲਟਰ ਬੈਂਜਾਮਿਨ ਦਾ ਚਿੰਤਨ। ਤੁਹਾਡੇ ਸਭ ਦੇ ਸੁਝਾਅ ਅਤੇ ਲਿਖਤਾਂ ਦਾ ਸੁਆਗਤ ਹੋਵੇਗਾ।

- ਭਗਵੰਤ ਰਸੂਲਪੁਰੀ
- ਦੇਸ ਰਾਜ ਕਾਲੀ

## ਕਹਾਣੀ / **ਗੁੱਡੀਆਂ** / ਡਾ. ਚਰਨਜੀਤ ਕੌਰ

ਮਿਲਕ ਬਾਰ ਦੇ ਬਾਹਰ ਡਹੇ ਬੈਂਚਾਂ ਦੇ ਆਲੇ ਦੁਆਲੇ ਲੋਕਾਂ ਦੁਆਰਾ ਮਿਲਕ ਜਾਂ ਲੱਸੀ ਪੀਕੇ ਸਿੱਟੀਆਂ ਜੂਠੀਆਂ ਪਾਈਪਾਂ ਕੱਠੀਆਂ ਕਰ ਕਰ ਕੇ ਆਪਣੇ ਝੋਲੇ 'ਚ ਪਾਉਂਦੀ ਇਹ ਦਸਾਂ ਕੁ ਸਾਲਾਂ ਦੀ ਬੱਚੀ ਜਦੋਂ ਕਿਸੇ ਬੈਂਚ ਤੇ ਬੈਠੇ ਬੰਦਿਆਂ ਦੇ ਹੱਥਾਂ 'ਚ ਫੜੀਆਂ ਥੈਲੀਆਂ ਜਾਂ ਬੋਤਲਾਂ 'ਚੋਂ ਦੁੱਧ ਲੱਸੀ ਖਤਮ ਹੋਣ ਦਾ ਇੰਤਜ਼ਾਰ ਕਰਦੀ ਹੋਈ ਉਨ੍ਹਾਂ ਵੱਲ ਮੁਤਰ ਮੁਤਰ ਝਾਕਦੀ ਖੜ੍ਹੀ ਹੁੰਦੀ ਇਹ ਸੋਚਕੇ ਕਿ ਇਹ ਲੋਕ ਦੁੱਧ ਲੱਸੀ ਖਤਮ ਕਰਕੇ ਪਾਈਪਾਂ ਸਿੱਟਣਗੇ ਤਾਂ ਉਹ ਕੱਠੀਆਂ ਕਰ ਲਵੇਗੀ ਤਾਂ ਉਹਨੂੰ ਐਂ ਆਨੇ ਕੱਢ ਕੱਢ ਕੇ ਝਾਕਦਿਆਂ ਉਹ ਲੋਕ ਉਹਨੂੰ ਬੁੜਕ ਕੇ ਪੈਂਦੇ, ''ਕਿਵੇਂ ਝਾਕਦੀ ਐ... ਕਦੇ ਦੁੱਧ ਨੀ ਦੇਖਿਆ... ਢਹਿਣ ਜੀ ਨਾ ਹੋਵੇ ਤਾਂ... ਕੀ ਕੁੱਤੇ ਮੰਗਣਾਂ ਗੁਟਰ-ਗੁਟਰ ਝਾਕੀ ਜਾਨੀ ਐ... ਦਫਾ ਹੋ ਜਾ ਉਰਿਓਂ...''

ਤੇ ਫੇਰ ਉਹ ਸੱਭਿਆ ਲੋਕ ਉਸ ਚੀਥੜਿਆਂ ਵਾਲੀ ਕੁੜੀ ਨੂੰ ਹੌਲੀ ਜਿਹੇ ਬੜੀ ਗੰਦੀ ਗਾਲ ਕੱਢਦੇ। ਕੁੜੀ ਨੂੰ ਸਮਝ ਨਾ ਆਉਂਦੀ ਕਿ ਉਹ ਲੋਕ ਉਸਨੂੰ ਕਿਉਂ ਵੱਢ ਖਾਣ ਨੂੰ ਆ ਰਹੇ ਨੇ। ਉਸਨੇ ਤਾਂ ਉਹਨਾਂ ਨੂੰ ਕੁਝ ਕਿਹਾ ਵੀ ਨੀ... ਉਹ ਤਾਂ ਉਹਨਾਂ ਵੱਲੋਂ ਪਾਈਪਾਂ ਸਿੱਟਣ ਦਾ ਇੰਤਜ਼ਾਰ ਕਰ ਰਹੀ ਐ ਸਿਰਫ... ਪਰ ਉਹਨਾਂ ਦੀ ਘੁਰਕੀ ਤੋਂ ਬਾਅਦ ਉਹ ਸਹਿਮ ਕੇ ਮੁੜ ਮੁੜ ਪਿੱਛੇ ਤੱਕਦੀ ਹੋਈ ਮਿਲਕ ਬਾਰ ਦੇ ਪਿੱਛੇ ਜਾ ਕੇ ਘਾਹ ਤੇ ਬੈਠ ਜਾਂਦੀ।

ਬੈਂਚਾਂ ਦੇ ਬੰਦੇ ਆਪਣੀ ਥਾਂ ਸੱਚੇ ਸਨ। ਉਹ ਸੋਚਦੇ ਸਨ ਕਿ ਇਹ ਢਹਿਣ ਕੁੜੀ ਸਾਡੇ ਦੁੱਧ 'ਚ ਨੀਤ ਪਾਉਂਦੀ ਐ... ਭੁੱਖੀ ਨੀਅਤ ਵਾਲੀ... ਕਿਤੇ ਊਈਂ ਨਾਂ ਇਹਦੀ ਨੀਤ ਪਾਈ ਵਾਲਾ ਦੁੱਧ ਪੀ ਕੇ ਬਮਾਰ ਹੋ ਜੀਏ। ਸੋ ਉਹ ਉਸਨੂੰ ਉਥੋਂ ਭੱਜ ਜਾਣ ਨੂੰ ਕਹਿੰਦੇ।

ਕਈ ਜਣੇ ਤਾਂ ਬੂਥ ਦੇ ਮਾਲਕ ਨੂੰ ਸ਼ਿਕਾਇਤ ਵੀ ਕਰਦੇ ਕਿ ਇਸ ਕਾਗਜ਼ ਚੁਗਣ ਵਾਲੀ ਢਹਿਣ ਜਿਹੀ ਨੂੰ ਉਰੇ ਨਾ ਵੜਨ ਦਿਆ ਕਰੇ ਐਵੇਂ ਜਣੇ ਖਣੇ ਦੀਆਂ ਬੋਤਲਾਂ 'ਚ ਨੀਤ ਸਿੱਟੀ ਜਾਊ... ਡੇਲੇ ਕੱਢ ਕੱਢ ਕੇ... ਅੱਗੋਂ ਬੂਥ ਦੇ ਕਾਊਂਟਰ ਤੇ ਬੈਠਿਆ ਮਾਲਕ ਉਹਨਾਂ ਨੂੰ ਤਸੱਲੀ ਦਿੰਦਿਆਂ ਕਹਿੰਦਾ,

''ਕੋਈ ਨੀ ਸਾਹਬ ਜੀ... ਅੱਗੋਂ ਨੀ ਬੜਨ ਦੰਦਾ ਮੈਂ ਇਸਨੂੰ।''

ਫੇਰ ਉਹ ਕੁੜੀ ਨੂੰ ਸੰਬੋਧਨ ਹੁੰਦਾ, ''ਏ ਕੁੜੀ ਕਿਆਂ ਨੌਂ ਐ ਤੇਰਾ... ਇਧਰ ਨੂੰ ਆ ਮਾੜਾ ਜਾ... ਤੰਨੂ ਬੀਹ ਬਾਰੀ ਕੈਹ ਲਿਆ... ਬਈ ਤੌਂ ਉਰੈ ਨਾ ਆਏ ਕਰ... ਤੇਰੇ ਖਾਨੇ ਮਾਂ ਨੀ ਬੜਦੀ ਸੁਣੀ ਬੀ... ਟਲਦੀ ਨੀ ਤੌਂਹ .... ਜੇ ਦਬਾਰਾ ਮੰਨੂ ਤੇਰੀ ਸਕਲ ਉਰੈ ਬੂਥ ਕੇ ਆਸ ਪਾਸ ਬੀ ਨਜਰ ਆ 'ਗੀ ਤਾਂ ਖੇਤ ਪਏ ਗਧੇ ਆਲੀ ਕਰਾਂਗਾ... ਮਝੀਟੀਆਂ ਪੱਟ ਦਿਆਂਗਾ ਤੇਰੀਆਂ... ਗੈਲੋ ਤੌਂਹ ਮੰਨੂ ਨਿਊਂ ਬਤਾ ਬਈ ਤੌਂਹ ਰਹਾਂ ਕਿੱਥੈ ਐਂ... ਆਪਣੇ ਬਾਪ ਨੂੰ ਲੈ ਕੇ ਆਈ... ਮੈਂ ਉਸਨੂੰ ਪੁੱਛਾਂਗਾ ਬਈ... '' ਇਹ ਤਾਂ ਉਹ ਕਹਿਣਾ ਈ ਨਹੀਂ ਸੀ ਚਾਹੁੰਦਾ। ''ਬਾਪ'' ਦਾ ਤਾਂ ਉਹ ਜਿਕਰ ਤੱਕ ਨੀ ਸੀ ਕਰਨਾ ਚਾਹੁੰਦਾ। ਪਲ ਕੁ ਰੁਕ ਕੇ ਫੇਰ ਬੋਲਦਾ ਜਿਵੇਂ ਉਹਦੇ ਕਿਧਰੇ ਹੋਰ ਪਾਸੇ ਤੁਰ ਜਾਣ ਸਦਕਾ ਅਜੇ ਝਾੜ ਝੰਬ 'ਚ ਕਸਰ ਬਾਕੀ ਰਹਿ ਗਈ ਹੋਵੇ, ''ਤੇਰੀ ਪੁਲਸ ਤੇ ਛਤਰੌਲ ਕਰਾਣੀ ਪਵੇਗੀ... ਨਿਊਂ ਨੀ ਤੌਂਹ ਬਾਜ ਔਂਦੀ... ਇਬ ਕਿਆ ਝਾਕ 'ਰੀ ਐਂ ਖੜ੍ਹੀ ਬਿੱਲ ਬਤੌਰ ਮੰਗਣਾਂ.. ਦੌੜ ਆ ਉਰੇ ਤੇ... ਖਬਰਦਾਰ ਜੇ ਇੱਧਰ ਨੂੰ ਮੂੰਹ ਕਰਿਆ ਦਬਾਰਾ... ਤਿੱਤਰ ਹੋ ਜਾ ਉਰੇ 'ਤੇ...।''

ਕੁੜੀ ਆਪਣਾ ਥੈਲਾ ਸਾਂਭਦੀ ਤੇ ਉਹਨਾਂ ਸ਼ਿਕਾਇਤਖੋਰਾਂ ਦੁਆਰਾ ਸਿੱਟੀਆਂ ਪਈਪਾਂ ਨੂੰ



ਲਲਚਾਈਆਂ ਨਜਰਾਂ ਨਾਲ ਤੱਕਦੀ ਬਾਹਰ ਨੂੰ ਭੱਜ ਲੈਂਦੀ।

ਸ਼ਿਕਾਇਤੀ ਲੋਕ ਸਕੂਨ ਜਿਹਾ ਮਹਿਸੂਸ ਕਰਦੇ ਜਿਵੇਂ ਏਸ ਗਰੀਬ ਕੁੜੀ ਨੂੰ ਮਾਲਕ ਕੋਲੋਂ ਝਾੜ ਪੁਆ ਕੇ ਉਹਨਾਂ ਨੇ ਕੋਈ ਬਹੁਤ ਬੜੀ ਮਾਰ ਮਾਰ ਲਈ ਹੋਵੇ।

ਤੇ ਜਦੋਂ ਉਹ ਲੋਕ ਚਲੇ ਜਾਂਦੇ ਤਾਂ ਕੁੜੀ ਫੇਰ ਭੱਜਦੀ-ਭੱਜਦੀ ਆ ਕੇ ਪਾਈਪਾਂ ਚੁਗਣ ਲੱਗ ਜਾਂਦੀ?

ਬੱਚੀ ਦੇ ਕੱਪੜੇ ਵੀ ਆਪਣੇ ਮੇਚੇ ਨਾਲੋਂ ਬੜੇ ਹੁੰਦੇ। ਕਿਸੇ ਹੋਰ ਦੇ ਦਿੱਤੇ ਹੋਏ ਜਿਹਨਾਂ ਵਿੱਚ ਉਹਦਾ ਛੀਂਟਕਾ ਜਿਹਾ ਜਿਸਮ ਡਲ੍ਹਕ ਡਲ੍ਹਕ ਵੱਜਦਾ। ਉਹਦੀਆਂ ਚੱਪਲੀਆਂ ਵੀ ਉਹਦੇ ਪੈਰਾਂ ਦੇ ਨਾਪ ਨਾਲੋਂ ਡੇਢ ਗੁਣੀਆਂ ਹੁੰਦੀਆਂ... ਤੇ ਖੜੱਪ ਖੜੱਪ ਕਰਦੀ ਉਹ ਕੁੜੀ ਕਦੇ ਪੈਰਾਂ 'ਚ ਆ ਪਈ ਸਲਵਾਰ ਦੇ ਪਹੁੰਚੇ ਨੂੰ ਸਾਂਭਦੀ ਤੇ ਕਦੇ ਪੈਰਾਂ 'ਚੋਂ ਨਿਕਲ ਤੇ ਅੱਗੇ ਜਾ ਪਈ ਚੱਪਲ ਨੂੰ ਪੈਰ 'ਚ ਅੜਾਉਂਦੀ। ਚੱਪਲੀਆਂ ਨੂੰ ਪੈਰਾਂ 'ਚ ਟਿਕਾਈ ਰੱਖਣ ਲਈ ਉਹ ਰੱਸੀਆਂ ਬੰਨ੍ਹ ਲਵੇ ਤੇ ਸਲਵਾਰ ਦੀਆਂ ਮੂਹਰੀਆਂ ਤੇ ਵੀ ਰੱਸੀ ਲਪੇਟ ਲਵੇ ਤਾਂ ਜੋ ਉਹਨੂੰ ਚੱਲਣ ਵਿਚ ਔਖ ਨਾ ਹੋਵੇ ਪਰ ਉਹਨੇ ਕਦੇ ਇਸ ਤਰ੍ਹਾਂ ਕੀਤਾ ਨਹੀਂ ਸੀ।

ਉਂਜ ਸ਼ਕਲੋਂ ਸੂਰਤੋਂ ਉਹ ਪਿਆਰੀ ਸੀ ਉਹਨੂੰ ਕਾਹਲੀ ਕਾਹਲੀ ਤੁਰੀ ਆਉਂਦੀ ਨੂੰ ਬੂਥ ਦਾ ਮਾਲਕ ਕੀਮਤੀ ਕਹਿੰਦਾ,

''ਬੁਲਬੁਲ ਤੰਨੂ ਰੋਜ ਸਮਝਾਗਾਂ ਮੈਂ... ਬਈ ਤੌਂਹ ਦੁੱਧ ਪੀਂਦੇ ਲੋਕਾਂ ਕੇ ਸਰਾਣੇ ਨਾ ਖੜ੍ਹੀ ਹੋਏ ਕਰ... ਇਹਨਾਂ ਸੌਹਰੀ ਕਿਆਂ ਨੂੰ ਵਹਿਮ ਹੈ ਜਾ ਬਈ ਤੈਂਹ ਉਹਨਾਂ ਦੇ ਦੁੱਧ ਕੰਨੀ ਦੇਖਾਂ...''

''ਤਾਏ ਮੈਂ ਉਹਨਾਂ ਦੇ ਦੁੱਧ ਕੰਨੀ ਕੋਈ ਦੇਖਦੀ ਹੁੰਨੀ ਆਂ... ਮੈਂ ਤਾਂ ਨਲਕੀਆਂ ਖਾਲੀ ਹੋਣ ਦੀ 'ਡੀਕ 'ਚ ਖੜ੍ਹੀ ਹੁੰਨੀ ਆ... ਭਲਾਂ ਬੋਤਲਾਂ ਕਿਤੇ ਮੈਂ ਲਜਾਣੀਆਂ ਹੁੰਦੀਆਂ ਨੇ... ਜਿਹੜਾ ਮੈਂ ਉਹਨਾਂ ਕੰਨੀ ਝਾਕੂੰ...?''

ਤੇ ਬੁਲਬੁਲ ਦਾ ਨਿਰਛਲ ਜਿਹਾ ਉੱਤਰ ਸਣ ਕੇ ਕੀਮਤੀ ਸੋਚਦਾ ਕਿ ਬੁਲਬੁਲ ਝੂਠ ਨਹੀਂ ਬੋਲ ਰਹੀ। ਕੀਮਤਾ ਨੂੰ ਮੁਸਕਰਾਉਂਦਿਆਂ ਦੇਖਕੇ ਬੁਲਬੁਲ ਚਹਿਕ ਕੇ ਕਹਿੰਦੀ,

''ਤਾਏ ਨਾਲੇ ਉਹ ਲੋਕ ਸੋਚਦੇ ਹੋਣਗੇ ਬਈ ਤੁਸੀਂ ਮੈਨੂੰ ਸੱਚੀ ਮਿੱਚੀ ਦਾ ਝਿੜਕਦੇ ਓਂ... ਤਾਂ ਹੀ ਖੁਸ਼ ਹੁੰਦੇ ਰਹਿੰਦੇ ਨੇ...।''

''ਲੈ ਹੋਰ ਕਿਆ ਨਹੀਂ... ਉਹਨਾਂ ਨੂੰ ਕਿਆ ਪਤਾ... ਮੂਰਖਾਂ ਨੂੰ ਬਈ ਬੁਲਬੁਲ ਮੇਰਾ ਛੋਰ ਪੁੱਤ ਐ... ਕਮੇਰਾ ਪੁੱਤ... ਕਮਾਊ... ਗੈਲੇ ਤੋਂ ਪਾਈਪਾਂ ਕੱਠੀਆਂ ਕਰਾ... ਗੈਲੇ ਭੜਾਈ ਬੀ ਕਰਾ... ਊਂ ਭਲਾ ਤੌਂਹ ਕੈਮੀ ਮਾਂ ਹੋ ਗਿਆ...।''

''ਪੰਜਮੀਂ 'ਚ ...'' ਦੂਰ ਕੈਨੇ 'ਚ ਪਈਆਂ ਦੋ ਤਿੰਨ ਪਾਈਪਾਂ ਵੱਲ ਲਪਕਦੀ ਬੁਲਬੁਲ ਬੋਲੀ। ਤੇ ਵਾਪਸ ਆ ਕੇ ਤਾਏ ਦੇ ਕੋਲ ਨੂੰ ਹੁੰਦੀ ਫੇਰ ਕਹਿਣ ਲੱਗੀ, ''ਤਾਏ ਅੱਜ ਮੈਂ ਤੈਨੂੰ ਕਾਗਜ਼ ਤੇ ਲਿਖਕੇ ਦੇ ਦੂੰ... ਬਈ ਮੈਂ ਪੰਜਮੀਂ 'ਚ ਆਂ... ਫੇਰ ਤੈਨੂੰ ਯਾਦ ਰਿਹਾ ਕਰੂ... ਤੂੰ ਤਾਂ ਰੋਜ ਈ ਭੁੱਲ ਜਾਨੈ।''

''ਲੈ ਕਾਗਜ਼ ਕਿਆ ਮੰਨੂੰ ਪੜ੍ਹਨਾ ਆਬਾ...? ਫੇਰ ਬੀ ਤੰਨੂਏ ਬਤਾਣਾ ਪਿਆ ਕਰੇਗਾ ਪੜ੍ਹਕੈ... ਮੈਂ ਕਿਹੜਾ ਕਦੇ ਸਕੂਲ ਮਾਂ ਪੜ੍ਹਨ ਗਿਆਂ...।''

ਤੇ ਦੁੱਧ ਪੀਣ ਆਉਂਦੇ ਲੋਕਾਂ ਦੇ ਮੇਲੇ ਜਿਹੇ ਨੂੰ ਆਉਂਦਿਆਂ ਵੇਖਕੇ ਕੀਮਤੀ ਬੁਲਬੁਲ ਨੂੰ ਉੱਚੀ ਆਵਾਜ਼ ਵਿੱਚ ਸੰਬੋਧਨ ਹੋਇਆ,

“ਤੇਰਾ ਲਾਜ ਕਰਨਾ ਪਵੇਗਾ ਮੈਨੂੰ... ਬਈ ਢੀਠ ਐਂ ਤੌਂਹ”

ਸੋਟੀ ਇੱਕ ਖਾਲੀ ਡੱਬੇ ਤੇ ਖੜਕਾ ਕੇ ਉਹ ਨੌਕਰ ਨੂੰ ਬੋਲਿਆ,

“ਉਏ ਕੇਹਰੂ... ਫੜਕੇ ਇਸਨੂੰ ਬਾਬਰੀਆਂ ਤੇ ਪਾਰਕ ਤੇ ਬਾਹਰ ਆਈਂ ਕੱਢਕੈ... ਇਬ ਕਿਸੀ ਦਿਨ ਪੁਲਸ ਨੂੰ ਬਲਾਕੈ ਇਸਦਾ ਫਾਹਾ ਬਢਾਮਾਗਾ... ਫੜੀਂ ਲਾਠੀ... ਮਾਰ ਇਸਕੇ ਮੌਰਾਂ ਮਾਂ ਟਕਾਕੈ... ਬਾਂਦਰੀ ਜੀ ਕੈ...”

ਕੇਹਰੂ ਵੀ ਸਭ ਜਾਣਦਿਆਂ ਹੋਇਆਂ ਤੇ ਡਰਾਮਾ ਜਿਹਾ ਕਰਦਿਆਂ ਕੁੜੀ ਮਗਰ ਡੰਡਾ ਲੈ ਕੇ ਭੱਜਿਆਂ ਤੇ ਉਸਨੂੰ ਦੂਰ ਤੱਕ ਦਬੱਲ ਕੇ ਆਇਆ।

ਬੁਲਬੁਲ ਦੀ ਮਾਂ ਭਗਤੀ ਜਦੋਂ ਨਿੱਕੀ ਹੁੰਦੀ ਸੀ ਤਾਂ ਪਿੰਡ ਦੇ ਲੋਕ ਮੀਂਹ ਪਵਾਉਣ ਲਈ ਗੁੱਡੀ ਸਾੜਨ ਦੀ ਯੋਜਨਾ ਬਣਾਉਂਦੇ ਹੁੰਦੇ ਸਨ। ਉਦੋਂ ਜਦੋਂ ਸਾਰਾ ਜੇਠ ਹਾੜ ਤੇ ਸੌਣ ’ਚ ਮੀਂਹ ਨਾ ਵਰ੍ਹਦਾ। ਫਸਲਾਂ ਸੁਕਣ ਲਗਦੀਆਂ ਧਰਤੀ ਭੱਠੀ ਵਾਂਗ ਤਪਣ ਲਗਦੀ ਜੀਵ ਜੰਤੂ ਤ੍ਰਾਹ ਤ੍ਰਾਹ ਕਰਨ ਲਗਦੇ ਤਾਂ ਸਦੀਆਂ ਪੁਰਾਣੀ ਚਲੀ ਆ ਰਹੀ ਰੀਤ ਮੁਤਾਬਕ ਲੋਕਾਂ ਨੂੰ ਗੁੱਡੀ ਸਾੜਨ ਦਾ ਖਿਆਲ ਆਉਂਦਾ।

ਰੱਬ ਵੀ ਕਿੰਨਾ ਪੱਖਪਾਤ ਕਰਦੈ... ਗੁੱਡੀ ਸਾੜਨ ਤੇ ਖੁਸ਼ ਹੁੰਦੈ... ਜੀਹਦੀ ਨਾ ਉਰੇ ਕਦਰ ਐ ਨਾ ਗਹਾਂ... ਇਹ ਗੁੱਡੀ ਸਾੜਨ ਦੀ ਪ੍ਰਥਾ ਵੀ ਸ਼ਾਇਦ ਮਰਦ ਪ੍ਰਧਾਨ ਸਮਾਜ ਦੀ ਸੋਚ ਐ। ਉਹ ਤਾਂ ਝੂਠ ਮੂਠ ਦਾ ਗੁੱਡਾ ਫੂਕਣੋਂ ਵੀ ਡਰਦੇ ਨੇ... ਤ੍ਰਹੰਦੇ ਨੇ, ਬਈ ਕਿਤੇ...।

ਤ੍ਰਹਿੰਦੇ ਨੇ ਬਈ ਕਿਤੇ ਝੂਠ ਮੂਠ ਈ ਸੱਚ ਮਿੱਚ ਨਾ ਹੋ ਜਾਵੇ। ਕਿਤੇ ਉਈਂ ਅਨਰਥ ਹੋ ਜਾਵੇ। ਨਾਲੇ ਬਲੀ ਦੇਣ ਵਾਸਤੇ ਗੁੱਡੀ ਜੁ ਹੈ... ਆਲਤੂ ਫਾਲਤੂ ਜੀਵ। ਖੈਰ।

ਤੇ ਭਗਤੀ ਨਿੱਕੀ ਹੁੰਦੀ ਲੀਰਾਂ ਦੀ ਗੁੱਡੀ ਬਣਾਉਣ ’ਚ ਬੜੀਓ ਮਾਹਰ ਸੀ। ਹਰ ਸਾਲ ਫੂਕਣ ਵਾਸਤੇ ਗੁੱਡੀ ਉਹੀਓ ਬਣਾਉਂਦੀ ਹੁੰਦੀ ਸੀ।

‘ਕੇਰਾਂ ਤਾਂ ਲੀਰਾਂ ਦੀ ਗੁੱਡੀ ’ਚ ਜਾਨ ਪਾ ਦਿੰਦੀ। ਨਿੱਕੇ ਨਿੱਕੇ ਹੱਥਾਂ ਨਾਲ ਤੇ ਬੜੀਆਂ ਰੀਝਾਂ ਨਾਲ ਬਣਾਈ ਉਸਦੀ ਗੁੱਡੀ ਆਇਦਾਂ ਲਗਦੀ ਜਿਵੇਂ ਹੁਣੇ ਬੋਲੀ ਕਿ ਬੋਲੀ।

ਬੜੀਆਂ ਰੀਝਾਂ ਨਾਲ ਉਹ ਗੁੱਡੀ ਦੇ ਕੱਪੜੇ ਸਿਊਂਦੀ.... ਪਟੋਲ੍ਹੇ ਬਣਾਉਂਦੀ। ਗੁੱਡੀ ਦੀ ਚੁੰਨੀ ਨੂੰ ਕਿਨਾਰੀ ਲਾਉਂਦੀ। ਨਿੱਕੀ ਨਿੱਕੀ ਬਾਂਕੜੀ ਭੰਨਕੇ ਪਟੋਲ੍ਹਿਆਂ ਨੂੰ ਸਜਾਉਂਦੀ।

ਤਾਂਬੇ ਦੀ ਤਾਰ ਮੋੜ ਮੋੜਕੇ ਗੁੱਡੀ ਦੇ ਹੱਥਾਂ ’ਚ ਚੂੜੀਆਂ... ਨੱਕ ’ਚ ਨੱਥ... ਤੇ ਕੰਨਾਂ ’ਚ ਬਾਲੀਆਂ ਪਾਉਂਦੀ। ਤਾਂਬੇ ਦੀ ਤਾਰ ਮੋੜਕੇ ਜਦੋਂ ਗੁੱਡੀ ਦੇ ਪੈਰੀਂ ਝਾਂਜਰਾਂ ਪਾਉਣ ਲਗਦੀ ਤਾਂ ਉਹਨੂੰ ਮਾਂ ਝੱਟ ਟੋਕ ਦਿੰਦੀ ਅਖੇ,

“ਭਗਤੀਏ ਪੈਰਾਂ ’ਚ ਸਿਊਨਾ ਨੀ ਪਾਈਂਦਾ... ਬੇਅਬਦੀ ਹੁੰਦੀ ਐ... ਪੈਰਾਂ ’ਚ ਤਾਂ ਚਾਂਦੀਓ ਪਾਈਦੀ ਐ... ”

ਉਂਜ ਮਾਂ ਨੂੰ ਵੀ ਪਤਾ ਹੁੰਦਾ ਸੀ ਕਿ ਤਾਰ ਤਾਂਬੇ ਦੀ ਐ ਤੇ ਭਗਤੀ ਨੂੰ ਵੀ ਪਰ ਮਾਵਾਂ ਧੀਆਂ ਜਿਵੇਂ ਸੋਨੇ ਰੰਗੇ ਤਾਂਬੇ ਨੂੰ ਸਿਊਨਾ ਈ ਸਮਝ ਲੈਂਦੀਆਂ... ਪਲ ਘੜੀ ਲਈ...। ਤੇ ਫੇਰ ਭਗਤੀ ਚਾਂਦੀ ਰੰਗੇ ਸਲਮੇ ਦੀਆਂ ਝਾਂਜਰਾਂ ਗੁੱਡੀ ਨੂੰ ਪੁਆ ਦਿੰਦੀ ... ਚਿੱਟਾ ਸਲਮਾ, ਜਿਹੜਾ ਚਾਂਦੀ ਰੰਗਾ ਹੁੰਦਾ ਸੀ।

ਉਹ ਗੁੱਡੀ ਨੂੰ ਪੂਰੇ ਸੋਲਾਂ ਸ਼ਿੰਗਾਰ ਕਰਦੀ। ਅੱਖਾਂ ’ਚ ਕਾਲੇ ਧਾਗੇ ਨਾਲ ਸੁਰਮੇ ਦੀ ਧਾਰੀ ਬੰਨ੍ਹਦੀ... ਲਾਲ ਰੰਗ ਦੇ ਧਾਗੇ ਨਾਲ ਹੋਂਠ ਬਣਾਉਂਦੀ... ਕਾਲੀ ਲੋਗੜੀ ਦੇ ਵਾਲ ਲਾਉਂਦੀ... ਵਾਲ ਜਿਹੜੇ ਗੁੱਡੀ ਦੇ ਗੋਡਿਆਂ ਤੱਕ ਅਪੜੇ ਹੋਏ ਹੁੰਦੇ। ਤੇ ਜਦੋਂ ਪਹਿਨ ਪੱਚਰ



ਕੇ ਲੀਰਾਂ ਦੀ ਗੁੱਡੀ ਉੱਕਾ ਦੁਲਹਨ ਵਾਂਗ ਸਜ ਜਾਂਦੀ ਤਾਂ ਭਗਤੀ ਦਾ ਜੀਅ ਨਾ ਕਰਦਾ ਕਿ ਉਹ ਸਜੀ ਸਜਾਈ ਗੁੱਡੀ ਨੂੰ ਸਾੜਨ ਨੂੰ ਲਈ ਆਪਣੀਆਂ ਸਹੇਲੀਆਂ ਨੂੰ ਦੇ ਦੇਵੇ।

ਹਮੇਸ਼ਾ ਉਹ ਟਾਲਦੀ ਰਹਿੰਦੀ-ਬੱਸ ਇੱਕ ਮਿੰਟ ... ਇੱਕ ਮਿੰਟ... ਇੱਕ ਮਿੰਟ ਹੋਰ... ਬਈ ਜਿੰਨਾ ਵੱਧ ਤੋਂ ਵੱਧ ਸਮਾਂ ਉਹ ਇਸ ਸਜੀ ਸੰਵਰੀ ਗੁੱਡੀ ਨੂੰ ਆਪਣੇ ਕੋਲ ਰੱਖ ਸਕਦੀ ਐ ਓਨੀ ਦੇਰ ਤਾਂ ਰੱਖ ਈ ਲਵੇ।

ਫੇਰ ਜਦੋਂ ਕੁੜੀਆਂ ਚਿੜੀਆਂ ਮਿੱਠਾ ਰੋਟ ਪਰਾਂਤਾਂ ’ਚ ਪਾ ਕੇ ਝੁੰਡ ਦਾ ਝੁੰਡ ਉਹਦੇ ਬੂਹੇ ਅੱਗੇ ਆ ਕੇ ਕਾਵਾਂ ਰੌਲੀ ਪਾ ਦਿੰਦੀਆਂ ਤਾਂ ਉਹਨੂੰ ਮਜਬੂਰਨ ਕੁੜੀਆਂ ਨੂੰ ਗੁੱਡੀ ਦੇਣੀ ਪੈਂਦੀ। ਕੋਈ ਬੜੇ ਕਾਹਲੇ ਸੁਭਾਅ ਆਲੀ ਆਖਦੀ,

“ਛੱਡਿਆ ਕਰ ਨੀ ਭਗਤੀਏ... ਉਈਂ ਬਚਾਰੀ ਨੂੰ ਸਜੌਣ ਬੈਠ ਜਾਨੀ ਐ... ਜਦ ਤੈਨੂੰ ਪਤੈ ਬਈ ਆਪਾਂ ਨੇ ਗੁੱਡੀ ਫੂਕ ਈ ਦੇਣੀ ਐ ਫੇਰ ਕਾਹਨੂੰ ਏਹਦੇ ਸੁਰਮੇ ਸੋਹਰੀ ਜਾਨੀ ਐਂ...’’’

ਫੇਰ ਤਪਦੀ ਦੁਪਹਿਰ ’ਚ ਝੂਠ ਮੂਠ ਦਾ ਪਿੱਟਦੀਆਂ ਕੁੜੀਆਂ ਜਦੋਂ ਗੁੱਡੀ ਫੂਕ ਕੇ ਆਥਣੇ ਘਰੇ ਆਉਂਦੀਆਂ ਤਾਂ ਹਰ ਵਾਰ ਭਗਤੀ ਮਾਂ ਨੂੰ ਪੁੱਛਦੀ,

“ਮਾਂ ਗੁੱਡੀ ਮਰੀ ਤਾਂ ਨੀ ਸੀਗ੍ਹੀ... ਫੇਰ ਜਿਊਂਦੀ ਨੂੰ ਕੁੜੀਆਂ ਭਲਾਂ ਦੀ ਕਾਹਤੋਂ ਫੂਕ ਆਈਆਂ... ਬਚਾਰੀ ਨੂੰ ਆਂਚ ਬੀ ਲੱਗੀ ਹੋਣੀ।”

ਮਾਂ ਦਾ ਜੀ ਕਰਦਾ ਕਿ ਕਹੇ ਬਈ ਗੁੱਡੀ ਜਿਊਂਦੀ ਈ ਕਦੋਂ ਹੁੰਦੀ ਐ? ਉਹ ਤਾਂ ਜੰਮਦੀਓ ਮਰੀ ਹੁੰਦੀ ਐ। ਜੇ ਉਹ ਜੰਮਦੀਓ ਮਰੀ ਹੋਈ ਨਾ ਹੋਵੇ ਤਾਂ ਭਲਾ ਉਹਦੇ ਪੈਦਾ ਹੋਣ ਤੇ ਘਰ ’ਚ ਸੋਗ ਜਿਹਾ ਕਿਉਂ ਪੈ ਜਿਆ ਕਰੇ? ਕਿਉਂ ਉਹਦੇ ਜੰਮਣ ਸਾਰ ਬਾਪ ਦੀ ਪੱਗ ਦਾ ਸ਼ਮਲਾ ਗਿਰ ਜਿਆ ਕਰੇ? ਪਰ ਉੱਚੀ ਉਹ ਭਗਤੀ ਨੂੰ ਇਹੀ ਕਹਿੰਦੀ,

“ਚਲ ਭਗਤੀਏ ਤੂੰ ਆਪਣੇ ਬਾਹਤੇ ਹੋਰ ਗੁੱਡੀ ਬਣਾ ਲੈ... ਨਾਲੇ ਜਿਹੜੀ ਗੁੱਡੀ ਤੂੰ ਫੂਕਣ ਬਾਹਤੇ ਬਣਾਉਂਦੀ ਹੁੰਨੀ ਐ ਨਾਅ... ਉਹਨੂੰ ਸੋਹਣੀ ਨਾ ਬਣਾਇਆ ਕਰ... ਉਹਨੂੰ ਛੰਗਾਰ ਬੀ ਨਾ ਲਾਇਆ ਕਰ ਤੇ ਨਾਲੇ ਗਹਿਣੇ ਬੀ ਨਾ ਪਾਇਆ ਕਰ... ਜਦ ਤੂੰ ਉਹਨੂੰ ਆਰ ਛੰਗਾਰ ਲਾ ਦੰਨੀ ਆ ਫੇਰ ਤੈਨੂੰ ਉਹਦੇ ਫੂਕਣ ਦਾ ਦੁੱਖ ਹੁੰਦੈ।”

“ਪਰ ਮਾਂ ਗੁੱਡੀ ਤਾਂ ਸੋਹਣੀਓ ਹੋਣੀ ਚਾਹੀਦੀ ਐ... ਮਹੱਲੇ ਦੀਆਂ ਸਾਰੀਆਂ ਗੁੱਡੀਆਂ ਸੋਹਣੀਆਂ ਸੋਹਣੀਆਂ ਨੇ... ਫੇਰ ਮੈਂ ਕਿਮੇਂ ਸੜੀ ਕੀ ਗੁੱਡੀ ਬਣਾ ਦਿਆ ਕਰਾਂ... ਮੈਥੋਂ ਤਾਂ ਸੋਹਣੀਓ ਬਣ ਜਾਂਦੀ ਐ...।” ਕਹਿੰਦੀ ਕਹਿੰਦੀ ਭਗਤੀ ਆਪਣੇ ਆਪ ਸਮੇਤ ਪਿੰਡ ਦੀਆਂ ਸਾਰੀਆਂ ਕੁੜੀਆਂ ਦੇ ਮੁਹਾਂਦਰੇ ਯਾਦ ਕਰਦੀ। ਉਹਨੂੰ ਲਗਦਾ ਕਿ ਗੁੱਡੀ ਕੋਹਜੀ ਕਿਉਂ ਹੋਵੇ?

ਤੇ ਹਰ ਵਾਰੀ ਗੁੱਡੀ ਫੂਕਣ ਤੋਂ ਬਾਦ ਭਗਤੀ ਆਪਣੇ ਲਈ ਹੋਰ ਗੁੱਡੀ ਬਣਾਉਂਦੀ। ਉਹਨੂੰ ਪਹਿਲੀ ਨਾਲੋਂ ਵੱਧ ਖੂਬਸੂਰਤ ਬਣਾਉਣ ਦੀ ਪੂਰੀ ਕੋਸ਼ਿਸ਼ ਕਰਦੀ। ਉਹਨੂੰ ਦੇਖ ਦੇਖ ਫੁੱਲੀ ਨਾ ਸਮਾਉਂਦੀ। ਸਾਰੇ ਗੁਆਂਢ ’ਚ ਦਿਖਾਉਂਦੀ ਫਿਰਦੀ।

ਫੇਰ ਭਗਤੀ ਗੁੱਡੀਆਂ ਬਣਾਉਣ ਵਿੱਚ ਐਨੀ ਮਾਹਰ ਹੋ ਗਈ ਕਿ ਲੋਕੀ ਉਹਦੇ ਕੋਲੋਂ ਉਚੇਚੀਆਂ ਗੁੱਡੀਆਂ ਬਣਵਾਉਂਦੇ। ਕੁੜੀਆਂ ਆਪਣੇ ਦਾਜ ਵਾਸਤੇ ਉਹਦੇ ਕੋਲੋਂ ਉਚੇਚਾ ਗੁੱਡੀ ਤੇ ਗੁੱਡਾ ਬਣਵਾਉਂਦੀਆਂ। ਪਟੋਲ੍ਹੇ ਵੀ ਉਹਨੇ ਬੜੇ ਵਧੀਆ ਬਣਾਏ ਹੁੰਦੇ।

ਜਦੋਂ ਭਗਤੀ ਥੋੜੀ ਵੱਡੀ ਹੋਈ ਤਾਂ ਪਿੰਡ ’ਚ ਸਲਾਈ ਸੈਂਟਰ ਖੁਲ੍ਹ ਗਿਆ। ਸਲਾਈ

ਸੈਂਟਰ ਦੀ ਭੈਣ ਜੀ ਨੇ ਉਹਦੇ ਹੱਥਾਂ ਦੀਆਂ ਬਣਾਈਆਂ ਗੁੱਡੀਆਂ ਵੇਖੀਆਂ ਤਾਂ ਹੈਰਾਨ ਰਹਿ ਗਈ।

ਭੈਣ ਜੀ ਭਗਤੀ ਦੀਆਂ ਬਣਾਈਆਂ ਗੁੱਡੀਆਂ ਹਰ ਆਏ ਹੋਏ ਅਫਸਰ ਨੂੰ ਦਖਾਉਂਦੀ। ਇੱਕ ਦਿਨ ਇਕ ਅਫਸਰ ਨੇ ਭਗਤੀ ਦੇ ਹੱਥਾਂ ਦੀ ਸਫਾਈ ਦੇਖਕੇ ਭੈਣ ਜੀ ਨੂੰ ਕਿਹਾ, ''ਏਸ ਲੜਕੀ ਨੂੰ ਵਧੀਆ ਸਮਾਨ ਜੁਟਾ ਕੇ ਨਵੇਂ ਕੱਪੜਿਆਂ ਦੀ ਚੰਗੀਆਂ ਚੰਗੀਆਂ ਗੁੱਡੀਆਂ ਬਣਾਈਆਂ ਜਾਣ ਜਿਹੜੀਆਂ ਕਿ ਅਸੀਂ ਹੈਂਡੀਕਰਾਫ਼ਟ ਪ੍ਰਦਰਸ਼ਨੀ 'ਚ ਰੱਖਾਂਗੇ ਏਸ ਤਰ੍ਹਾਂ ਇਸ ਲੜਕੀ ਦੀ ਮਾਲੀ ਸਹਾਇਤਾ ਵੀ ਹੋ ਜਾਵੇਗੀ। ਸਗੋਂ ਤੁਸੀਂ ਬਾਕੀ ਕੁੜੀਆਂ ਨੂੰ ਵੀ ਹੱਥ ਨਾਲ ਸਮਾਨ ਬਣਾਉਣ ਲਈ ਪ੍ਰੋਤਸਾਹਿਤ ਕਰੋ... ਹੈਂਡੀਕਰਾਫ਼ਟ ਦੇ ਮਾਲ ਦੀ ਬੜੀ ਡੀਮਾਂਡ ਐ ਅੱਜ ਕੱਲ੍ਹ...''

ਸੋ ਭਗਤੀ ਹੁਣ ਸਾਰਾ ਦਿਨ ਗੁੱਡੀਆਂ ਬਣਾਉਂਦੀ। ਨਵੇਂ ਕੱਪੜੇ ਦੀਆਂ ਗੁੱਡੀਆਂ ਦੀ ਦਿੱਖ ਤਾਂ ਉੱਕਾ ਨਿਰਾਲੀ ਹੁੰਦੀ। ਨਿੱਕੇ ਨਿੱਕੇ ਰੈਡੀਮੇਡ ਗਹਿਣੇ ਉਹਨੂੰ ਭੈਣ ਜੀ ਲਿਆਕੇ ਦਿੰਦੇ। ਭਗਤੀ ਨੂੰ ਇਹਨਾਂ ਗੁੱਡੀਆਂ ਤੋਂ ਚੰਗੀ ਆਮਦਨ ਹੋਣ ਲੱਗ ਪਈ।

ਉਹਦੀ ਦੇਖਾ ਦੇਖੀ ਤੇ ਭੈਣ ਜੀ ਦੇ ਕਹੇ ਤੇ ਹੋਰਨਾਂ ਕੁੜੀਆਂ ਨੇ ਵੀ ਗੁੱਡੀਆਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ ਪਰ ਭਗਤੀ ਦੀਆਂ ਬਣਾਈਆਂ ਗੁੱਡੀਆਂ ਦੀ ਗੱਲ ਈ ਹੋਰ ਸੀ। ਉਹਦੀਆਂ ਬਣਾਈਆਂ ਗੁੱਡੀਆਂ ਤਾਂ ਮੂੰਹੋਂ ਬੋਲਦੀਆਂ ਸਨ। ਫੇਰ ਭੈਣ ਜੀ ਨੇ ਉਹਦੇ ਹੱਥਾਂ ਦੀ ਸਫ਼ਾਈ ਦੇਖਕੇ ਉਹਨੂੰ ਫਰ ਦੇ ਸਾਫ਼ਟ ਟੁਆਇਜ਼ (ਖਿਡਾਉਣੇ) ਬਣਾਉਣ ਦੀ ਜਾਚ ਸਿਖਾ ਦਿੱਤੀ। ਹੁਣ ਭਗਤੀ ਲੀਰਾਂ ਦੀਆਂ ਗੁੱਡੀਆਂ ਬਣਾਉਣ ਦੇ ਨਾਲ ਨਾਲ ਫ਼ਰ ਦੀਆਂ ਗੁੱਡੀਆਂ ਵੀ ਬਣਾਉਣ ਲੱਗ ਪਈ।

ਜਦੋਂ ਉਹ ਫ਼ਰ ਦੀ ਗੁੱਡੀ ਬਣਾ ਕੇ ਇਹਦੇ ਵਿੱਚ ਫਾਈਬਰ ਭਰਦੀ ਜਾਂ ਅੰਗਰੇਜੀ ਰੂੰਈ ਭਰਦੀ ਤਾਂ ਉਹਨੂੰ ਲਗਦਾ ਜਿਵੇਂ ਉਹ ਗੁੱਡੀ ਵਿਚ ਜਾਨ ਪਾ ਰਹੀ ਹੈ। ਕਈ ਤਰ੍ਹਾਂ ਦੇ ਡੀਜ਼ਾਈਨਾਂ ਦੀਆਂ ਗੁੱਡੀਆਂ ਦੀ ਡਰਾਫ਼ਟਿੰਗ ਭੈਣ ਜੀ ਨੇ ਉਸਨੂੰ ਲਿਆ ਕੇ ਦਿੱਤੀ।

ਇੱਕ ਗੱਲ ਸੀ... ਭਗਤੀ ਕੋਲੋਂ ਹੋਰ ਕੋਈ ਵੀ ਸਾਫ਼ਟ ਟੁਆਏ ਜਾਂ ਫਰ ਦਾ ਖਿਡਾਉਣਾ ਐਨਾ ਵਧੀਆ ਤੇ ਸਾਫ਼ ਸੁਥਰਾ ਨਾ ਬਣਦਾ ਜਿੰਨੀਆਂ ਵਧੀਆ ਉਹਦੇ ਕੋਲੋਂ ਗੁੱਡੀਆਂ ਬਣਦੀਆਂ।

ਹੁਣ ਉਹਦੀਆਂ ਬਣਾਈਆਂ ਡੌਲਾਂ ਭੈਣ ਜੀ ਸ਼ਹਿਰ ਦੀ ਇੱਕ ਵੱਡੀ ਦੁਕਾਨ ਵਿੱਚ ਭੇਜ ਦਿੰਦੇ ਤੇ ਭਗਤੀ ਨੂੰ ਪਹਿਲਾਂ ਨਾਲੋਂ ਵੀ ਵੱਧ ਆਮਦਨ ਹੋਣ ਲੱਗ ਪਈ।

ਭੈਣ ਜੀ ਬੜੇ ਨਿੱਘੇ ਸੁਭਾਅ ਦੇ ਮਾਲਕ ਸਨ। ਈਮਾਨਦਾਰ ਵੀ ਰੱਜਕੇ। ਭਗਤੀ ਦੀਆਂ ਡੌਲਾਂ ਦੀ ਪੂਰੀ ਕੀਮਤ ਦਵਾਉਂਦੇ। ਭਗਤੀ ਦੇ ਬਾਪੂ ਦੇ ਇਹ ਗੱਲ ਚਿਤ ਚੇਤੇ ਵੀ ਨਹੀਂ ਸੀ ਕਿ ਕਦੇ ਉਹਦੀ ਧੀ ਦੇ ਹੱਥਾਂ ਦੀਆਂ ਬਣਾਈਆਂ ਗੁੱਡੀਆਂ ਐਨੀਆਂ ਮਸ਼ਹੂਰ ਹੋ ਜਾਣਗੀਆਂ ਤੇ ਉਹਦੀ ਧੀ ਉਹਦੇ ਨਾਲੋਂ ਵੀ ਵੱਧ ਕਮਾਈ ਕਰਕੇ ਲਿਆਇਆ ਕਰੇਗੀ।

ਉਹਦਾ ਬਾਪੂ ਹਮੇਸ਼ਾ ਸੋਚਦਾ ਕਿ ਭਗਤੀ ਦਾ ਜਿਸ ਘਰ ਵਿੱਚ ਰਿਸ਼ਤਾ ਹੋਵੇ ਉਹ ਇਹਦੇ ਹੁਨਰ ਦੀ ਕਦਰ ਪਾਉਣ। ਫੁੱਲ ਵਾਂਗ ਖਿੜੀ ਪਤਲੀ ਪਤੰਗ ਤੇ ਸੋਹਣੀ ਸੁਨੱਖੀ ਭਗਤੀ ਜਦੋਂ ਗੁੱਡੀ ਬਣਾਉਂਦੀ ਤਾਂ ਭੈਣ ਜੀ ਅਤੇ ਹੋਰ ਸਾਰੇ ਜਣੇ ਕਹਿੰਦੇ ਬਈ ਆਪਣੇ ਵਰਗੀਓ ਬਣਾ ਦਿੰਦੀ ਐ ਗੁੱਡੀ ਤਾਂ।

ਜਦੋਂ ਭਗਤੀ ਭੈਣ ਜੀ ਵੱਲੋਂ ਦਿੱਤੇ ਪੈਸੇ ਆਪਣੇ ਬਾਪੂ ਨੂੰ ਫੜਾਉਂਦੀ ਤਾਂ ਉਹਦਾ ਬਾਪੂ



ਸੋਚਦਾ ਕਿ ਮੁੰਡਿਆਂ ਸਹੁਰਿਆਂ ਨੇ ਤਾਂ ਕਦੇ ਦੁਆਨੀ ਨੀ ਰੱਖੀ ਹੱਥ ਤੇ... ਉਹਨਾਂ ਨਾਲੋਂ ਤਾਂ ਆਹ ਧੀ ਈ ਚੰਗੀ ਐ ਜਿਹੜੀ ਕਮਾਕੇ ਪਾਈ ਪਾਈ ਮੇਰੇ ਹੱਥ ਤੇ ਧਰ ਦਿੰਦੀ ਐ... ਪਰ ਹੈ ਤਾਂ ਆਖਰ ਨੂੰ ਪਰਾਇਆ ਧਨ।

''ਪੁੱਤ ਤੂੰ ਗੁੱਡੀਆਂ ਨੂੰ ਈ ਗਹਿਣੇ ਪਾਉਂਦੀ ਰਹਿੰਨੀ ਐ ਕਦੇ ਆਪਣੀ ਬੇਬੇ ਨਾਲ ਜਾਂ ਭੈਣ ਜੀ ਨਾਲ ਜਾ ਕੇ ਆਪਦੇ ਬਾਸਤੇ ਬੀ ਕੋਈ ਛਾਪ ਛੱਲਾ ਬਣਵਾ ਲਿਆ...।'' ਇੱਕ ਦਿਨ ਬਾਪੂ ਨੇ ਲਾਡ ਨਾਲ ਭਗਤੀ ਨੂੰ ਕਿਹਾ।

''ਲੈ ਬਾਪੂ ਕੁੜੀਆਂ ਨੀ ਬਹੁਤੇ ਹਾਰ ਸ਼ਿੰਗਾਰ ਕਰਦੀਆਂ ਹੁੰਦੀਆਂ... ਲੋਕ ਗੱਲਾਂ ਕਰਨਗੇ... ਮੈਂ ਤਾਂ ਬਿਨਾ ਗਹਿਣਿਆਂ ਤੋਂ ਈ ਠੀਕ ਆਂ...।'' ਸ਼ਰਮ ਨਾਲ ਲਾਲ ਸੂਹੀ ਹੋਈ ਭਗਤੀ ਆਖਦੀ। ਸ਼ਰਮ ਨਾਲ ਲਾਲ ਸੂਹੀ ਹੋਈ ਆਪਣੀ ਧੀ ਬਾਪੂ ਨੂੰ ਸੱਚ ਮੁੱਚ ਗਹਿਣਿਆਂ ਤੋਂ ਬਗੈਰ ਵੀ ਸੋਹਣੀ ਲਗਦੀ। ਪਿਆਰੀ ਲਗਦੀ ਨਿਰੀ ਲੱਛਮੀ।

ਐਤਕੀ ਰਾਜ ਸਤਰ ਦੀ ਹੱਥ ਕਲਾ ਪ੍ਰਦਰਸ਼ਨੀ ਵਿੱਚ ਭਗਤੀ ਦੀਆਂ ਬਣਾਈਆਂ ਲੀਰਾਂ ਦੀਆਂ ਤੇ ਫਰ ਦੀਆਂ ਗੁੱਡੀਆਂ ਅਤੇ ਹੋਰ ਖਿਡਾਉਣੇ ਹੱਥੋ ਹੱਥ ਵਿੱਕ ਗਏ। ਐਤਕੀਂ ਉਹਨੂੰ ਮੁੱਖ ਮੰਤਰੀ ਨੇ ਇਨਾਮ ਵੀ ਦਿੱਤਾ ਪੂਰੇ ਪੰਜ ਹਜਾਰ ਰੁਪਈਏ... ਇੱਕ ਸ਼ਾਲ... ਪ੍ਰਸ਼ੰਸ਼ਾ ਪੱਤਰ ਤੇ ਸਰਟੀਫਿਕੇਟ।

ਇਹ ਗੱਲ ਨਿਰੀ ਭਗਤੀ ਲਈ ਜਾਂ ਉਹਦੇ ਟੱਬਰ ਲਈ ਹੀ ਮਾਣ ਵਾਲੀ ਨਹੀਂ ਸੀ ਸਗੋਂ ਏਸ ਸੁਹਣਰੇ ਹੱਥਾਂ ਵਾਲੀ ਕੁੜੀ ਨੇ ਪਿੰਡ ਦਾ ਨਾਂ ਵੀ ਰੌਸ਼ਨ ਕੀਤਾ ਸੀ। ਪਿੰਡ ਦਾ ਨਾਂ ਏਸ ਕੁੜੀ ਸਦਕਾ ਅਖਬਾਰਾਂ ਦੀਆਂ ਸੁਰਖੀਆਂ ਵਿੱਚ ਆਇਆ ਸੀ।

''ਭਗਤੀ ਦੇ ਬਾਪੂ ... ਹੁਣ ਕੁੜੀ ਦੇ ਪੈਸੇ ਨਿਆਰੇ ਧਰਿਆ ਕਰੋ... ਬਲਕਣ ਮੈਂ ਤਾਂ ਕਹਿਨੀ ਆ ਇਹਦਾ ਡਾਕਖਾਨੇ 'ਚ ਨੰਬਰ ਖੁਲਾ ਦੋ... ਤੇ ਉਹਦੀ ਕਮਾਈ ਉਹਦੀ ਕਾਪੀ 'ਚ ਈ ਜਮ੍ਹਾ ਕਰਬਾ ਦਿਆ ਕਰੋ... ਆਪਾਂ ਉਈਂ ਕੰਨਿਆਂ ਦੇਵੀ ਦੀ ਕਮਾਈ ਖਾ ਖਾ ਕੇ ਨਰਕਾਂ ਦੇ ਭਾਗੀ ਬਣੀ ਜਾਨੇ ਆ... ਇਕ ਦਿਨ ਭਗਤੀ ਦੀ ਮਾਂ ਨੇ ਕਿਹਾ।

ਇਸ ਤਰ੍ਹਾਂ ਭਗਤੀ ਦੀ ਕਾਪੀ 'ਚ ਪੰਦਰਾਂ ਹਜਾਰ ਰੁਪਈਏ ਜਮ੍ਹਾਂ ਹੋ ਗਏ। ਪੈਸੇ ਤਾਂ ਪਿੰਡ ਦੇ ਕਹਿੰਦੇ ਕਹਾਉਂਦੇ ਜ਼ਿਮੀਦਾਰਾਂ ਦੇ ਖਾਤਿਆਂ ਵਿੱਚ ਵੀ ਜਮ੍ਹਾਂ ਨੀ ਹੋਣੇ।

ਸਾਰਾ ਪਿੰਡ ਭਗਤੀ ਦੀਆਂ, ਉਹਦੇ ਹੁਨਰ ਦੀਆਂ, ਠਹਿਰੇ ਹੋਏ ਸੁਭਾਅ ਦੀਆਂ ਤੇ ਖੂਬਸੂਰਤੀ ਦੀਆਂ ਗੱਲਾਂ ਕਰਦਾ। ਇਹ ਤਾਰੀਫ਼ਾਂ ਬਲਾਸਪੁਰੀਏ ਨੰਬਰਦਾਰ ਤੱਕ ਵੀ ਪਹੁੰਚ ਗਈਆਂ।

ਤੇ ਜਦੋਂ ਬਲਾਸਪੁਰੀਆਂ ਨੇ ਆਪਣੇ ਦਸ ਜਮਾਤਾਂ ਪਾਸ ਮੁੰਡੇ ਵਾਸਤੇ ਭਗਤੀ ਦਾ ਸਾਕ ਮੰਗਿਆ ਤਾਂ ਭਗਤੀ ਦੇ ਮਾਂ ਬਾਪ ਦਾ ਪੈਰ ਧਰਤੀ ਤੇ ਨਾ ਟਿਕੇ। ਪੂਰੇ ਵੀਹ ਕਿੱਲਿਆਂ ਦੇ ਮਾਲਕ ਬਲਾਸਪੁਰੀਏ ਨੰਬਰਦਾਰ ਨੇ ਆਪ ਭਗਤੀ ਦਾ ਸਾਕ ਮੰਗਿਆ ਸੀ।

ਭਗਤੀ ਦੀ ਮਾਂ ਨੇ ਉਸ ਦਿਨ ਪਹਿਲੀ ਵਾਰ ਭਗਤੀ ਦੇ ਹੱਥਾਂ ਦੀਆਂ ਲਕੀਰਾਂ ਨੂੰ ਗਹੁ ਨਾਲ ਫਰੋਲ ਫਰੋਲ ਕੇ ਦੇਖਿਆ ਸੀ। ਭਗਤੀ ਦੀਆਂ ਸਹੇਲੀਆਂ ਉਹਦੀ ਕਿਸਮਤ ਉੱਤੇ ਰਸ਼ਕ ਕਰਦੀਆਂ ਸਨ।

''ਕੁੜੀ ਦੇ ਹੁਨਰ ਨਾ ਮੁੱਲ ਪਾਇਐ ਬਈ ਕਰਮਾਂ ਨੇ... ਕੁੜੀ ਸੀਗੀ ਵੀ ਕਿਸੇ ਚੰਗੇ ਘਰਾਣੇ ਦੇ ਲੈਕ... ਸੁਘੜਤਾ ਦਾ ਮੁੱਲ ਪੈਣਾ ਬੀ ਚਾਹੀਦੈ... ਪਿੰਡ ਦਾ ਨਾਓਂ ਚਮਕਾਇਐ ਅਗਲੀ ਨੇ...।'' ਲੋਕ ਆਖਦੇ।

ਭਗਤੀ ਦਾ ਮੰਗਣਾ ਹੋਇਆ... ਉਹਦੀ ਮਾਂ ਧਰਤੀ ਨਮਕਾਰਦੀ ਨਾਂ ਥੱਕੇ।

ਫੇਰ ਕੋਈ ਉਹਦਾ ਵਿਆਹ ਹੋਇਆ? ਪਾਈਆ ਪੱਕਾ ਸੋਨਾ ਪਾਇਆ ਉਹਦੇ ਸੁਹਰੇ ਨੇ। ਕਿੱਲੋਆਂ ਦੇ ਸਾਬ੍ਹ ਨਾਲ ਚਾਂਦੀ ਢੋਈ। ਉਚੇਚੇ ਨਾਪੇ ਦੇ ਦੇ ਕੇ ਵਰੀ ਦੇ ਸੂਟ ਬਣਵਾਏ।

ਉਹਦਾ ਘਰ ਵਾਲਾ ਹਰਨੇਕ ਜਿਹੜੀ ਕਾਰ ਵਿੱਚ ਬੈਠਕੇ ਉਹਨੂੰ ਵਿਆਹੁਣ ਆਇਆ, ਕਹਿੰਦੇ ਉਹ ਲੁਧਿਆਣਿਓਂ ਵੀਹ ਹਜਾਰ ਕਿਰਾਏ ਉਤੇ ਲਿਆਂਦੀ ਗਈ ਸੀ। ਊਂ ਦੇਖਣ ਨੂੰ ਤਾਂ ਆਮ ਕਾਰਾਂ ਵਰਗੀ ਸੀ ਪਰ ਸੁਣਦੇ ਆ ਵਿਦੇਸ਼ੀ ਕਾਰ ਸੀ... ਵੱਡੇ ਵੱਡੇ ਘਰਾਂ ਦੀਆਂ ਬਰਾਤਾਂ 'ਚ ਈ ਜਾਂਦੀ ਸੀ।

ਭਗਤੀ ਦੇ ਬਾਪ ਨੇ ਜੋ ਸਰਿਆ ਬਣਿਆ, ਉਹ ਤਾਂ ਦਿੱਤਾ ਹੀ-ਭਗਤੀ ਦੇ ਡਾਕਖਾਨੇ ਵਾਲੀ ਕਾਪੀ ਸਗਵੀਂ ਦੀ ਸਗਵੀਂ ਹਰਨੇਕ ਦੀ ਝੋਲੀ 'ਚ ਪਾ ਦਿੱਤੀ।

ਸਹੁਰੇ ਘਰ ਵੀ ਭਗਤੀ ਦੇ ਹੁਨਰ ਦੀ ਪੂਰੀ ਕਦਰ ਪਈ। ਉਹਦੀਆਂ ਗੁੱਡੀਆਂ ਦੀ ਬਹੁਤ ਪ੍ਰਸ਼ੰਸਾ ਹੁੰਦੀ। ਉਹਦੇ ਸਹੁਰੇ ਪ੍ਰੀਵਾਰ ਨੇ ਉਹਦਾ ਪੂਰਾ ਸਾਥ ਦਿੱਤਾ ਤੇ ਉਹ ਪਹਿਲਾਂ ਵਾਂਗ ਦੀ ਗੁੱਡੀਆਂ ਬਣਾ ਬਣਾ ਕੇ ਆਪਣੇ ਪੇਕੇ ਪਿੰਡ ਦੇ ਸਲਾਈ ਸੈਂਟਰ ਦੇ ਭੈਣ ਜੀ ਰਾਹੀਂ ਸ਼ਹਿਰ ਭੇਜਦੀ ਰਹਿੰਦੀ।

ਉਹਦੇ ਵਾਸਤੇ ਹਵੇਲੀ ਦਾ ਇੱਕ ਵੱਡਾ ਹਾਲ ਕਮਰਾ ਖਾਲੀ ਕਰ ਦਿੱਤਾ ਗਿਆ ਜਿੱਥੇ ਉਹਦੇ ਲਈ ਕੱਠੀ ਫਰ ਰੂੰਈਂ ਕੱਪੜੇ ਤੇ ਫਲੈਟ ਲਿਆਕੇ ਰੱਖ ਦਿੱਤੀ ਗਈ। ਉਰੇ ਵੀ ਉਹਦਾ ਕੰਮ ਚੰਗਾ ਰਿੜ੍ਹ ਪਿਆ ਸੀ।

ਦੋ ਸਾਲ ਦਾ ਸਮਾਂ ਤੀਆਂ ਵਾਂਗ ਲੰਘ ਗਿਆ। ਭਗਤੀ ਦੀ ਖੂਬਸੂਰਤੀ, ਨਿੱਘਾ ਸੁਭਾ ਅਤੇ ਹੱਥਾਂ ਦਾ ਹੁਨਰ ਸੁਹਰੇ ਘਰ ਵੀ ਉਸਨੂੰ ਪੇਕਿਆਂ ਵਰਗਾ ਮਾਣ ਸਤਕਾਰ ਦਵਾਉਣ ਵਿੱਚ ਸਹਾਈ ਹੋਇਆ।

ਕਈ ਵਾਰੀ ਉਹ ਸੋਚਦੀ ਕਿ ਲੋਕ ਭਲਾਂ ਦੀ ਕਿਉਂ ਭਕਾਈ ਮਾਰੀ ਜਾਂਦੇ ਨੇ ਕਿ ਸੱਸ ਸਹੁਰੇ ਨੂੰਹਾਂ ਨਾਲ ਚੰਗਾ ਵਰਤਾਓ ਨਹੀਂ ਕਰਦੇ ਉਹਨੂੰ ਤਾਂ ਸਹੁਰੇ ਘਰ 'ਚ ਕੋਈ ਵੀ ਪ੍ਰੇਸ਼ਾਨੀ ਨਹੀਂ। ਉਹਨੂੰ ਤਾਂ ਪੇਕਿਆਂ ਸਹੁਰਿਆਂ 'ਚ ਜਿਵੇਂ ਫਰਕ ਹੀ ਮਹਿਸੂਸ ਨਹੀ ਸੀ ਹੋਇਆ ਕਦੇ। ਉਹਦੀ ਸੱਸ ਬਗ੍ਰਮੀ ਉਹਨੂੰ ਧੀਆਂ ਵਾਂਗ ਪਿਆਰ ਕਰਦੀ।

ਤੇ ਫੇਰ ਦੋ ਕੁ ਸਾਲਾਂ ਬਾਦ ਉਹਦੇ ਘਰ ਜੌੜੀਆਂ ਕੁੜੀਆਂ ਹੋਈਆਂ। ਇੱਕ ਧੀ ਜੰਮ ਪਵੇ ਤਾਂ ਬਾਪ ਰੰਗਲੀ ਪੱਗ ਬੰਨ੍ਹਣੀ ਛੱਡ ਦਿੰਦਾ ਹੈ ਤੇ ਜੇ ਕੱਠੀਆਂ ਦੋ ਕੁੜੀਆਂ ਹੋ ਜਾਣ ਫੇਰ ਭਲਾ ਕੀ ਹਾਲ ਹੁੰਦਾ ਹੋਣਾ? ਸਾਰੇ ਟੱਬਰ ਦੀ ਖੁਸ਼ੀ ਅੱਧੀ ਅਧੂਰੀ ਰਹਿ ਗਈ। ਭਗਤੀ ਦੇਖ ਰਹੀ ਸੀ ਕਿ ਘਰ ਦੇ ਸਾਰੇ ਜੀਆਂ ਦੇ ਮੂੰਹਾਂ ਉਤੇ ਜਿਵੇਂ ਹਲਦੀ ਦਾ ਪੋਚਾ ਫਿਰ ਗਿਆ ਹੋਵੇ ਪਰ ਉੱਤੋਂ ਉੱਤੋਂ ਸਾਰੇ ਕਹਿੰਦੇ ਰਹਿੰਦੇ ਕਿ ਚਲੋ ਉਹ ਜਾਣੇ ਲੱਛਮੀਆਂ ਆ ਗੀਆਂ... ਸਾਡੇ ਕਿਹੜਾ ਰਿਜਕ ਦਾ ਘਾਟੈ? ... ਬਥੇਰਾ ਏਹਨਾਂ ਦੇ ਦਾਦੇ ਨੇ ਮੁਰੱਬੇ ਬਣਾ ਰੱਖੇ ਨੇ... ਨਾਲੇ ਜੀਅ ਨੇ ਆਪਣਾ ਭਾਗ ਖਾਣਾ ਹੁੰਦੈ... ਕੁੜੀਆਂ ਕਿਹੜਾ ਰਾਤਾਂ ਨੂੰ ਉਠ ਉਠ ਕੇ ਖਾਂਦੀਆਂ ਨੇ... ਨਾਲੇ ਮੁੰਡੇ ਕਿਹੜਾ ਧੰਨ ਦੀਆਂ ਥੈਲੀਆਂ ਲੈ ਕੇ ਜੰਮਦੇ ਨੇ... ਅੱਜ ਕੱਲ੍ਹ ਨੀ ਫਰਕ ਰਿਹਾ ਮੁੰਡਿਆਂ ਕੁੜੀਆਂ 'ਚ...

ਪਰ ਭਗਤੀ ਨੂੰ ਜਾਪਦਾ ਇਹ ਧਰਵਾਸ ਜਿਵੇਂ ਹਰ ਕੋਈ ਦੂਜੇ ਨੂੰ ਦੇਣ ਦੀ ਬਜਾਏ ਆਪਣੇ ਆਪ ਨੂੰ ਹੀ ਦੇ ਰਿਹਾ ਹੋਵੇ। ਹੁਣ ਦੋ ਕੁੜੀਆਂ ਨੂੰ ਸਾਂਭਦੀ ਭਗਤੀ ਸਾਰਾ ਦਿਨ ਰੁੱਝੀ ਰਹਿੰਦੀ। ਹੁਣ ਉਹਦੇ ਕੋਲ ਗੁੱਡੀਆਂ ਬਣਾਉਣ ਦੀ ਵਿਹਲ ਈ ਨਹੀਂ ਸੀ ਪਰ ਭਗਤੀ ਸੁਘੜ



ਔਰਤ ਸੀ ਜਦੋਂ ਕੁੜੀਆਂ ਥੋੜੀਆਂ ਬੜੀਆਂ ਹੋਈਆਂ ਉਸਨੇ ਫੇਰ ਆਪਣਾ ਕੰਮ ਪਹਿਲਾਂ ਵਾਂਗ ਈ ਸ਼ੁਰੂ ਕਰ ਦਿੱਤਾ।

ਨਿੱਕੀਆਂ ਨਿੱਕੀਆਂ ਕੁੜੀਆਂ ਦੀਆਂ ਚਾਂਭੜਾਂ ਨੇ ਘਰ ਦੇ ਸਾਰੇ ਜੀਆਂ ਦਾ ਜਿਵੇਂ ਜੀ ਪਰਚਾ ਦਿੱਤਾ। ਵਿਹੜੇ 'ਚ ਰੌਣਕ ਲੱਗੀ ਰਹਿੰਦੀ। ਬੱਚੀਆਂ ਦੀਆਂ ਨਿਕੀਆਂ ਨਿੱਕੀਆਂ ਤੇ ਪਿਆਰੀਆਂ ਪਿਆਰੀਆਂ ਹਰਕਤਾਂ ਨੇ ਜਿਵੇਂ ਘਰ ਦੇ ਜੀਆਂ ਦਾ ਮਨ ਜਿੱਤ ਲਿਆ ਤੇ ਘਰ ਵਾਲਿਆਂ ਨੂੰ ਜੌੜੀਆਂ ਕੁੜੀਆਂ ਵਾਲੀ ਗੱਲ ਥੋੜੀ ਵਿੱਸਰ ਜਿਹੀ ਗਈ।

ਤੇ ਭਗਤੀ ਜਦੋਂ ਦੂਜੀ ਵਾਰੀ ਮਾਂ ਬਣਨ ਵਾਲੀ ਹੋਈ ਤਾਂ ਉਹਦੀ ਸੱਸ ਨੇ ਡੇਰੇ ਆਏ ਮਹੰਤਾਂ ਕੋਲੋਂ ਸੂ ਬਦਲਣ ਦੀ ਦਵਾਈ ਲਿਆਕੇ ਉਹਨੂੰ ਖਵਾਈ। ਇਹ ਦਵਾਈ ਦੀਆਂ ਤਿੰਨ ਗੋਲੀਆਂ ਸਨ ਜਿਹੜੀਆਂ ਕਿ ਤਿੰਨ ਦਿਨਾਂ ਵਿੱਚ ਖਾਣੀਆਂ ਸਨ। ਵੱਛੇ ਵਾਲੀ ਗਾਂ ਦੇ ਦੁੱਧ ਨਾਲ ਸਵੇਰੇ ਨਿਰਨੇ ਕਾਲਜੇ ਇਕ ਗੋਲੀ ਖਾਣੀ ਸੀ ਰੋਜ ਦੀ ਤੇ ਫੇਰ ਸੂਰਜ ਨੂੰ ਜਲ ਚੜ੍ਹਾ ਕੇ ਆਪਣੇ ਬੜੇ ਬਡੇਰੇ ਧਿਆਕੇ ਆਦਮੀ ਦਾ ਮੂੰਹ ਦੇਖਣਾ ਸੀ।

ਭਗਤੀ ਦਾ ਸਹੁਰਾ ਕੋਲ ਖੜ੍ਹਾ ਹੋ ਕੇ ਡੇਅਰੀ ਵਾਲੇ ਮਹਿਮੇ ਦੇ ਘਰੋਂ ਗਊ ਦਾ ਦੁੱਧ ਚੁਆਕੇ ਲਿਆਉਂਦਾ ਰਿਹਾ ਤੇ ਭਗਤੀ ਨੇ ਸੱਸ ਦੇ ਦੱਸੇ ਮੁਤਾਬਕ ਵਿਧੀ ਪੂਰਵਕ ਇਹ ਮੁੰਡਾ ਹੋਣ ਦੀ ਦਵਾਈ ਖਾਧੀ।

ਜਦੋਂ ਉਹ ਦੋਵੇਂ ਸੱਸ ਨੂੰਹ ਚੌਥੇ ਦਿਨ ਮਹੰਤ ਜੀ ਕੋਲੋਂ ਆਸ਼ੀਰਵਾਦ ਲੈਣ ਲਈ ਗਈਆਂ ਤਾਂ ਮਹੰਤਾਂ ਨੇ ਅੱਧ ਮੀਟੀਆਂ ਅੱਖਾਂ ਪੂਰੀ ਤਰ੍ਹਾਂ ਮੀਚਦਿਆਂ ਕਿਹਾ, "ਬੀਬੀ ਸ਼ਿਵਾ ਭਲੀ ਕਰੇਂਗੇ... ਭੋਲੇ ਨਾਥ ਜ਼ਰੂਰ ਪੁੱਤਰ ਬਕਸੇਂਗੇ... ਦੁਆਈ ਭਰੋਸੇ ਨਾਲ ਖਾਣੀ ਐ... ਨਾਲੇ ਬੀਬੀ ਬੱਚਾ ਹੋਣੇ ਤੇ ਪਹਿਲਾਂ ਐਲਟਰਾਸੌਂਡ ਕਰਾਕੇ ਮੁੰਡੇ ਕੁੜੀ ਦਾ ਟੈਸਟ ਨੀ ਕਰਾਉਣਾ... ਭਾਈ ਪ੍ਰਮਾਤਮਾ ਪਰ ਭਰੋਸਾ ਰੱਖਣਾ...।"

ਸੌ ਸੌ ਬਾਰ ਸਿਰ ਝੁਕਾਉਂਦੀ ਤੇ ਸੱਤ ਬਚਨ ਕਹਿੰਦੀ ਭਗਤੀ ਦੀ ਸੱਸ ਸੰਤਾਂ ਦੀ ਧੰਨ ਧੰਨ ਕਰਦੀ ਘਰ ਆ ਗਈ ਸੀ। ਸਾਰੇ ਟੱਬਰ ਨੇ ਮੰਨਤਾਂ ਮੰਨੀਆਂ... ਅਰਦਾਸਾਂ ਕੀਤੀਆਂ... ਦੁਆਵਾਂ ਕੀਤੀਆਂ ਕਿ ਹੇ ਪ੍ਰਮਾਤਮਾ ਜਾਇਦਾਦ ਦਾ ਵਾਰਿਸ ਜ਼ਰੂਰ ਭੇਜ...।

ਪਰ ਐਤਕੀਂ ਫੇਰ ਡੇਰੇ ਵਾਲੇ ਸੰਤਾਂ ਦੀ ਦਵਾਈ ਫੇਲ ਹੋ ਗਈ। ਭਗਤੀ ਕੋਲ ਫੇਰ ਜੌੜੀਆਂ ਕੁੜੀਆਂ ਹੋਈਆਂ। ਸਾਰੇ ਟੱਬਰ ਦੇ ਗੋਡੇ ਢੇਰੀ ਹੋ ਗਏ। ਚਾਰ ਚਾਰ ਕੁੜੀਆਂ ....। ਇਹ ਤਾਂ ਅਨਰਥ ਈ ਹੋ ਗਿਆ ਸੀ।

ਭਗਤੀ ਦੀ ਸੱਸ ਡੇਰੇ ਵਾਲੇ ਮਹੰਤਾਂ ਉਤੇ ਕਚੀਚੀਆਂ ਵੱਟਦੀ ਤੇ ਦਿਨ ਵਿੱਚ ਵੀਹ ਵਾਰੀ ਬੁੜਬੁੜਾਉਂਦੀ,

"ਗੱਡ ਹੋਣੇ ਦੀ ਬੇੜੀ ਬੈਠ 'ਗੀ... ਰੁੜ ਜਾਣੇ ਨੇ ਪਤਾ ਨੀ ਕੀ ਬੇਦਿਲੀ ਨਾਲ ਦੁਆਈ ਦਿੱਤੀ... ਭੱਠੀ 'ਚ ਦੇਣਾ ਕਹਿੰਦਾ ਅਖੇ ਟੈਸਟ ਨੀ ਕਰੌਣਾ... ਦੇ 'ਤੀਆਂ' ਫੀਮ ਜੀ ਦੀਆਂ ਗੋਲੀਆਂ ਬੱਟ ਕੇ... ਥੇਹ ਹੋਣੇ ਨੇ ਲਭੇਟ ਕੇ ਕਾਗਤ 'ਚ ਬਿਨਾ ਅੱਖਾਂ ਖੋਹਣਿਆਂ ਈ ਮੇਰੀ ਥੇਲੀ ਤੇ ਧਰ ਤੀਆਂ... ਬਈ ਜੇ ਤੈਂ ਸਾਨੂੰ ਨਾ ਤਸੱਲੀ ਦਿੱਤੀ ਹੁੰਦੀ ਤਾਂ ਅਸੀਂ ਟੈਸਟ ਕਰਾਕੇ ਕੁੜੀਆਂ ਦਾ ਪਤਾ ਚੱਲਣ ਤੇ...।"

ਭਗਤੀ ਦਾ ਜੀਅ ਕਰਦਾ ਕਿ ਆਪਣੀ ਸੱਸ ਨੂੰ ਕਹੇ ਬਈ ਬੇਬੇ ਮਹੰਤ ਕਿਹੜਾ ਆਪਾਂ ਨੂੰ ਘਰੋਂ ਸੱਦਣ ਆਏ ਸੀਗੇ... ਆਪਾਂ ਆਪੇ ਤੁਰਕੇ ਉਹਨਾਂ ਲਵੇ ਗਈਆਂ ਤੀਆਂ... ਨਾਲੇ ਫੇਰ ਕਰਮਾਂ ਅੱਗੇ ਕਿਸੇ ਦੀ ਕੀ ਬਾਹ ਐ... ਪਰ ਉਹ ਚੁੱਪ ਈ ਰਹਿੰਦੀ। ਸੋਚਦੀ, ਬੁੜ੍ਹੀ ਨੇ ਅੱਗੋਂ

ਇੱਕ ਦੀਆਂ ਚਾਰ ਸੁਣਾਉਣੀਆਂ ਨੇ।

ਘਰ ਵਿੱਚ ਹੁਣ ਬੇਵਜ੍ਹਾ ਕਲੇਸ਼ ਪਿਆ ਰਹਿੰਦਾ। ਨੇਕ ਸਾਰੀ ਬਮਾਰੀ ਦੀ ਜੜ ਆਪਣੀ ਮਾਂ ਨੂੰ ਮੰਨਦਾ ਜਿਹੜੀ ਮਹੰਤ ਦੀਆਂ ਗੱਲਾਂ ਦੇ ਬਹਿਕਾਵੇ 'ਚ ਆ ਗਈ ਸੀ ਤੇ ਨੰਬਰਦਾਰ ਅੰਦਰੇ ਅੰਦਰ ਪਤਾ ਨੀ ਕੀ ਉਧੇੜ ਬੁਣ 'ਚ ਪਿਆ ਰਹਿੰਦਾ।

ਜਿਵੇਂ ਪੰਜਾਬ ਦੇ ਪਿੰਡਾਂ 'ਚ ਆਮ ਕਹਾਵਤ ਹੈ ਕਿ ਧੀਆਂ ਦੀ ਮਾਂ ਲੋਕੋ ਹੋ ਕੇ ਨਿਮਾਣੀ ਰਹਿੰਦੀ। ਭਗਤੀ ਵੀ ਨਿਮਾਣੀ ਹੋ ਕੇ ਰਹਿ ਗਈ। ਚਾਰ ਜੌੜੀਆਂ ਮਕੌੜੀਆਂ ਜਿਹੀਆਂ ਕੁੜੀਆਂ ਨੇ ਉਹਦੀ ਮੱਤ ਮਾਰ ਦਿੱਤੀ। ਕਰਮਾਂ ਨਾਲ ਤਾਂ ਖੈਰ ਉਹ ਸਿੱਝ ਲੈਂਦੀ ਪਰ ਘਰ ਵਾਲਿਆਂ ਦੇ ਬਦਲੇ ਰਵੱਈਏ ਨੇ ਉਹਦੀ ਕਮਰ ਤੋੜ ਦਿੱਤੀ।

ਹਰਨੇਕ ਖਿਝਿਆ ਖਿਝਿਆ ਰਹਿੰਦਾ। ਬਿਨਾਂ ਕਾਰਣ ਭਾਂਡੇ ਭੰਨਦਾ ਰਹਿੰਦਾ। ਬਿਨਾਂ ਕਸੂਰੋਂ ਈ ਕੁੜੀਆਂ ਨੂੰ ਫਿਟਕਾਰਦਾ ਰਹਿੰਦਾ। ਭਗਤੀ ਦਾ ਜੀਅ ਕਰਦਾ ਕਿ ਉਹ ਨੇਕ ਨੂੰ ਪੁੱਛੇ ਬਈ ਇਹਨਾਂ ਨਿਆਣਿਆਂ ਦਾ ਕੀ ਦੋਸ਼ ਐ ਪਰ ਹਰਨੇਕ ਨੂੰ ਗੁੱਸੇ 'ਚ ਲਾਲ ਪੀਲਾ ਹੋਇਆ ਦੇਖਕੇ ਉਹ ਚੁੱਪ ਰਹਿਣ 'ਚ ਈ ਬੇਹਤਰੀ ਸਮਝਦੀ ।

ਐਤਕੀਂ ਉਹਦੀ ਛਿਲੇ ਵਿੱਚ ਵੀ ਕਿਸੇ ਨੇ ਬਹੁਤੀ ਸੇਵਾ ਨਾ ਕੀਤੀ। ਚੰਗੀ ਖੁਰਾਕ ਦੀ ਘਾਟ ਸਕਦਾ ਭਗਤੀ ਕਮਜ਼ੋਰ ਵੀ ਬਹੁਤ ਹੋ ਗਈ ਸੀ। ਕੁੱਲ ਚਾਰ ਕੁੜੀਆਂ ਦੀ ਧਗਖੇੜ ਤੇ ਕੁੱਝ ਕਲੇਸ-ਉਹ ਤਾਂ ਬੁੱਜ ਈ ਹੋ ਗਈ।

ਉਹਦੀ ਸੱਸ ਵੀ ਗੱਲੇ ਗੱਲੇ ਕੁੜੀਆਂ ਨੂੰ ਫਿਟਕਾਰਦੀ ਰਹਿੰਦੀ, ''ਕਿੱਥੇ ਮੇਰੇ ਪੁੱਤ ਦੇ ਕਰਮਾਂ 'ਚ ਧਰਿਆ ਪਿਆ ਤੀ ਚੌਘੜਾ... ਥੋਨੂੰ ਬੀ ਡੈਣਾਂ ਨੂੰ ਇਸੇ ਘਰ ਦੇ ਦਰਵਾਜੇ ਮੋਕਲੇ ਨਜਰ ਆਏ... ਹੋਰ ਬਥੇਰੀ ਖਲਤਕ ਬਸਦੀ ਐ... ਕਿਧਰੇ ਹੋਰ ਦਫ਼ਾ ਹੋ ਜਾਂਦੀਆਂ... ਇਕ ਨੀ ਅੱਧੀ ਨੀ... ਪੂਰੀ ਡਾਰ ਦੀ ਡਾਰ ਤੁਰੀ ਆਈ ਮੇਰੇ ਪੁੱਤ ਦੇ ਘਰ...।''

ਭਗਤੀ ਸੁਣਦੀ ਤਾਂ ਜਿਵੇਂ ਥਾਏਂ ਢੇਰੀ ਹੋ ਜਾਂਦੀ। ਉਂਜ ਬੈਠੀ ਬੈਠੀ ਉਹ ਸੋਚਦੀ ਜ਼ਰੂਰ ਸੀ ਕਿ ਨਕਰਮਣੋ ਕਿਸੇ ਕਦਰ ਆਲੀ ਥਾਵੇਂ ਚਲੀਆਂ ਜਾਂਦੀਆਂ... ਕਾਹਨੂੰ ਉਰੇ ਫਿਟਲਾਹਣਤਾਂ ਲੈਣ ਨੂੰ ਆ 'ਗੀਆਂ...।

ਵੱਡੀਆਂ ਦੋਵੇਂ ਕੁੜੀਆਂ ਤਾਂ ਜਿਵੇਂ ਘਰ ਦਿਆਂ ਦੀਆਂ ਅੱਖਾਂ ਦੀ ਭਾਸ਼ਾ ਸਮਝਣ ਲੱਗ ਪਈਆਂ ਸਨ। ਉਹ ਤਾਂ ਪਹਿਲਾਂ ਵਾਂਗ ਚਹਿਕਣਾ ਈ ਭੁੱਲ ਗਈਆਂ ਸਨ। ਹੁਣ ਉਹ ਆਪਣੇ ਬਾਬੇ ਕੋਲ ਵੀ ਘੱਟ ਈ ਜਾਂਦੀਆਂ ਸਨ... ਅੰਮਾਂ ਤਾਂ ਖੈਰ ਆਪੇ ਈ ਉਹਨਾਂ ਨੂੰ ਨੇੜੇ ਨਹੀਂ ਸੀ ਲੱਗਣ ਦਿੰਦੀ। ਕੁੜੀਆਂ ਹਰ ਸਮੇਂ ਮਾਂ ਦੁਆਲੇ ਈ ਘੁੰਮਦੀਆਂ ਰਹਿੰਦੀਆਂ।

ਭਗਤੀ ਚਾਰ ਕੁੜੀਆਂ ਨੂੰ ਦੇਖਦੀ ਤਾਂ ਕਿਧਰੇ ਦੂਰ-ਬਹੁਤ ਦੂਰ ਚਲੀ ਜਾਂਦੀ। ਐਨੀ ਦੂਰ ਕਿ ਕਿੰਨੀ ਦੇਰ ਤੱਕ ਉਸਨੂੰ ਨਿੱਕੀਆਂ ਕੁੜੀਆਂ ਦੇ ਰੋਣ ਦੀ ਆਵਾਜ਼ ਵੀ ਸੁਣਾਈ ਨਾ ਦਿੰਦੀ।

ਘਰ ਵਿੱਚ ਸਾਰਾ ਦਿਨ ਜਾਇਦਾਦ ਦੇ ਵਾਰਸ ਦੀ ਰਟ ਨੇ ਉਹਦੇ ਕੰਨ ਪਕਾ ਦਿੱਤੇ। ਜਿਵੇਂ ਸਾਰਾ ਟੱਬਰ ਕਮਲਾ ਈ ਹੋ ਗਿਆ ਸੀ। ਉਹਦੀ ਸੱਸ ਰੋਜ ਦਿਹਾੜੀ ਕਿਸੇ ਨਾ ਕਿਸੇ ਦਾ ਸੁਨੇਹਾ ਲਿਆਕੇ ਦੇ ਦਿੰਦੀ ਅਖੇ ਫਲਾਇਆਂ ਦੀ ਬਹੂ ਕੋਲ ਮੁੰਡਾ ਹੋਇਐ... ਭਾਗਾਂ ਆਲੀ ਐ। ਢਮਕਾਣਿਆਂ ਦੀ ਨੂੰਹ ਕੋਲ ਤੀਜਾ ਮੁੰਡਾ ਹੋਇਐ... ਜਾਂ ਚੌਥਾ। ਫੇਰ ਉਹ ਆਪ ਮੁਹਾਰੇ ਈ ਕਿੰਨੀ ਕਿੰਨੀ ਦੇਰ ਤੱਕ ਆਪਣੇ ਕਰਮਾਂ ਨੂੰ ਝੀਖਦੀ ਬੋਲੀ ਜਾਂਦੀ, ਬੋਲੀ ਜਾਂਦੀ-ਬੋਲੀਓ ਜਾਂਦੀ। ਉਹਨੂੰ ਐ ਕਮਲਿਆਂ ਵਾਂਗ ਬੋਲਦੀ ਦੇਖਕੇ ਭਗਤੀ ਨੂੰ ਲਗਦਾ ਜਿਵੇਂ ਬੁੜ੍ਹੀ ਦਾ



ਦਿਮਾਗ ਈ ਖਰਾਬ ਹੋ ਗਿਆ ਹੁੰਦੈ।

ਕਦੇ ਕਦੇ ਮਾਂ ਪੁੱਤ ਭੁੰਜੇ ਬੈਠਕੇ ਘਿਣੇ ਜਿਹੇ ਪਾਉਣ ਲੱਗ ਜਾਂਦੇ ਬਈ ਧੀਆਂ ਤਾਂ ਬਗਾਨਾ ਧਨ ਹੁੰਦੀਆਂ ਨੇ ਪੁੱਤਾਂ ਬਾਝੋਂ ਤਾਂ ਰੰਗੀਂ ਵਸਦੇ ਰਾਜੇ ਮਹਾਰਾਜਿਆਂ ਦੀਆਂ ਕੁਲਾਂ ਨਸ਼ਟ ਹੋ ਜਾਂਦੀਆਂ ਨੇ। ਕੁਲ ਤਾਂ ਪੁੱਤਾਂ ਨਾਲ ਈ ਚਲਦੀ ਐ।

ਭਗਤੀ ਦੀ ਜੀਅ ਕਰਦਾ ਕਿ ਕਹੇ ਬਈ ਕਿੱਥੋਂ ਫੜਕੇ ਲਿਆ ਦਿਆਂ ਜੈਦਾਤ ਦਾ ਵਾਰਸ' ਉਹ ਕਿਹੜਾ ਨਹੀਂ ਚਾਹੁੰਦੀ ਪਰ ਕਰਮਾਂ ਅੱਗੇ ਕਿਸੇ ਦੀ ਕੀ ਵਾਹ ਐ।

ਕੁੜੀਆਂ ਨੂੰ ਵੀ ਜਿਵੇਂ ਆਪਣੀ ਬੇਕਦਰੀ ਦਾ ਅਹਿਸਾਸ ਹੋ ਗਿਆ ਸੀ ਬੱਸ ਡੱਡਰੀਆਂ ਜੀਆਂ ਮਾਂ ਨੂੰ ਈ ਚਿੰਗੜੀਆਂ ਰਹਿੰਦੀਆਂ। ਵੱਡੀਆਂ ਦੋਵੇਂ ਤਾਂ ਕਦੇ ਚੱਜ ਨਾਲ ਰੋਟੀ ਪਾਣੀ ਵੀ ਨਹੀਂ ਮੰਗਦੀਆਂ ਸਨ।

ਤੇ ਜਦੋਂ ਭਗਤੀ ਕੋਲੋਂ ਕੁੜੀਆਂ ਦਾ ਤਰਸੇਵਾਂ ਨਾ ਦੇਖਿਆ ਗਿਆ ਤਾਂ ਉਸਨੇ ਦੋਵੇਂ ਵੱਡੀਆਂ ਕੁੜੀਆਂ ਆਪਣੀ ਮਾਂ ਕੋਲ ਭੇਜ ਦਿੱਤੀਆਂ। ਉਹਦੇ ਪੇਕੇ ਗਰੀਬ ਤਾਂ ਭਾਵੇਂ ਸਨ ਪਰ ਉਥੇ ਕੁੜੀਆਂ ਨੂੰ ਘੱਟੋ ਘੱਟ ਪਿਆਰ ਦੀ ਥੁੜ ਤਾਂ ਨੀ ਰਹਿਣੀ। ਤੇ ਕੁੜੀਆਂ ਨੂੰ ਮਾਂ ਨਾਲ ਤੋਰਕੇ ਭਗਤੀ ਕਿੰਨੇ ਦਿਨ ਛੁਪ ਛੁਪਕੇ ਰੋਂਦੀ ਰਹੀ ਸੀ।

ਤੇ ਫੇਰ ਪਤਾ ਨੀ ਭਗਤੀ ਹੋਰ ਬੱਚਾ ਚਾਹੁੰਦੀ ਵੀ ਸੀ ਜਾਂ ਨਹੀਂ ਪਰ ਸਹੁਰੇ ਪ੍ਰੀਵਾਰ ਵੱਲੋਂ ਚੌਵੀ ਘੰਟੇ ਜਾਇਦਾਦ ਦੇ ਵਾਰਸ ਦੀ ਰਟ ਸੁਣ ਸੁਣਕੇ ਜਿਵੇਂ ਉਹ ਹਾਰ ਜਿਹੀ ਗਈ। ਉਂਜ ਵੀ ਭਗਤੀ ਸਾਰਾ ਦਿਨ ਆਪਣੀ ਸੱਸ ਦੇ ਤਾਅਨੇ ਮਿਹਣਿਆਂ ਸਦਕਾ ਜਿਵੇਂ ਡੁੰਨਬੱਟਾ ਜਿਹੀ ਬਣ ਗਈ ਸੀ। ਕੋਈ ਵੀ ਫੈਸਲਾ ਕਰ ਸਕਣ ਦੀ ਉਹਦੇ ਵਿੱਚ ਹਿੰਮਤ ਈ ਨਹੀਂ ਸੀ ਰਹੀ, ਜੋ ਘਰ ਦੇ ਕਹਿੰਦੇ ਉਹ ਮੰਨ ਲੈਂਦੀ। ਤੇ ਜਾਇਦਾਦ ਦਾ ਵਾਰਸ ਪੈਦਾ ਕਰਨ ਲਈ ਵੀ ਉਹਦੀ ਮਰਜੀ ਕਿਸਨੇ ਪੁੱਛਣੀ ਸੀ?

ਚਾਰ ਮਹੀਨੇ ਤਾਂ ਸ਼ਾਂਤ ਨਿਕਲ ਗਏ। ਜਿਵੇਂ ਬਹੁਤ ਵੱਡਾ ਹਨੇਰੀ ਝੱਖੜ ਆਉਣ ਤੋਂ ਪਹਿਲਾਂ ਵਾਤਾਵਰਣ ਸਾਹ ਜਿਹਾ ਰੋਕ ਲੈਂਦਾ ਹੈ... ਉੱਕਾ ਸ਼ਾਂਤ ਇਵੇਂ ਈ ਪਹਿਲੇ ਚਾਰ ਮਹੀਨੇ ਉਸ ਗੁੰਮ ਵਾਂਗ ਬੀਤ ਗਏ। ਪਰ ਐਤਕੀਂ ਕੋਈ ਰਿਸਕ ਨਹੀਂ ਸੀ ਲੈਣਾ ਚਾਹੁੰਦਾ। ਕਿਸੇ ਕਿਸਮ ਦੀ ਕੋਤਾਹੀ... ਕੋਈ ਗਲਤੀ-ਬਿਲਕੁਲ ਨਹੀਂ... ਭਗਤੀ ਨੂੰ ਸਮਝ ਨਹੀਂ ਸੀ ਆ ਰਹੀ ਕਿ ਸੱਸ ਅਤੇ ਘਰ ਵਾਲੇ ਦੇ ਬਦਲੇ ਰਵੱਈਏ ਦਾ ਕਾਰਣ ਕੀ ਹੈ? ਸ਼ਾਂਤੀ ਕਿਉਂ ਹੈ?

ਤੇ ਚੌਥੇ ਮਹੀਨੇ ਦੇ ਅਖੀਰੀ ਦਿਨਾਂ ਵਿੱਚ ਇਕ ਦਿਨ ਬਰੂਮੀ ਨੇ ਉਹਨੂੰ ਜਿੰਗ ਟੈਸਟ ਕਰਾਉਣ ਵਾਸਤੇ ਸ਼ਹਿਰ ਚੱਲਣ ਲਈ ਕਿਹਾ ਪਰ ਭਗਤੀ ਤਾਂ ਸੁਣਕੇ ਜਿਵੇਂ ਮਿੱਟੀ ਹੋ ਗਈ। ਉੱਕਾ ਮਰੀ ਜਿਹੀ ਆਵਾਜ਼ ਵਿੱਚ ਬੋਲੀ,

''ਦੇਖੋ ਬੇਬੇ ਆਪਾਂ ਬਾਲ ਬੱਚੇਦਾਰ ਬੰਦੇ ਆ... ਕਾਹਨੂੰ ਕਰਨੈ... ਜੇ ਟੈਸਟ 'ਚ ਕੁੜੀ ਆ ਗੀ ਫੇਰ ਆਪਾਂ ਉਹਨੂੰ ਮਰਵਾ ਤਾਂ ਨੀ ਦੇਣਾ... ਰੱਬ ਤੇ ਡੋਰ ਛੱਡਕੇ ਦੇਖੋ... ਐਤਕੀਂ ਭਗਵਾਨ ਸੁਣੂੰਗਾ... ਐਂ ਕਿਤੇ ਆਪਾਂ ਨੇ ਰੱਬ ਦੇ ਮਾਂਹ ਮਾਰੇ ਨੇ ਬਈ ਜਿਹੜਾ ਬਾਰ ਬਾਰ...।''

''ਭਗਤੀਏ ਬਥੇਰੀਆਂ ਰੱਬ ਤੇ ਡੋਰਾਂ ਛੱਡ ਛੱਡ ਦੇਖ ਲੀਆਂ ਬੀਰ... ਆਪਣੇ ਭਾਅ ਦਾ ਤਾਂ ਰੱਬ ਬੀ ਬੈਰੀ ਹੋ ਗਿਆ... ਦੇਖ ਮੇਰੀ ਧੀ ਤੂੰ ਬਹੁਤੀ ਜਿੱਦ ਨਾ ਕਰ... ਸਾਡੀ ਨੀ ਰੱਬ ਸੁਣਦਾ... ਤੂੰ ਹਠ ਨਾ ਕਰ ਬਹੁਤਾ... ਪਹਿਲਾ ਈ ਘਰ ਕੁੜੀਆਂ ਨਾਲ ਭਰਿਆ ਪਿਐ...

ਕਿਸੇ ਹਮ੍ਹਾਂ ਤਮ੍ਹਾ ਨੂੰ ਦੱਸਦਿਆਂ ਬੀ ਸ਼ਰਮ ਆਉਂਦੀ ਐ... ਬਈ ਨੇਕੇ ਕੋਲ ਚਾਰ ਕੁੜੀਆਂ ਨੇ... ਨਾਲੇ ਜੈ ਬੱਢੀ ਦੀਆਂ ਚਾਰੋਂ ਖਾਗੜਾਂ ਬਰਗੀਆਂ ਹੋਈਆਂ ਪਈਆਂ ਨੇ... ਲੋਕਾਂ ਦੀਆਂ ਕੁੜੀਆਂ ਬਥੇਰਾ ਬਮਾਰੀ ਠਮਾਰੀ ਨਾਲ ਮਰ ਜਾਂਦੀਆਂ ਨੇ... ਪਰ ਉਰੇ ਤਾਂ ਚੌਂਘੜੇ ਨੂੰ ਕਦੇ ਛਿੱਕ ਤੱਕ ਨੀ ਆਈ ਹੋਣੀ... ਹੋਰ ਹੁਣ ਕਿੰਨਾ ਕੁ ਕਬਾੜ ਕੱਠਾ ਕਰਨੈ... ਫੇਰ ਚਲ ਇੱਕ ਬਾਰੀ 'ਚ ਇੱਕ ਧੀ ਹੋ ਜੇ ਤਾਂ ਬੀ ਬੰਦਾ ਮਾਰ ਝੱਲ ਲੇ ਪਰ ਉਰੇ ਤਾਂ 'ਕੱਠੀਆਂ ਦੋ ਦੋ ਤੁਰੀਆਂ ਆਉਂਦੀਆਂ ਨੇ... ਸੋਚਕੇ ਦੇਖ ਜੇ ਐਤਕੀਂ ਫੇਰ ਦੋ...''

''ਬੇਬੇ ਮੈਂ ਹੱਥ ਜੋੜਦੀ ਆਂ... ਤੁਸੀਂ ਨਾ ਪਾਪ ਕਰੋ... ਆਪਾਂ ਤਾਂ ਪਹਿਲਾਂ ਈ ਖਬਰੇ ਕਿਹੜੇ ਪਾਪਾਂ ਦਾ ਫਲ ਭੁਗਤੀ ਜਾਨੇ ਆ...।''

ਹਰਨੇਕ ਉਹਨਾਂ ਦੀ ਸਾਰੀ ਗੱਲਬਾਤ ਸੁਣ ਰਿਹਾ ਸੀ। ਉਹਨੇ ਬਾਹੋਂ ਫੜਕੇ ਭਗਤੀ ਨੂੰ ਹਸਪਤਾਲ ਜਾਣ ਲਈ ਧੱਕੇ ਨਾਲ ਟ੍ਰੈਕਟਰ ਤੇ ਬਠਾ ਲਿਆ। ਉਹ ਮਿਨਤਾਂ ਈ ਕਰਦੀ ਰਹਿ 'ਗੀ ਪਰ ਹਰਨੇਕ ਨੇ ਉਹਦੀ ਇੱਕ ਨਾ ਸੁਣੀ।

ਦੁਪਹਿਰ ਤੱਕ ਉਹ ਸਾਰੇ ਮੈਟਰਨਿਟੀ ਸੈਂਟਰਾਂ ਦੇ ਡਾਕਟਰਾਂ ਕੋਲ ਧੱਕੇ ਖਾਂਦਾ ਰਿਹਾ ਪਰ ਸਰਕਾਰ ਵੱਲੋਂ ਲੱਗੇ ਬੈਨ ਸਦਕਾ ਕਿਸੇ ਡਾਕਟਰ ਨੇ ਟੈਸਟ ਲਈ ਹਾਮੀ ਨਾ ਭਰੀ।

ਅਖੀਰ ਕਿਸਟੀ ਮੈਟਰਨਿਟੀ ਸੈਂਟਰ ਦੀ ਡਾ. ਨੇ ਚੌਂਗਣੇ ਪੈਸੇ ਲੈ ਕੇ ਟੈਸਟ ਕਰਨ ਲਈ ਹਾਂ ਕੀਤੀ। ਉਂਜ ਉਹਨੂੰ ਪਤਾ ਸੀ ਕਿ ਪਿਛਲੇ ਮਹੀਨੇ ਸ਼ਹਿਰ ਦੇ ਕਈ ਡਾਕਟਰਾਂ ਦੇ ਹਸਪਤਾਲ ਏਸ ਚੱਕਰ ਸਦਕਾ ਸੀਲ ਹੋ ਗਏ ਸਨ। ਉਹਦੀ ਇੱਕ ਵਾਕਫ ਡਾਕਟਰ ਦਾ ਤਾਂ ਪ੍ਰੈਕਟਿਸ ਲਾਇਸੰਸ ਹੀ ਜ਼ਬਤ ਕਰ ਲਿਆ ਸੀ। ਉਸ ਡਾਕਟਰ ਦੇ ਹਸਪਤਾਲ ਦੇ ਕਿਸੇ ਮੁਲਾਜਮ ਨੇ ਹੀ ਜਾ ਕੇ ਸ਼ਿਕਾਇਤ ਕਰ ਦਿੱਤੀ ਸੀ। ਆਪਣਾ ਹੀ ਲਕੋਈ ਮੁਲਾਜਮ ਨਮਕ ਹਰਾਮੀ ਕਰ ਗਿਆ ਸੀ।

ਅੰਦਰੋਂ ਉਹ ਬਹੁਤ ਸਹਿਮੀ ਹੋਈ ਸੀ। ਟੈਸਟ ਕਰਦਿਆਂ ਲੇਡੀ ਡਾ. ਦਾ ਧਿਆਨ ਆਪਣੇ ਕਲੀਨਿਕ ਦੇ ਸਟਾਫ਼ ਕੰਨੀ ਹੀ ਰਿਹਾ। ਉਹ ਇੱਕ ਇੱਕ ਦੀ ਸ਼ਕਲ ਤੇ ਸੁਭਾਅ ਬਾਰੇ ਸੋਚ ਰਹੀ ਸੀ। ਇਹ ਜਾਣਨ ਦੀ ਪੂਰੀ ਕੋਸ਼ਿਸ਼ ਕਰ ਰਹੀ ਸੀ ਕਿ ਕਿਹੜਾ ਬੰਦਾ ਖੁਰਾਫਾਤੀ ਐ ਤੇ ਨਕਮ ਹਰਾਮੀ ਕਰ ਸਕਦਾ ਹੈ। ਕੌਣ ਪੁਲਸ ਵਿੱਚ ਜਾ ਕੇ ਸ਼ਿਕਾਇਤ ਕਰਨ ਜੋਕਰਾ ਹੈ। ਤੇ ਸਿਆਲ ਦੀ ਰੁੱਤੇ ਵੀ ਉਹਦੇ ਮੱਥੇ ਤੇ ਪਸੀਨੇ ਦੀਆਂ ਬੂੰਦਾਂ ਸਾਫ਼ ਝਲਕ ਰਹੀਆਂ ਸਨ। ਉਹ ਨਿੱਕੇ ਜਿਹੇ ਖੜਾਕ ਤੋਂ ਵੀ ਤ੍ਰਹਿ ਜਾਂਦੀ ਸੀ।

ਤੇ ਆਪਣੇ ਮੁਲਾਜ਼ਮਾਂ ਦੀਆਂ ਨਜਰਾਂ ਵਿੱਚ ਧੂਲ ਝੌਂਕਣ ਦੀ ਨਾਕਾਮਯਾਬ ਕੋਸ਼ਿਸ਼ ਕਰਦਿਆਂ ਉਹਨੇ ਉਚੀ ਸਾਰੀ ਬਾਹਰ ਆਉਂਦਿਆਂ ਕਿਹਾ,

''ਬੱਚਾ ਠੀਕ ਐ... ਕਿਸੇ ਤਰ੍ਹਾਂ ਦੀ ਪ੍ਰੇਸ਼ਾਨੀ ਨੀ... ਬੱਸ ਆਪਣੀ ਡਾਈਟ ਦਾ ਖਿਆਲ ਰੱਖਣਾ।''

ਪਰ ਸਿੰਕ ਤੇ ਹੱਥ ਧੋ ਕੇ ਤੌਲੀਏ ਨਾਲ ਪੂੰਝਦੀ ਹੋਈ ਤੇ ਮੱਥੇ ਤੋਂ ਪਸੀਨਾ ਪੂੰਝਦੀ ਹੋਈ ਹਰਨੇਕ ਨੂੰ ਕੋਲ ਬੁਲਾਕੇ ਬਹੁਤ ਈ ਹੌਲੀ ਜਿਹੇ ਬੋਲੀ, ''ਲੜਕੀ ਐ''

ਸੁਣਦਿਆਂ ਈ ਹਰਨੇਕ ਦੀਆਂ ਅੱਖਾਂ ਅੱਗੇ ਹਨੇਰਾ ਆ ਗਿਆ। ਉਹ ਡਿਗਦਾ ਡਿਗਦਾ ਮਸੀਂ ਬਚਿਆ। ਸੁੱਕੀ ਢੀਖਰ ਭਗਤੀ ਨੂੰ ਟ੍ਰੈਕਟਰ ਤੇ ਬਠਾ ਕੇ ਉਹ ਪਿੰਡ ਵਾਪਸ ਆ ਗਿਆ। ਰਾਹ ਵਿੱਚ ਕਈ ਵਾਰੀ ਉਹਦੇ ਕੋਲੋਂ ਟ੍ਰੈਕਟਰ ਖਾਈ ਵਿੱਚ ਡਿੱਗਣੋਂ ਬਚਿਆ। ਉਂਝ ਜਿਵੇਂ ਉਹਦਾ ਅਰਧ ਚੇਤਨ ਮਨ ਚਾਹ ਵੀ ਰਿਹਾ ਸੀ ਕਿ ਇਸ ਨਰਕ ਵਰਗੀ ਜੂਨ ਨਾਲੋਂ ਤਾਂ



ਟ੍ਰੈਕਟਰ ਕਿਸੇ ਖੱਡ ਖਾਈ 'ਚ ਈ ਡਿੱਗ ਪਵੇ ਤੇ ਉਹਦੀ ਜਾਨ ਛੁਟੇ ਪਰ ਮਰਨਾ ਐਨਾ ਸੌਖਾ ਵੀ ਨਹੀਂ ਹੈ ਸ਼ਾਇਦ। ਜੇ ਭਲਾਂ ਉਹਦਾ ਖੁਦ ਮਰਨ ਨੂੰ ਜੀਅ ਨਹੀਂ ਕਰਦਾ ਤਾਂ ਆਪਣੀ ਅਜਨਮੀ ਧੀ ਨੂੰ ਉਹ ਕਿਵੇਂ ਮਾਰਨ ਦੀ ਸੋਚ ਰਿਹੈ? ਬੇਜੁਬਾਨ, ਨਾਜ਼ੁਕ ਜਿਹੀ ਨੂੰ?? ਕੀ ਉਹਨੂੰ ਜਾਨ ਪਿਆਰੀ ਨੀ???

ਅੰਨ੍ਹੇ ਵਾਹ ਟ੍ਰੈਕਟਰ ਭਜਾਉਂਦਾ ਉਹ ਘਰੇ ਆਇਆ।

ਬੱਚੇ ਦੇ ਪੈਦਾ ਹੋਣ ਤੋਂ ਪਹਿਲਾਂ ਹੀ ਘਰ ਵਿੱਚ ਤੁਫਾਨ ਮਚ ਗਿਆ। ਸਾਰਾ ਟੱਬਰ ਇਸ ਕੁੜੀ ਨੂੰ ਮਰਵਾ ਦੇਣ ਲਈ ਬਜਿਦ ਸੀ ਪਰ ਭਗਤੀ, ਜੀਹਨੇ ਕਦੇ ਮਾਂ ਨੂੰ ਲੀਰਾਂ ਦੀ ਗੁੱਡੀ ਫੂਕਣ ਤੋਂ ਪਹਿਲਾਂ ਕਿਹਾ ਸੀ, ''ਦੇਖ ਮਾਂ ਇਹ ਗੁੱਡੀ ਮਰੀ ਤਾਂ ਨੀ... ਏਹਨੂੰ ਫੇਰ ਫੂਕਣ ਕਿਉਂ ਲੱਗੇ ਨੇ... ਏਹਨੂੰ ਆਂਚ ਨਾ ਲੱਗੂ?'' ਆਪਣੀ ਸੱਚ ਮਿੱਚ ਦੀ ਗੁੱਡੀ ਨੂੰ ਕਿਸ ਤਰ੍ਹਾਂ ਮਰਵਾ ਸਕਦੀ ਸੀ।

ਜਦੋਂ ਭਗਤੀ ਨੇ ਅਬਾਰਸ਼ਨ ਕਰਾਉਣ ਤੋਂ ਸਖਤਾਈ ਨਾਲ ਨਾਂਹ ਕੀਤੀ ਤਾਂ ਮਾਂ ਪੁੱਤ ਦੇ ਗੁੱਸੇ ਦਾ ਲਾਵਾ ਫੁੱਟ ਪਿਆ। ਹਰਨੇਕ ਨੇ ਭਗਤੀ ਦੇ ਢਿੱਡ 'ਚ ਜੋਰ ਦੀ ਲੱਤ ਮਾਰਦਿਆਂ ਕਿਹਾ.

''ਹਰਾਮਜਾਦੀਏ ਸਾਨੂੰ ਤਾਂ ਪਹਿਲਾਂ ਈ ਪਤਾ 'ਤੀ... ਬਈ ਇਹ ਜਿਹੜੀ ਬਚਪਨ ਦਿਨ ਤੋਂ ਗੁੱਡੀਆਂ ਜੰਮ ਜੰਮ ਧਰੀ ਜਾਂਦੀ ਐ... ਏਸ ਕਲਹਿਣੀ ਦੇ ਖੁਦ ਦੇ ਬੀ ਗੁੱਡੀਆਂ ਈ ਹੋਣਗੀਆਂ... ਮੈਂ ਤਾਂ ਪਹਿਲੀਆਂ ਕੁੜੀਆਂ ਵੇਲੇ ਈ ਲੇਪਣ ਲਾਉਂਦਿਆਂ ਬੇਬੇ ਨੂੰ ਕਿਹਾ 'ਤੀ... ਬਈ ਹਾਅ ਜਿਹੜੀ ਜੰਮਦੀਓ ਗੁੱਡੀਆਂ ਬਣਾਉਣ ਲੱਗ ਪਈ 'ਤੀ... ਏਹਨੇ ਮੁੰਡੇ ਕਿੱਥੋਂ ਜੰਮਣੇ ਨੇ... ਜਹੀ ਜੀ ਨੀਤ ਉਹੀ ਜੀ ਮਰਾਦ... ਫੇਰ ਰੱਬ ਨੇ ਬੀ ਕੁੱਤੀ ਜਾਤ ਨੂੰ ਰੱਜਕੇ ਈ ਗੁੱਡੀਆਂ ਦਿੱਤੀਆਂ... ਚਾਰ ਧੀਆਂ ਪਹਿਲਾਂ ਤੇ ਹੁਣ ਪੰਜਵੀਂ ...ਕੀ ਪਤਾ ਹੁਣ ਬੀ ਕਲੈਹਣੀ ਦੋ ਈ ਜੰਮ ਧਰੇ... ਏਹ ਸਿਰਫ ਤੇਰੀ ਗੁੱਡੀਆਂ ਬਣਾਉਣ ਦੀ ਰੀਝ ਦਾ ਈ ਫਲ ਐ... ਹਰਾਮਜਾਦੀਏ... ਤੇਰੀ ਇੱਛਾ ਹਜੇ ਲੀਰਾਂ ਦੀਆਂ ਗੁੱਡੀਆਂ ਬਣਾ ਬਣਾ ਕੇ ਪੂਰੀ ਨੀ 'ਤੀ ਹੋਈ... ਤੇਰੀ ਭੁੱਖ ਅਜੇ ਰਹਿੰਦੀ ਸੀ ਅੱਧੀ ਅਧੂਰੀ ... ਰੱਬ ਨੇ ਬੀ ਤੈਨੂੰ ਖੁੱਲ੍ਹੇ ਗੱਫੇ ਦਿੱਤੇ।

ਢਿੱਡ 'ਚ ਵੱਜੀ ਲੱਤ ਸਦਕਾ ਤੇ ਹਰਨੇਕ ਦੇ ਦਿੱਤੇ ਬੇ-ਹੋਏ ਤਾਅਨ੍ਹਿਆ ਸਦਕਾ ਭਗਤੀ ਦੀ ਜੀਭ ਤਾਲੂ ਨਾਲ ਜਾ ਲੱਗੀ। ਉਹ ਜਮੀਨ ਤੇ ਈ ਲੇਟ ਗਈ। ਤੇ ਹਰਨੇਕ ਨੂੰ ਤਾਂ ਜਿਵੇਂ ਭੂਤ ਚਿੰਬੜ ਗਏ ਹੁੰਦੇ ਨੇ... ਸਾਹੋ ਸਾਹੀ ਹੋਇਆ ਭਗਤੀ ਦੇ ਕਮਰੇ 'ਚੋਂ ਸਾਰੀ ਫਰ, ਗੁੱਡੀਆਂ ਤੇ ਹੋਰ ਸਮਾਨ ਚੱਕ ਚੱਕ ਕੇ ਵਿਹੜੇ 'ਚ ਲੈ ਆਇਆ। ਮੂੰਹੋਂ ਝੱਗ ਸਿੱਟਦਾ ਰਸੋਈ 'ਚੋਂ ਸੀਖਾਂ ਦੀ ਡੱਬੀ ਲਿਆਕੇ ਕਿੰਨੀਆਂ ਈ ਤੀਲ੍ਹੀਆਂ ਬਾਲ ਬਾਲਕੇ ਢੇਰ ਨੂੰ ਅੱਗ ਲਾ ਦਿੱਤੀ। ਭਗਤੀ ਸਿਰਫ਼ ਹੱਥ ਹਲਾਉਂਦੀ ਈ ਰਹਿ ਗਈ ਐਂਜ ਜਿਵੇਂ ਤਰਲਾ ਕਰ ਰਹੀ ਹੋਵੇ ਕਿ ਨਾ ਮਾਰੋ... ਮੇਰੀਆਂ ਗੁੱਡੀਆਂ ਨਾ ਸਾੜੋ। ਪਰ ਸਾਰਾ ਵਿਹੜਾ ਧੂੰਏ ਨਾਲ ਭਰ ਗਿਆ ਸੀ ਤੇ ਭਗਤੀ ਨੂੰ ਸਿਰਫ਼ ਆਪਣੀ ਸੱਸ ਤੇ ਹਰਨੇਕ ਦੇ ਬੋਲ ਕੁਬੋਲ ਹੀ ਸੁਣ ਰਹੇ ਸਨ, ਉਹ ਵੀ ਬੜੇ ਮੱਧਮ ਮੱਧਮ।

''ਕੁਤੀ ਤੀਮੀਂ ਨੇ ਘਰ ਪਿੱਛੇ ਪਾ 'ਤਾ ... ਹੋਇਆ ਇੱਕ ਕੁੜੀ ਜੰਮੀ... ਦੋ ਜੰਮੀਆਂ... ਪਰ ਇਹ ਤਾਂ...।''

ਭਗਤੀ ਨੇ ਸਿਰਫ਼ ਪੂਰਾ ਤਾਣ ਲਾ ਕੇ ਐਨਾ ਈ ਕਿਹਾ, ''ਮੁੰਡਾ ਕੁੜੀਆਂ ਤਾਂ ਆਦਮੀ

ਦੇ ਭਾਗ ਦੇ ਈ ਹੁੰਦੇ ਨੇ... ਮੇਰਾ ਇਹਦੇ 'ਚ ... ਕੀ ਦੋਸ਼ ...ਐ।''

ਫੇਰ ਉਹਨੂੰ ਧੂੰਆਂ ਚੜ੍ਹਨ ਸਦਕਾ ਹੱਥੂ ਆ ਗਿਆ। ਉਹਦਾ ਸਾਹ ਘੁੱਟਣ ਲੱਗਿਆ। ਦੋਵੇਂ ਨਿੱਕੀਆਂ ਕੁੜੀਆਂ ਡਰੀਆਂ ਡਰੀਆਂ ਮਾਂ ਨੂੰ ਚਿੰਬੜ ਗਈਆਂ। ਉਹਨਾਂ ਦੀਆਂ ਵੀ ਅੱਖਾਂ ਚੋਂ ਪਾਣੀ ਵਗ ਰਿਹਾ ਸੀ ਕਿਉਂਕਿ ਧੂੰਆਂ ਬਹੁਤ ਜਿਆਦਾ ਹੋ ਗਿਆ ਸੀ।

ਭਗਤੀ ਨੂੰ ਲੱਗਿਆ ਕਿ ਇਹ ਸਾਹਮਣੇ ਉਹਦੀਆਂ ਗੁੱਡੀਆਂ ਨੀ ਜਲ ਰਹੀਆਂ ਸਗੋਂ ਉਹਦਾ ਆਪਣਾ ਆਪ ਜਲ ਰਿਹੈ। ਮਾਂ ਪੁੱਤ ਪਤਾ ਨੀ ਅੰਦਰ ਵੜੇ ਕੀ ਘੁਸਰ ਮੁਸਰ ਜਿਹੀ ਕਰ ਰਹੇ ਸਨ ਪਰ ਭਗਤੀ ਸਾਹਮਣੇ ਪਏ ਰਾਖ ਦੇ ਢੇਰ ਨੂੰ ਤੱਕ ਰਹੀ ਸੀ। ਰਾਖ ਜਿਹੜੀ ਉਹਦੇ ਵੱਲ ਉਡ ਉਡਕੇ ਆ ਰਹੀ ਸੀ। ਮੋਹ ਜਿਹੇ ਨਾਲ ਜਿਵੇਂ ਉਹਦੀਆਂ ਗੁੱਡੀਆਂ ਵੀ ਉਹਦੀਆਂ ਧੀਆਂ ਵਾਂਗ ਉਸਨੂੰ ਚਿੰਬੜ ਜਾਣਾ ਚਾਹੁੰਦੀਆਂ ਹੋਣ... ਸੜਕੇ ਉਹਨਾਂ ਦੀ ਰਾਖ ਵੀ ਜਿਵੇਂ ਭਗਤੀ ਦੀ ਗੋਦ 'ਚ ਬੈਠਣਾ ਚਾਹੁੰਦੀ ਹੋਵੇ...।

ਅਗਲੇ ਦਿਨ ਭੁੱਖੇ ਭਾਣੀ ਭਗਤੀ ਨੇ ਆਪਣੇ ਘਰ ਵਾਲੇ ਅੱਗੇ ਬਥੇਰੇ ਵਾਸਤੇ ਪਾਏ ਪਰ ਉਹ ਤਾਂ ਜਿਵੇਂ ਕੋਈ ਗੱਲ ਸੁਣਨ ਨੂੰ ਤਿਆਰ ਈ ਨਹੀਂ ਸੀ।

ਤੇ ਫੇਰ ਨਿਮਾਣੀ ਜਿਹੀ ਭਗਤੀ ਜਿਵੇਂ ਜਰਵਾਣਿਆਂ ਅੱਗੇ ਹਾਰ ਗਈ। ਉਹਨੂੰ ਜਬਰਦਸਤੀ ਉਸੇ ਡਾਕਟਰ ਕੋਲ ਲਿਆਕੇ ਅਬਾਰਸ਼ਨ ਕਰਾਉਣ ਲਈ ਦਾਖਲ ਕਰਵਾ ਦਿੱਤਾ ਜਿਸਨੇ ਉਸਦਾ ਟੈਸਟ ਕੀਤਾ ਸੀ।

ਉੱਕਾ ਠੰਢਾ ਠਾਰ ਤੇ ਚੁੱਪ ਗੜੁੱਪ ਲੇਬਰ ਰੂਮ... ਮਸ਼ੀਨਾਂ ਈ ਮਸ਼ੀਨਾਂ... ਉਂਜ ਤਾਂ ਪਤਾ ਨੀ ਇਹ ਬੰਦਿਆਂ ਦੀ ਭਲਾਈ ਲਈ ਵੀ ਹੋਣਗੀਆਂ ਪਰ ਭਗਤੀ ਨੂੰ ਲੱਗਿਆ ਕਿ ਇਹ ਸਾਰੀਆਂ ਮਸ਼ੀਨਾਂ ਦੀਆਂ ਨੂੰ ਜੰਮਣ ਤੋਂ ਪਹਿਲਾਂ ਹੀ ਮਾਰ ਦੇਣ ਵਾਲੀਆਂ ਨੇ... ਧੀਆਂ ਖਾਣੀਆਂ।

ਜਿਵੇਂ ਕਹਿੰਦੇ ਨੇ ਕਲੋਜਗਣਾ ਬੰਦਿਆਂ ਦਾ ਲਹੂ ਪੀ ਪੀਕੇ ਕਦੇ ਵੀ ਨਹੀਂ ਰੱਜਦੀਆਂ, ਇਵੇਂ ਈ ਇਹ ਮਸ਼ੀਨਾਂ ਵੀ ਕਿੰਨੀਆਂ ਈ ਬੱਚੀਆਂ ਨੂੰ ਖਾ ਖਾ ਕੇ ਵੀ ਭੁੱਖੀਆਂ ਦੀਆਂ ਭੁੱਖੀਆਂ ਈ ਰਹੀਆਂ।

ਪਤਾ ਨੀ ਪਿਆਂ ਪਿਆਂ ਭਗਤੀ ਨੂੰ ਕੀ ਹੋਇਆ ਉਹ ਉਠਕੇ ਕਮਰੇ ਦੀਆਂ ਕੰਧਾਂ ਨੂੰ ਬੜੇ ਧਿਆਨ ਨਾਲ ਦੇਖਣ ਲੱਗ ਪਈ। ਤੇ ਸੱਚੀਂ ਹਜਾਰਾਂ ਨਿੱਕੇ ਨਿੱਕੇ ਮੂੰਹ ਵਾਲੀਆਂ ਕੁੜੀਆਂ ਉਹਨੂੰ ਬੇਬਸ ਜਿਹੀਆਂ ਨਜਰ ਆਈਆਂ... ਜਿਵੇਂ ਕਹਿ ਰਹੀਆਂ ਹੋਣ ਕਿ ਅਸੀਂ ਤਾਂ ਦੁਨੀਆਂ ਦੇਖੀਓ ਨੀ... ਭਲਾ ਕਹੀ ਜੀ ਹੁੰਦੀ ਐ ਬਾਹਰ ਦੁਨੀਆਂ?

ਅਸੀਂ ਤਾਂ ਸਿਰਫ਼ ਡਾਕਟਰ ਦੇ ਜਰਵਾਣੇ ਹੱਥ ਤੇ ਮਸ਼ੀਨਾਂ ਦੇ ਮੂੰਹ ਈ ਦੇਖੇ ਨੇ।

ਅਸੀਂ ਤਾਂ ਸਿਰਫ਼ ਹੱਥੀਂ ਮਾਰ ਦੇਣ ਵਾਲੀਆਂ ਮਾਵਾਂ ਦੇ ਚੁੱਪ ਚੁੱਪ ਮੂੰਹ ਦੇਖੇ ਨੇ...

ਅਸੀਂ ਤਾਂ ਸਿਰਫ਼ ਹਥਿਆਰਾਂ ਦੀ ਭਾਸ਼ਾ ਈ ਸੁਣੀ ਐ...

ਤੇ ਭਗਤੀ ਨੇ ਉਚੀ ਦੇਣੇ ਕਿਹਾ, ''ਧੀਓ... ਨੀ ਗੁੱਡੀਓ ... ਊਂ ਤਾਂ ਥੋਡੇ ਮਰਨ ਦਾ ਮੈਨੂੰ ਬਲਾਈਂ ਦੁਖ ਐ... ਪਰ ਇੱਕ ਗੱਲ ਦੱਸਾਂ? ਭਲਾ ਜਿਹੜੀ ਦੁਨੀਆਂ ਨੇ ਥੋਨੂੰ ਜਨਮ ਤੋਂ ਪਹਿਲਾਂ ਈ ਮਾਰ ਮੁਕਾਇਐ... ਉਹ ਚੰਗੀ ਕਿਵੇਂ ਹੋ ਸਕਦੀ ਐ? ਬਾਹਰਲੀ ਦੁਨੀਆਂ ਤਾਂ ਬੜੀ ਜਾਲਮ ਐ... ਨਿਰਮੋਹੀ ਬੇਤਰਸ...।''

''ਊ ਤਾਂ ਠੀਕ ਕਹਿੰਦੀ ਹੋਣੀ ਪਰ ਅਸੀਂ ਇੱਕ ਵਾਰੀ ਰਤਾ ਏਸ ਦੁਨੀਆਂ ਨੂੰ ਤੱਕਣਾ ਸਾਂ... ਅਸੀਂ ਦੇਖਣਾ ਚਾਹੁੰਦੀਆਂ ਸੀਗੀਆਂ ਬਈ ਜਿਹੜੀਆਂ ਧੀਆਂ ਜਨਮ ਲੈ ਲੈਂਦੀਆਂ ਨੇ



ਉਹ ਕਿਵੇਂ ਰਹਿੰਦੀਆਂ ਨੇ? ਖੁਸ਼ ਨੇ ਜਾਂ ਸਾਡੇ ਵਾਂਗ।''

''ਤੁਸੀਂ ਮੈਨੂੰ ਦੇਖ ਲਓ... ਉਹ ਮੇਰੇ ਵਾਂਗ ਹੁੰਦੀਆਂ ਨੇ... ਕਰਮਾਂ ਮਾਰੀਆਂ... ਲੇਖਾਂ ਸੜੀਆਂ'' ਉਹਨੇ ਜਵਾਬ ਦਿੱਤਾ।

''ਅਛਿਆ ... ਤੇਰੀ ਮਾਂ ਵੀ ਤੈਨੂੰ ਮਾਰਨਾ ਚਾਹੁੰਦੀ ਸੀ... ਸਾਡੀ ਤਰ੍ਹਾਂ...?''

''ਨਹੀਂ ਨਹੀਂ ਮੇਰੀ ਮਾਂ ਮੈਨੂੰ ਮਾਰਨਾ ਨੀ ਸੀ ਚਾਹੁੰਦੀ... ਸਗੋਂ ਮੈਂ ਆਪਣੀ ਬੱਚੀ ਨੂੰ ਮਾਰਨਾ ਚਾਹੁੰਨੀ ਆ।'' ਉਹਦੇ ਮੂੰਹੋਂ ਮਰੀਆਂ ਹੋਈਆਂ ਕੁੜੀਆਂ ਨੂੰ ਉੱਚੀ ਕਹਿ ਹੋ ਗਿਆ।

ਤੇ ਫੇਰ ਜਿਵੇਂ ਕਮਰੇ ਦੀਆਂ ਦੀਵਾਰਾਂ 'ਚੋਂ ਹਜਾਰਾਂ ਨਿੱਕੇ ਨਿੱਕੇ ਹੱਥ ਬਾਹਰ ਨਿਕਲ ਆਏ... ਉਹਨੂੰ ਮਿੰਨਤਾਂ ਕਰਦੇ ਹੋਏ ਕਹਿੰਦੇ ਹੋਏ,

''ਨਾ ਨਾ ਜਗਤ ਜਨਨੀ ... .ਤੂੰ ਆਪਣੀ ਬੱਚੀ ਨੂੰ ਨਾ ਮਾਰ... ਤੂੰ ਚੰਡੀ ਬਣ... ਭਵਾਨੀ ਬਣ... ਝਾਂਸੀ ਦੀ ਰਾਣੀ... ਸ਼ਕਤੀ... ਨਾ ਮਾਰ ... ਨਾ ਮਾਰ...।'' ਉਹ ਕਮਰੇ ਦੇ ਚਾਰੋਂ ਪਾਸਿਓਂ ਆ ਰਹੀਆਂ ਆਵਾਜ਼ਾ ਸੁਣਕੇ ਘਬਰਾ ਗਈ ਤੇ ਸਿਰ ਫੜਕੇ ਥਾਏਂ ਬਹਿ ਗਈ।

ਡਾਕਟਰ ਦੇ ਜੋਰ ਦੀ ਦਰਵਾਜ਼ਾ ਖੋਹਲਣ ਨਾਲ ਉਹਦੀ ਬਿਰਤੀ ਟੁੱਟੀ। ਉਹ ਹਿੰਮਤ ਕਰਕੇ ਬੋਲੀ, ''ਡਾਕਟਰ ਸਾਹਬ ਸਰਕਾਰ ਵੱਲੋਂ ਕੁੜੀਆਂ ਨੂੰ ਜਨਮ ਤੋਂ ਪਹਿਲਾਂ ਮਾਰਨ ਦੀ ਮਨਾਹੀ ਐ... ਤੁਸੀਂ ਮੇਰੀ ਮਰਜੀ ਤੋਂ ਬਿਨਾ ਹਾਅ ਪਾਪ ਕਰਨ ਲੱਗੇ ਓ... ਮੇਰੇ ਪਿਉਂਕਿਆਂ 'ਚ ਇਕ ਸਲਾਈ ਸੈਂਟਰ ਵਾਲੇ ਭੈਣ ਜੀ ਨੇ ਮੈਂ ਉਹਨਾਂ ਕੋਲੋ ਥੋਡੀ ਸ਼ਿਕਾਇਤ ਕਰੂੰ... ਨਾਲੇ ਪੁਲਸ 'ਚ ਜਾ ਕੇ ਦੱਸੂੰ ਬਈ ਡਾਕਟਰੀ ਦੇ ਅੰਦਰਲੇ ਕਮਰੇ 'ਚ ਹਜਾਰਾਂ ਧੀਆਂ ਚੀਕ ਪੁਕਾਰ ਕਰਦੀਆਂ ਨੇ... ਹਾਅ ਹੁਣੇ ਤੇਰੇ ਆਉਣ ਤੋਂ ਪਹਿਲਾਂ ਉਹ ਮੇਰੇ ਨਾਲ ਗੱਲਾਂ ਕਰ ਰਹੀਆਂ... ਨਿੱਕੇ ਨਿੱਕੇ ਮੂੰਹਾਂ ਆਲੀਆਂ... ਮੇਰੀ ਸੱਸ ਤੇ ਘਰ ਆਲਾ ਧੱਕੇ ਨਾਲ ਮੈਨੂੰ ਉਰੇ ਲੈ ਆਏ... ਮੈਂ ਸਭ ਦੱਸੂੰ...।''

ਭਗਤੀ 'ਚ ਐਨੀ ਹਿੰਮਤ ਕਿਵੇਂ ਆ ਗਈ? ਉਹ ਤਾਂ ਕਦੇ ਐਨਾ ਵਿਰੋਧ ਕਰ ਹੀ ਨਹੀਂ ਸੀ ਸਕਦੀ... ਪਰ ਅੱਜ ਤਾਂ ਕਮਾਲ ਈ ਹੋ ਗੀ... ਸ਼ਾਇਦ ਉਹਨੂੰ ਇਹਨਾਂ ਮਰੀਆਂ ਹੋਈਆਂ ਕੁੜੀਆਂ ਨੇ...।

ਡਾਕਟਰ ਨੇ ਭਗਤੀ ਦੀ ਗੱਲ ਸੁਣੀ ਤਾਂ ਜਿਵੇਂ ਉਹਨੂੰ ਕਰੰਟ ਵੱਜਿਆ ਹੋਵੇ। ਉਹ ਭਗਤੀ ਦੇ ਮੂੰਹ ਤੇ ਹੱਥ ਧਰਕੇ ਉਹਨੂੰ ਚੁੱਪ ਰਹਿਣ ਲਈ ਤਾਕੀਦ ਜਿਹੀ ਕਰਦੀ ਕਮਰੇ ਤੋਂ ਬਾਹਰ ਆ ਗਈ।

ਭਗਤੀ ਅਜੇ ਅੰਦਰੇ ਸੀ। ਉਹਨੂੰ ਸਮਝ ਨਹੀਂ ਸੀ ਆ ਰਹੀ ਕਿ ਹੁਣ ਉਹ ਇਸ ਕਮਰੇ 'ਚੋਂ ਨਿਕਲ ਕੇ ਕਿੱਥੇ ਜਾਵੇ? ਸਹੁਰਿਆਂ ਨੇ ਤਾਂ ਵੜਨ ਨੀ ਦੇਣਾ।

ਤੇ ਫੇਰ ਸੱਚ ਮਿੱਚ ਨੂੰ ਤਾਂ ਕਿਸੇ ਮਰੀ ਹੋਈ ਕੁੜੀ ਨੇ ਪਤਾ ਨੀ ਕੁਸ ਕਿਹਾ ਜਾਂ ਨਾ ਪਰ ਭਗਤੀ ਨੂੰ ਐ ਲੱਗਿਆ ਜਿਵੇਂ ਸਾਰੀਆਂ 'ਕੱਠੀਆਂ ਈ ਰਹਿ ਰਹੀਆਂ ਹੋਣ, ''ਆਪਣੀ ਮਾਂ ਕੋਲ ਚਲੀ ਜਾਹ... ਸਾਡੀ ਤਾਂ ਕੋਈ ਮਾਂ ਹੈ ਈ ਨੀ... ਨਹੀਂ ਤਾਂ ਅਸੀਂ ਵੀ ਆਪਣੀ ਮਾਂ ਕੋਲ... ਸਾਨੂੰ ਤਾਂ ਹੁਣ ਆਪਣੀ ਆਪਣੀ ਮਾਂ ਦੀ ਪਛਾਣ ਵੀ ਨਹੀਂ ਹੈ... ਪਰ ਤੇਰੀ ਤਾਂ ਮਾਂ ਹੈ ਤੇ ਬਾਪ ਵੀ...।''

ਤੇ ਭਗਤੀ ਹਿੰਮਤ ਫੜ ਗਈ। ਪੇਕਿਆਂ ਨੇ ਤਾਂ ਨੀ ਕਿਧਰੇ ਕੱਢ ਦੇਣਾ। ਮੈਂ ਉਥੇ ਨਵੇਂ ਸਿਰਿਓਂ ਕੰਮ ਸ਼ੁਰੂ ਕਰ ਦੂੰਗੀ... ਰੋਟੀ ਤੋਂ ਤਾਂ ਭੁੱਖੀ ਨੀ ਮਰਦੀ।

ਲੋਹੇ ਲਾਖੇ ਹੋਏ ਮਾਂ ਪੁੱਤ ਗੇਟ ਤੇ ਖੜ੍ਹੇ, ਉਹਨੂੰ ਉਡੀਕ ਰਹੇ ਸਨ ਤੇ ਕਮਰੇ 'ਚੋਂ ਬਾਹਰ

ਰਹੀ ਭਗਤੀ ਨੂੰ ਜਾਪਿਆ ਜਿਵੇਂ ਕਿੰਨੀਆਂ ਹੀ ਅ-ਜਨਮੀਆਂ ਕੁੜੀਆਂ ਉਸਨੂੰ ਨਮਸਕਾਰ ਕਰ ਰਹੀਆਂ ਨੇ। ਆਪਣੀ ਗੱਲ ਮੰਨ ਲੈਣ ਦੇ ਬਦਲੇ ਉਹਦਾ ਧੰਨਵਾਦ ਕਰ ਰਹੀਆਂ ਨੇ। ਉਹਨੂੰ ਸਿਜਦੇ ਕਰ ਰਹੀਆਂ ਨੇ।

ਉਹ ਬਾਹਰ ਨਿਕਲੀ ਤੇ ਬਿਨਾ ਆਪਣੇ ਪਤੀ ਅਤੇ ਸੱਸ ਨਾਲ ਕੋਈ ਗੱਲ ਕਰਿਆਂ ਰਿਕਸ਼ਾ 'ਚ ਬੈਠ ਕੇ ਬੱਸ ਅੱਡੇ ਵੱਲ ਚਲੀ ਗਈ। ਮਾਂ ਪੁੱਤ ਨੂੰ ਡਾਕਟਰ ਨੇ ਸਾਰੀ ਗੱਲ ਦੱਸ ਦਿੱਤੀ ਸੀ ਤੇ ਭਵਾਨੀ ਬਣੀ ਭਗਤੀ ਦਾ ਰੂਪ ਦੱਸਕੇ ਭਗਤੀ ਨੂੰ ਕੁੱਝ ਵੀ ਨਾ ਕਹਿਣ ਦੀ ਹਿਦਾਇਤ ਵੀ ਕੀਤੀ ਸੀ ਸ਼ਾਇਦ ਇਸੇ ਲਈ ਦੋਵੇ ਚੁੱਪ ਦੇ ਚੁੱਪ ਭਗਤੀ ਨੂੰ ਰਿਕਸ਼ਾ ਵਿੱਚ ਬੈਠਕੇ ਜਾਂਦਿਆਂ ਦੇਖਕੇ ਰਹਿ ਗਏ ਸਨ। ਕਿਸੇ ਪੰਗੇ ਤੋਂ ਡਰਦੇ ਮਾਰੇ।

ਪਰ ਹੈਰਾਨ ਸਨ ਕਿ ਭਗਤੀ ਇੰਨੀ ਤਾਕਤਵਾਰ ਹੋਈ ਕਿਵੇਂ?

ਭਗਤੀ ਆਪਣੇ ਪੇਕੇ ਆ ਗਈ। ਮਾਂ ਬਾਪ ਨੂੰ ਸਾਰੀ ਵਿਥਿਆ ਸੁਣਾਈ। ਅਗਲੇ ਦਿਨ ਉਹਦੀ ਮਾਂ ਜਾ ਕੇ ਨਿੱਕੀਆਂ ਕੁੜੀਆਂ ਨੂੰ ਵੀ ਲੈ ਆਈ।

ਸੁੰਨੀਆਂ ਨਜਰਾਂ ਨਾਲ ਧੀ ਦੇ ਉਦਾਸ ਚਿਹਰੇ ਵੱਲ ਵੇਖਦਿਆਂ ਭਗਤੀ ਦੀ ਮਾਂ ਸੋਚਦੀ ਕਿ ਐਦੂੰ ਤਾਂ ਕਿਸੇ ਗਰੀਬ ਘਰੇ ਧੀ ਦਿੱਤੀ ਹੁੰਦੀ। ਵੱਡਿਆਂ ਨਾਲ ਮੱਥਾ ਲਾ ਕੇ ਕੀ ਖੱਟਿਆ। ਪਰ ਉਹ ਬੋਲਦੀ ਨਹੀਂ ਸੀ ਕੁਸ਼।

ਫੇਰ ਨਾ ਭਗਤੀ ਦੇ ਸਹੁਰਿਆਂ ਤੋਂ ਕੋਈ ਸੁਖ ਸੁਨੇਹਾ ਆਇਆ। ਨਾਂ ਕੋਈ ਉਹਦਾ ਪਤਾ ਕਰਨ ਹੀ ਆਇਆ। ਤੇ ਜਿਸ ਦਿਨ ਭਗਤੀ ਦੇ ਘਰ ਬੇਟਾ ਪੈਦਾ ਹੋਇਆ ਤਾਂ ਭਗਤੀ ਨੂੰ ਸੱਚ ਈ ਨਾ ਆਵੇ। ਇਹ ਚਮਤਕਾਰ ਕਿਸ ਤਰ੍ਹਾਂ ਹੋ ਗਿਆ?

ਇਹ ਤਾਂ ਰੱਬ ਦਾ ਲੱਖ ਲੱਖ ਸ਼ੁਕਰ ਐ ਬਈ ਬੇਟਾ ਘਰੇ ਈ ਹੋਇਆ ਸੀ। ਜੇ ਕਿਸੇ ਹਸਪਤਾਲ 'ਚ ਹੋਇਆ ਹੁੰਦਾ ਤਾਂ ਭਗਤੀ ਨੇ ਕਦੇ ਨਹੀਂ ਸੀ ਸੱਚ ਮਨੰਣਾ ਕਿ ਏਹ ਬੇਟਾ ਉਸ ਦਾ ਹੈ। ਉਸਨੇ ਕਹਿਣਾ ਸੀ ਕਿ ਡਾਕਟਰ ਨੇ ਉਹਦੀ ਧੀ ਕਿਸੇ ਦੇ ਮੁੰਡੇ ਨਾਲ ਬਦਲ ਦਿੱਤੀ ਐ। ਹੁਣ ਤਾਂ ਇਸ ਸ਼ੱਕ ਦਾ ਕੋਈ ਸਵਾਲ ਈ ਪੈਦਾ ਨਹੀਂ ਸੀ ਹੁੰਦਾ।

ਅਸਲ ਵਿਚ ਡਾਕਟਰ ਨੇ ਲਿੰਗ ਟੈਸਟ ਬੈਨ ਹੋਣ ਕਰਕੇ ਕਾਹਲੀ ਕਾਹਲੀ ਵਿੱਚ ਪਤਾ ਨੀ ਰਿਪੋਰਟ ਗਲਤ ਦੇ ਦਿੱਤੀ ਸੀ... ਪਤਾ ਨੀ ਡਾਕਟਰ ਦੀ ਟੈਸਟ ਮਸ਼ੀਨ ਝੂਠ ਬੋਲ ਗਈ ਸੀ ਤੇ ਪਤਾ ਨੀ ਰੱਬੋਂ ਈ ਕੋਈ ਚਮਤਕਾਰ ਹੋਇਆ ਸੀ।

ਭਗਤੀ ਦੀ ਮਾਂ ਨੇ ਤਾਂ ਉਹਦੇ ਸਹੁਰੇ ਸੁਨੇਹਾ ਨਹੀਂ ਸੀ ਭੇਜਿਆ-ਭੇਲੀ ਤਾਂ ਭਲਾ ਭੇਜਣੀਓ ਕੀ ਸੀ-ਉਹਨਾਂ ਨੂੰ ਕਿਧਰੋਂ ਹੋਰ ਤੋਂ ਈ ਮੁੰਡੇ ਦਾ ਪਤਾ ਲੱਗਿਆ। ਦੋਵੇਂ ਮਾਂ ਪੁੱਤ ਪੰਜੀਰੀ ਲੈ ਕੇ ਪਹੁੰਚ ਗਏ।

ਪਰ ਭਗਤੀ ਨੇ ਮਾਂ ਦੇ ਸਮਝਾਉਣ ਤੇ ਵੀ ਕੋਠੜੀ ਦਾ ਬੂਹਾ ਨਹੀਂ ਸੀ ਖੋਹਲਿਆ। ਚਾਰੋਂ ਕੁੜੀਆਂ ਤੇ ਨਿਕਾ ਉਹਨੇ ਅੰਦਰ ਕੋਠੜੀ ਵਿੱਚ ਬੰਦ ਕਰਕੇ ਅੰਦਰੋਂ ਕੁੰਡੀ ਲਾ ਲਈ ਸੀ। ਉਹਦੀ ਸੱਸ ਬਥੇਰੀਆਂ ਮਾਫ਼ੀਆਂ ਮੰਗਦੀ ਰਹੀ-ਉਹਦਾ ਘਰ ਵਾਲਾ ਬਥੇਰਾ ਮਿੰਨਤਾਂ ਕਰਦਾ ਰਿਹਾ ਪਰ ਕੋਠੜੀ ਦੀ ਝੀਥ ਵਿੱਚ ਭਗਤੀ ਨੇ ਸਿਰਫ ਇਹੀ ਕਿਹਾ,

''ਮਾਂ ਜੇ ਤੈਂ ਇਹਨਾਂ ਬੰਦਿਆਂ ਦੀ ਕੋਈ ਚੀਜ ਜਾਂ ਪੰਜੀਰੀ ਰੱਖੀ ਤਾਂ ਮੈਂ ਜੁਆਕਾਂ ਸਮੇਤ ਨਹਿਰ 'ਚ ਛਾਲ ਮਾਰ ਦੂੰ... ਦੇਖ ਲੈ ਫੇਰ...''

ਤੇ ਮਜਬੂਰਨ ਮਾਂ ਪੁੱਤ ਸਾਰਾ ਲੜੀਆਂ ਤੜੀਆ ਚੱਕ ਕੇ ਆਥਣੇ ਵਾਪਸ ਆ ਗਏ।

ਗੁੱਡੂ ਚਾਰ ਮਹੀਨਿਆਂ ਦਾ ਹੋ ਗਿਆ। ਭਗਤੀ ਨੇ ਦਬਾਰਾ ਸਾਫਟ ਟੁਆਇਜ਼ ਬਣਾਉਣ ਦਾ ਕੰਮ ਸ਼ੁਰੂ ਕਰ ਦਿੱਤਾ ਪਰ ਹੁਣ ਉਸ ਕੋਲ ਫਰ ਜੋਗੇ ਪੈਸੇ ਨਹੀਂ ਸੀ। ਫਰ ਚਾਰ ਸੌ ਰੁਪਈਏ



ਮੀਟਰ ਹੋ ਗਈ ਸੀ ਤੇ ਇੰਮਪੋਰਟਿਡ ਤਾਂ ਨੌਂ ਸੌ ਰੁਪਈਏ ਮੀਟਰ ਤੋਂ ਘੱਟ ਨਹੀਂ ਸੀ ਮਿਲਦੀ।

ਸਲਾਈ ਸੈਂਟਰ ਵਾਲੀ ਭੈਣ ਸਵੈ ਅਭਿਆਨੀ ਔਰਤ ਭੁੱਖੀ ਨੀ ਮਰ ਸਕਦੀ... ਪਰ ਹੁਣ ਵਕਤ ਚੇਂਜ ਹੋ ਗਿਐ... ਹੁਣ ਲੋਕਾਂ ਦੇ ਟੇਸਟ ਵੀ ਬਦਲ ਗਏ ਨੇ... ਹੁਣ ਕੱਪੜਿਆਂ ਦੀਆਂ ਗੁੱਡੀਆਂ ਤਾਂ ਲੋਕਾਂ ਨੇ ਖਦੀਰਣੀਆਂ ਨੀ... ਐਵੇਂ ਟਾਇਮ ਖਰਾਬ ਕਰਨ ਦਾ ਕੋਈ ਫਾਇਦਾ ਨੀ... ਫਰ ਜੇਕਰੇ ਅਜੇ ਆਪਣੇ ਕੋਲ ਪੈਸੇ ਨੀ... ਏਸ ਤਰ੍ਹਾਂ ਕਰਦੇ ਆਂ... ਬਈ ਮੈਂ ਸਮਾਨ ਤੈਨੂੰ ਕਿਧਰੋਂ ਨਾ ਕਿਧਰੋਂ ਜੁਟਾਊਂਗੀ... ਅੱਜ ਕੱਲ ਪਲਾਸਟਿਕ ਦੀਆਂ ਪਾਈਪਾਂ ਨੂੰ ਜੋੜ ਜੋੜਕੇ ਲਹਿੰਗੇ ਵਾਲੀਆਂ ਡੌਲਾਂ ਬਣਦੀਆਂ ਨੇ ਤੇ ਖੰਭਾਂ ਆਲੀਆਂ ਪਰੀਆਂ... ਇਹ ਪਾਈਪਾਂ ਉਂਜ ਤਾਂ ਬਹੁਤੀਆਂ ਮਹਿੰਗੀਆਂ ਨੀ... ਆਪਾਂ ਖਰੀਦ ਵੀ ਲਮਾਂਗੇ... ਪਰ ਇੱਕ ਬੱਚਤ ਹੋ ਸਕਦੀ ਐ... ਮੇਰੇ ਹਸਬੈਂਡ ਦਾ ਗਰੀਨ ਪਾਰਕ 'ਚ ਮਿਲਕ ਬੂਥ ਐ... ਮਤਲਬ ਦੁੱਧ ਤੇ ਲੱਸੀ ਦੀਆਂ ਬੋਤਲਾਂ ਦਾ ਬੂਥ... ਉਥੇ ਲੋਕ ਪਾਈਪਾਂ ਨਾਲ ਦੁੱਧ ਲੱਸੀ ਪੀ ਕੇ ਪਾਈਪਾਂ ਸਿੱਟ ਦਿੰਦੇ ਨੇ... ਉਹ ਕੱਠੀਆਂ ਕਰਕੇ ਤੇਰਾ ਗੁਜ਼ਾਰਾ ਹੋ ਸਕਦੈ... ਨਾਲੇ ਮੈਂ ਆਪਣੇ ਹਸਬੈਂਡ ਨੂੰ ਤੇਰੀ ਸਾਰੀ ਕਹਾਣੀ ਦੱਸ ਰੱਖੀ ਐ... ਉਹ ਕਹਿੰਦੇ ਸੀਗੇ, ਬਈ ਜਿੰਨੀ ਸਹਾਇਤਾ ਅਸੀਂ ਕਰ ਸਕਾਂਗੇ... ਕਰ ਦਿਆਂਗੇ... ਦੇਖ ਆਪਣੇ ਹੱਥ ਧੋਂਦੀ ਕੋਈ ਗੋਲੀ ਨੀ ਕਹਾਉਂਦੀ ਹੁੰਦੀ... ਨਾਲੇ ਤੈਂ ਹੁਣ ਸੁਖ ਨਾਲ ਪੰਜ ਬੱਚੇ ਤੇ ਛੇਵਾਂ ਆਪਣਾ ਆਪ ਪਾਲਣੈ... ਮਾਂ ਬਾਪ ਤੇ ਬੋਝ ਨੀ ਬਣਨਾ... ਬੱਚੇ ਪੜ੍ਹਾਉਣੇ ਵੀ ਨੇ... ਕੁੜੀਆਂ ਲਈ ਆਪਣੇ ਪੈਰਾਂ ਤੇ ਖੜ੍ਹੇ ਹੋਣਾ ਬਹੁਤ ਜ਼ਰੂਰੀ ਐ... ਇਸ ਤਰ੍ਹਾਂ ਕਰਿਆ ਕਰ... ਆਥਣੇ ਸਿਰਫ ਘੰਟੇ ਵਾਸਤੇ ਬੁਲਬੁਲ ਨੂੰ ਥੈਲਾ ਦੇ ਕੇ ਬੂਥ ਤੇ ਭੇਜ ਦਿਆ ਕਰ... ਕੁੜੀ ਦੀ ਚਿੰਤਾ ਨੀ ਕਰਨੀ... ਜਿਹੀ ਜੀ ਇਹ ਤੇਰੀ ਧੀ... ਉਹੀ ਜੀ ਸਾਡੀ...।''

''ਪਰ ਭੈਣ ਜੀ ਕੀ ਪਤਾ ਥੋਡੀ ਦੁਕਾਨ ਕਿੰਨੀ ਕੁ ਦੂਰ ਐ...।''

''ਲੈ ਦੂਰ ਕਿਤੇ ਬੀਕਾਨੇਰ 'ਚ ਐ? ਥੋੜਾ ਪਿੰਡ ਸ਼ਹਿਰ ਦੇ ਵਿੱਚ ਹੀ ਘਿਰ ਗਿਐ... ਸਾਰੀ ਅੱਧਾ ਮੀਲ ਵਾਟ ਹੋਣੀ ਐ... ਕੁੜੀਆਂ ਦੇ ਸਕੂਲ ਦੇ ਸਾਹਮਣੇ...।''

ਤੇ ਬੁਲਬੁਲ ਰੋਜ ਥੈਲਾ ਲੈ ਕੇ ਸ਼ਾਮ ਨੂੰ ਬੂਥ ਤੇ ਚਲੀ ਜਾਂਦੀ। ਸਾਰੇ ਦਿਨ ਦੀਆਂ ਪਾਈਪਾਂ ਕੱਠੀਆਂ ਕਰਕੇ ਥੈਲਾ ਭਰ ਲਿਆਉਂਦੀ।

ਹੁਣ ਭਗਤੀ ਦਾ ਕੰਮ ਪਹਿਲਾਂ ਵਾਂਗ ਚਲ ਪਿਆ ਸੀ। ਚਾਰੋਂ ਕੁੜੀਆਂ ਸਕੂਲ ਜਾਂਦੀਆਂ ਸਨ। ਭਗਤੀ ਨਹੀਂ ਸੀ ਚਾਹੁੰਦੀ ਕਿ ਉਹਦੀਆਂ ਕੁੜੀਆਂ ਵੀ ਅਨਪੜ੍ਹ, ਰਹਿ ਕੇ ਉਹਦੇ ਵਾਲੀ ਦੁਰਦਸ਼ਾ 'ਚੋਂ ਗੁਜਰਨ ਸੋ ਉਹ ਮਿਹਨਤ ਕਰਕੇ ਕੁੜੀਆਂ ਨੂੰ ਪੜ੍ਹਾਉਣ ਚਾਹੁੰਦੀ ਸੀ।

ਤੇ ਅੱਜ ਏਸੇ ਬੁਲਬੁਲ ਨੂੰ ਜਦੋਂ ਮੇਹਰੂ ਨੌਕਰ ਡੰਡੇ ਨਾਲ ਖੜਕਾ ਕਰਕੇ ਝੂਠ ਮੂਠ ਦਾ ਡਰਾਉਂਦਾ ਹੋਇਆ ਗੇਟ ਤੱਕ ਦਬੱਲਣ ਗਿਆ ਤਾਂ ਬੁਲਬੁਲ ਸਲਵਾਰ ਦੇ ਪੌਂਹਚੇ 'ਚ ਉੜਕ ਕੇ ਧੜੰਮ ਥੱਲੇ ਗਿਰ ਗਈ।

''ਕੁਰਸੀ ਤੋਂ ਫੁਰਤੀ ਨਾਲ ਉਠਦਿਆਂ ਕੀਮਤੀ ਬੋਲਿਆ, ''ਉਇ ਬੱਸ ਕਰ ਉਇ ਮੇਹਰੂ ਕੇ ਬੱਚੇ... ਕੁੜੀ ਡਰ ਜੇਗੀ...।''

ਫੇਰ ਉਹ ਆਪ ਮੁਹਾਰੇ ਈ ਡਿਗੀ ਪਈ ਬੁਲਬੁਲ ਵੱਲ ਭੱਜਦਾ ਹੋਇਆ ਬਲਿਆ, ''ਮੈਂ ਆ ਗਿਆ ਪੁੱਤ ਬੁਲਬੁਲ ... ਤੇਰੈ ਚੋਟ ਤੇ ਨੀ ਲਗੀ? ... ਚਲ ਆ ਜਾ ਉਥੈ ਮੇਰੇ ਲਬੈ ਆ ਜਾ...।''ਤੇ ਬੁਲਬੁਲ ਨੂੰ ਬਾਹੋਂ ਫੜਕੇ ਉਹ ਜਦੋਂ ਬੂਥ ਦੇ ਨੇੜੇ ਆਇਆ ਤਾਂ ਗਾਹਕਾਂ ਨੂੰ ਆਪਣੇ ਵੱਲ ਦੇਖਦਿਆਂ ਤੱਕ ਕੇ ਝੇਂਪ ਜਿਹਾ ਗਿਆ।

ਪਤਾ :ਪੰਜਾਬੀ ਵਿਭਾਗ, ਸਰਕਾਰੀ ਕਾਲਜ ਲੜਕੀਆਂ, ਸੈਕਟਰ-42, ਚੰਡੀਗੜ੍ਹ, ਮੁ. 98767-32435

## ਪਿਘਲਦੀ ਮੋਮਬੱਤੀ ਅਤੇ ਰੱਸੀ ਵਾਲਾ ਪਟਾਕਾ/ਜਸਪਾਲ ਮਾਨਖੇੜਾ

ਜਦ ਮੇਰੀ ਪਤਨੀ ਸ਼ਲਿੰਦਰ ਨੇ ਹਸਪਤਾਲ ਰੋਟੀ ਦੇਣ ਜਾਣ ਲਈ ਸਕੂਟਰ ਕੱਢਣ ਵਾਸਤੇ ਕਿਹਾ ਤਾਂ ਮੈਨੂੰ ਜਾਪਿਆ ਜਿਵੇਂ ਮੇਰੇ ਸਿਰ ਵਿਚ ਸੌ ਘੜੇ ਪਾਣੀ ਪੈ ਗਿਆ ਹੋਵੇ। ਸ਼ਲਿੰਦਰ ਦੀ ਸਕੀ ਮਾਸੀ ਸ਼ਹਿਰੋਂ ਬਾਹਰ ਹਸਪਤਾਲ ਵਿਚ ਦਾਖਲ ਸੀ। ਹਸਪਤਾਲ ਨਵਾਂ ਬਣਿਆ ਸੀ। ਨਾਲ ਮੈਡੀਕਲ ਕਾਲਜ, ਬੀ. ਐਸ. ਸੀ. ਨਰਸਿੰਗ, ਜੀ. ਐਨ. ਐਮ. ਤੇ ਹੋਰ ਕਈ ਮੈਡੀਕਲ ਕੋਰਸ। ਇਸ ਇਲਾਕੇ ਦੇ ਲੋਕ ਲੁਧਿਆਣੇ ਡੀ. ਐਮ. ਸੀ ਜਾਂ ਪੀ. ਜੀ. ਆਈ. ਚੰਡੀਗੜ੍ਹ 'ਚ ਮਰੀਜ ਲਿਜਾਣੇ ਘੱਟ ਗਏ ਸਨ। ਪਹਿਲਾਂ ਬਠਿੰਡੇ ਲਿਆਉਂਦੇ ਏਸੇ...। ਜੇ ਕੋਈ ਮਰੀਜ਼ ਜ਼ਿਆਦਾ ਈ ਸੀਰੀਅਸ ਹੋ ਜਾਂਦਾ ਤਾਂ ਲੁਧਿਆਣੇ ਜਾਂ ਚੰਡੀਗੜ੍ਹ ਲੈ ਕੇ ਜਾਂਦੇ। ਮਾਸੀ ਸੀਰੀਅਸ ਤਾਂ ਸੀ ਪਰ ਖਤਰੇ 'ਚ ਨਹੀਂ... ਉਸਦੀ ਬਿਮਾਰੀ ਲੰਬੀ ਸੀ।

ਜਦੋਂ ਪਹਿਲੇ ਦਿਨ ਹਸਪਤਾਲ ਰੋਟੀ ਗਈ ਸੀ ਤਾਂ ਮੈਨੂੰ ਇਕ ਖਿਝ ਜਿਹੀ ਚੜ੍ਹ ਗਈ ਸੀ। ਮੈਨੂੰ ਦਾਲ-ਸਬਜੀ ਰੋਟੀ ਦੇ ਖਰਚ ਨਾਲੋਂ ਦੋਵੇਂ ਵੇਲੇ ਰੋਟੀ ਫੜਾਉਣ ਦੀ ਖੇਚਲ ਭਾਰੀ ਲੱਗੀ ਸੀ। ਅਸੀਂ ਦੋਵੇਂ ਜੀਅ ਮੈਂ ਅਤੇ ਸ਼ਲਿੰਦਰ ਨੌਕਰੀ ਕਰਦੇ ਹਾਂ। ਡਿਊਟੀ ਜਾਂਦੇ ਹਾਂ। ਦੋਵੇਂ ਬੱਚਿਆਂ ਦੇ ਇਮਤਿਹਾਨ ਨੇੜੇ ਹਨ। ਪੜ੍ਹਾਈ ਦੇ ਨਾਲ ਟਿਊਸ਼ਨਾ। ਅੱਜ ਤਾਂ ਬੇਟਾ ਚੰਡੀਗੜ੍ਹ ਗਿਆ ਹੋਇਆ ਸੀ। ਮੈਨੂੰ ਹੀ ਜਾਣਾ ਪੈਣਾ ਸੀ।

ਸ਼ਲਿੰਦਰ ਰਸੋਈ ਵਿਚ ਸੀ। ਸ਼ਾਇਦ ਟਿਫਨ ਵਿਚ ਦਾਲ-ਸਬਜੀ ਪਾ ਰਹੀ ਹੋਵੇਗੀ। ਰੋਟੀ ਉਸ ਪਕਾ ਰੱਖੀ ਸੀ। ਅੱਜ ਮੈਂ ਦਫ਼ਤਰ ਤੋਂ ਕੁੱਝ ਲੇਟ ਆਇਆ ਸਾਂ। ਪੈਗ-ਸ਼ੈਗ ਲਾਉਣ ਦਾ ਪ੍ਰੋਗਰਾਮ ਬਣਦਾ ਬਣਦਾ ਰਹਿ ਗਿਆ। ਇਕ ਦੋ ਕੁਲੀਗਜ ਦਾ ਡਰਾਈ ਡੇ ਸੀ। ਮੇਰਾ ਤਾਂ ਕੋਈ ਡਰਾਈ ਡੇ ਨਹੀਂ ਸੀ ਹੁੰਦਾ! ਪਰ ਹੁਣ ਮੈਂ ਬੱਚਿਆਂ ਦੀ ਪੜ੍ਹਾਈ ਅਤੇ ਪਤਨੀ ਦੀਆਂ ਘੁਰਕੀਆਂ, ਝਿੜਕਾਂ ਅਤੇ ਮੱਤਾਂ ਸਮਝੌਤੀਆਂ ਅੱਗੇ ਕਈ ਸਾਲਾਂ ਤੋਂ ਵੈਸ਼ਨੂੰ ਬਣ ਗਿਆ ਸਾਂ, ਵਿਆਹ-ਸ਼ਾਦੀ, ਤਿੱਥ-ਤਿਉਹਾਰ ਜਾਂ ਕਦੇ-ਕਦੇ ਪੀਣ ਦੀ ਮੈਨੂੰ ਖੁੱਲ੍ਹ ਮਿਲੀ ਹੋਈ ਸੀ। ਅੱਜ ਸਾਡਾ ਬੈਠਣ ਦਾ ਪ੍ਰੋਗਰਾਮ ਭਾਵੇਂ ਬਣਨੋ ਰਹਿ ਗਿਆ ਸੀ। ਪਰ ਮੇਰੇ ਮਨ ਵਿਚ ਮਹਿਫ਼ਲ ਮਹਿਲ ਉਸਰ ਗਿਆ ਸੀ। ਦਫਤਰੋਂ ਆਉਂਦਾ ਹੀ ਸ਼ਰਾਬ ਦਾ ਹਾਫ ਅਤੇ ਬਟਰ ਚਿਕਨ ਲੈ ਆਇਆ ਸੀ। ਨਾਲੇ ਪੈਗ ਨਾਲ ਮੂੰਹ ਕਰਾਰਾ ਕਰ ਲਵਾਂਗੇ, ਨਾਲੇ ਰੋਟੀ ਖਾ ਲਵਾਂਗਾ। ਪੈਗ ਲਾ ਕੇ ਰੋਟੀ ਖਾਣ ਦਾ ਸੁਆਦ ਤਾਂ ਮੀਟ ਨਾਲ ਹੀ ਆਉਂਦੈ, ਦਾਲ ਤਾਂ ਬਕਬਕੀ ਜੀ ਲਗਦੀ ਐ ਮਿੱਟੀ ਵਰਗੀ...।'' ਮੈਂ ਇਹ ਮਨ ਹੀ ਮਨ ਸੋਚਦਾ ਆਇਆ ਸੀ।

''ਹੁਣ ਕਿਹੜੀਆਂ ਸੋਚਾਂ 'ਚ ਪੈਗੇ, ਸਕੂਟਰ ਬਾਹਰ ਕੱਢੋ, ਹੁਣ ਫੜਾ ਕੇ ਮੁੜ ਆਉਂਨੇ ਆਂ,'' ਸ਼ਲਿੰਦਰ ਦੀ ਟੱਲੀ ਵਾਂਗ ਖੜਕਦੀ ਅਵਾਜ਼ ਠਾਹ ਕਰਕੇ ਸਿਰ ਵਿਚ ਵੱਜੀ ਤੇ ਮੈਂ ਅਣਮੰਨੇ ਦਿਲ ਨਾਲ ਸਕੂਟਰ ਬਾਹਰ ਕੱਢ ਲਿਆ।

ਹਸਪਤਾਲ ਜਾਣ 'ਚ ਮੈਨੂੰ ਵੈਸੇ ਹੀ ਖਿੱਝ ਐ। ਦਵਾਈਆਂ ਦੀ ਹਵਾੜ, ਮਰੀਜਾਂ ਦੀ ਹੈਅ ਬੂਹ ਸੰਕਟ ਲਿਆ ਦਿੰਦੀ ਹੈ। ਮੈਂ ਲਗਦੀ ਵਾਹ ਹਸਪਤਾਲ ਨਹੀਂ ਜਾਂਦਾ। ਪਤਨੀ ਨੂੰ ਭੇਜ ਦਿੰਦਾ ਹਾਂ। ਉਹਨੂੰ ਬਥੇਰਾ ਚਾਅ ਐ ਆਉਣ ਜਾਣ ਦਾ। ਜਾਣਾ ਭਾਵੇਂ ਕਿਤੇ ਹੋਵੇ ਸ਼ਹਿਰ ਕਿਸੇ ਖੁਸ਼ੀ ਗਮੀ 'ਤੇ ਜਾਂ ਪਿੰਡ ਕਿਸੇ ਰਿਸ਼ਤੇਦਾਰੀ 'ਚ ਐਂ ਜਾਂਦੀ ਐ ਪਹਿਨ ਪੱਚਰ ਕੇ। ਅੱਜ



ਵੀ ਕਪੜੇ ਭਾਵੇਂ ਸਿੰਪਲ ਪਾਏ ਨੇ ਪਰ ਗਹਿਣੇ ਖੂਬ...। ਉਮਰੋਂ ਪਹਿਲਾਂ ਢਿਲਕੇ ਮਾਸ ਨੂੰ ਭਾਵੇਂ ਮੇਕਅੱਪ ਨਹੀਂ ਲੁਕਾਉਂਦਾ। ਪਰ ਉਹ ਪੂਰੀ ਵਾਹ ਲਾਉਂਦੀ ਹੈ।

ਮੈਂ ਉਦਾਸ ਮਨ ਨਾਲ ਸਕੂਟਰ ਭਜਾਈ ਜਾਣਾ ਹਾਂ। ਖੁਰ ਗਈ ਮਨ ਦੀ ਮਹਿਫ਼ਲ 'ਤੇ ਝੂਰਦਾ ਮੈਂ ਸ਼ਲਿੰਦਰ ਦੀ ਕਿਸੇ ਗੱਲ ਦਾ ਜਵਾਬ ਨਹੀਂ ਦੇ ਰਿਹਾ। ਹਸਪਤਾਲ ਦੀ ਰੈਂਪ 'ਤੇ ਸ਼ਲਿੰਦਰ ਟਿਫਨ ਚੁੱਕੀ ਘੋੜੀ ਵਾਂਗ ਚੜ੍ਹ ਰਹੀ ਹੈ। ਮੈਂ ਸੜੀਅਲ ਟੱਟੂ ਵਾਂਗ ਪੈਰ ਘੜੀਸਦਾ ਜਾਨਾਂ। ਜਰਨਲ ਵਾਰਡ ਵਿਚ ਦਾਖਲ ਹੁੰਦੇ ਹੀ ਦਵਾਈਆਂ ਦਾ ਮੁਸ਼ਕ ਨਾਸਾਂ ਰਾਹੀਂ ਦਿਮਾਗ ਨੂੰ ਚੜ੍ਹ ਰਿਹਾ ਹੈ।

''ਜਿਉਂਦਾ ਰੈਹ ਸਾਊ...।''

''ਜੀਜਾ ਸਾਸਰੀ 'ਕਾਲ...।'' ਕਹਿ ਕੇ ਪਰ੍ਹੇ ਹੋ ਸਟੂਲ 'ਤੇ ਜਾ ਬੈਠਦਾ ਹਾਂ। ਬੁੜ੍ਹੀ ਦੀ ਹਾਲਤ ਮਾਂਦੀ ਪੈ ਰਹੀ ਹੈ। ਬਿਮਾਰੀ ਉਤੋਂ ਦੀ ਪੈਂਦੀ ਜਾਂਦੀ ਹੈ। ਮਾਂ ਦੀ ਹਾਲਤ ਵੇਖ ਧੀ ਮੀਤੋ ਦਾ ਚਿਹਰਾ ਪੀਲਾ ਪਿਆ ਹੋਇਆ ਹੈ। ਪਰ ਮੀਤੋ ਦੇ ਸਰੀਰ ਦੇ ਪੱਠੇ ਤਣੇ ਹੋਏ ਹਨ। ਦੋਵਾਂ ਮਾਵਾਂ ਧੀਆਂ ਵੱਲ ਸਰਸਰੀ ਵੇਖਦਾ ਹਾਂ। ਇਕ ਪਲ ਨਜਰਾਂ ਮੀਤੋ 'ਤੇ ਰੁਕਦੀਆਂ ਹਨ ਤੇ ਫਿਰ ਦਫ਼ਤਰ ਦੇ ਕੰਮ ਧੰਦਿਆਂ ਦੀਆਂ ਸੋਚਾਂ ਵਿਚ ਡੁੱਬ ਜਾਂਦਾ ਹਾਂ। ਨਵੇਂ ਆਏ ਬੌਸ ਬਾਰੇ ਸੋਚਦਾ ਹਾਂ! ਜਿਸਨੂੰ ਅੱਜ ਆਪਣੇ ਦਫ਼ਤਰ ਬੁਲਾ ਕੇ ਕਿਹਾ ਸੀ, ''ਇੰਸਪੈਕਟਰ ਸਾਹਿਬ ਤੇਰੀ ਬੀਟ ਵੱਡੀ ਐ, ਵਰਕ ਲੋਡ੍ਹ ਜਿਆਦੈ, ਤੇਰਾ ਕੰਮ ਘੱਟ ਕਰੀਏ...।'' ਮੈਂ ਰਮਜ ਭਾਵੇਂ ਸਮਝ ਗਿਆ ਸਾਂ। ਕੁੱਝ ਚਿਰ ਫਿਕਰਾਂ ਜਿਆਂ ਹੇਠ ਦੱਬਿਆ ਵੀ ਗਿਆ ਸਾਂ। ਪਰ ਦੋ ਕੁ ਘੰਟੇ ਬਾਅਦ ਬਹਾਨੇ ਨਾਲ ਇਕ ਫਾਈਲ ਲੈ ਕੇ ਗਿਆ ਬੌਸ ਨੂੰ ਮੁੱਠੀ ਵਿਚ ਕਰ ਆਇਆ ਸਾਂ। ਅੱਜ ਉਸੇ ਖੁਸ਼ੀ ਨੂੰ ਪਹਿਲਾਂ ਦਫ਼ਤਰ ਅਤੇ ਫਿਰ ਘਰ ਸੈਲੀਬਰੇਟ ਕਰਨਾ ਚਾਹੁੰਦਾ ਸਾਂ। ਪਰ ਆਹ ਸਾਹਮਣੇ ਪਈ ਬੁੜ੍ਹੀ ਮਾਈ ਮਾਸੀ ਘੜਾਸੀ ਨੇ ਸਾਰੀ ਯੋਜਨਾ ਫੇਲ੍ਹ ਕਰਤੀ...।

ਮੈਨੂੰ ਉਥੇ ਬੈਠਣਾ ਦੁੱਭਰ ਹੋ ਗਿਆ। ਮਾਸੀ ਦੇ ਮਰੇ ਮਾਸ 'ਚੋਂ ਮੁਰਦੇ ਵਰਗੀ ਮੁਸ਼ਕ ਮਾਰਦੀ ਜਾਪੀ। ਮੈਂ ਧੁਰਲੀ ਮਾਰ ਕੇ ਸਟੂਲ ਤੋਂ ਉਠਿਆ ਅਤੇ ਵਰਾਂਡੇ ਦੇ ਇਕ ਸਿਰੇ ਨੂੰ ਤੁਰ ਪਿਆ। ਮੇਰੇ ਮਨ ਵਿਚ ਹਸਪਤਾਲ ਤੋਂ ਜਾਣ ਦੀ ਕਾਹਲ ਮੱਚੀ ਪਈ ਸੀ। ਮੈਨੂੰ ਸਲਿੰਦਰ 'ਤੇ ਮਣਾ ਮੂੰਹੀ ਗੁੱਸਾ ਆ ਰਿਹਾ ਸੀ। ਜੋ ਗੱਲਾਂ ਦੀ ਪੀਂਘ ਪਾਈ ਬੈਠੀ ਸੀ। ਤੁਰਨ ਦਾ ਨਾਂ ਨਈਂ ਲੈਂਦੀ ਸੀ। ਮੈਂ ਵਰਾਂਡੇ ਦੇ ਸਿਰੇ ਜਾਣ ਤੋਂ ਪਹਿਲਾਂ ਹੀ ਮੁੜ ਆਇਆ। ਅੱਗੇ ਦੋ ਆਦਮੀ ਖੜ੍ਹੇ ਸਨ। ਗੱਲਾਂ ਕਰਦਿਆਂ ਦੇ ਨੇੜੇ ਜਾਣਾ ਠੀਕ ਨਾ ਸਮਝਿਆ ਤੇ ਮੁੜ ਪਿਆ।

''ਕਿਮੇ ਗੁਪੀ ਐ... ਮੂੰਹ ਮੋੜ ਗਿਆ ਭਤੀਜ।''

ਇਹ ਸੁਣ ਮੈਂ ਹੈਰਾਨ ਰਹਿ ਗਿਆ। ਪਿੰਡ ਵਾਲਾ ਗੁਪੀ ਨਾਮ ਤਾਂ ਮੈਂ ਕਦੋ ਦਾ ਭੁੱਲ ਭੁਲਾ ਗਿਆ ਸਾਂ। ਹੁਣ ਤਾਂ ਜਗਰੂਪ ਸਿੰਘ ਟਿਵਾਣਾ ਬਣ ਗਿਆ ਸਾਂ, ਫੂਡ ਸਪਲਾਈ ਇੰਸਪੈਕਟਰ ਜਗਰੂਪ ਸਿੰਘ ਟਿਵਾਣਾ...।' ਟਿਵਾਣਾ ਸਾਹਬ' ਕਹਾ ਕੇ ਖੁਸ਼ ਹੁੰਦਾ ਸਾਂ। ਹੁਣ ਤਾਂ ਮੈਂ ਪਿੰਡ ਘੱਟ ਹੀ ਜਾਂਦਾ ਸਾਂ। ਪਿੰਡ ਜਾਂਦਾ ਵੀ ਕੋਈ ਕੋਈ ਗੁਪੀ ਕਹਿੰਦਾ...। ਪਿੰਡ ਨਾਲ ਮੇਰੀ ਸਾਂਝ ਜ਼ਮੀਨ ਦਾ ਠੇਕਾ ਲੈਣ ਤੱਕ ਹੀ ਰਹਿ ਗਈ ਸੀ। ਠੇਕਾ ਵੀ ਵੱਡਾ ਬਾਈ ਫੜਾ ਜਾਂਦਾ, ਘਰੇ ਬੈਠੇ ਨੂੰ ਸਾਲ ਵਿਚ ਦੋ ਵਾਰ। ਜੇ ਬਾਈ ਕਦੇ ਲੇਟ ਹੋ ਜਾਂਦਾ ਤਾਂ ਮੈਂ ਟੈਲੀਫੋਨ ਕਰ ਦਿੰਦਾ। ਜੇ ਬਾਈ ਫਿਰ ਵੀ ਨਾ ਪਹੁੰਚ ਸਕਦਾ ਤਾਂ ਸ਼ਲਿੰਦਰ ਫੋਨ ਕਰਦੀ। ਕੜਕਦਾ ਫੋਨ ਸੁਣ ਬਾਈ ਦੂਜੇ ਤੀਜੇ ਦਿਨ ਆ ਜਾਂਦਾ। ਮੈਥੋਂ ਬਾਈ ਦੀਆਂ ਡੁੱਲ੍ਹ ਡੁੱਲ੍ਹ ਕਰਦੀਆਂ ਅੱਖਾਂ ਵੱਲ ਵੇਖਿਆਂ ਨਾ ਜਾਂਦਾ। ਹੁਣ ਮੈਂ ਪਿੰਡ ਵਾਲਾ ਨਾਮ ਸੁਣਕੇ ਮੈਂ ਇਕ ਵਾਰ ਤਾਂ ਤ੍ਰਭਕਿਆਂ ਤੇ ਫਿਰ ਵਾਪਸ

ਉਸ ਪਾਸੇ ਵੱਲ ਮੁੜ ਪਿਆ ਜਿਥੇ ਉਹ ਦੋਵੇਂ ਬੰਦੇ ਖੜੇ ਸਨ।

ਇਹ ਤਾਂ ਚਾਚਾ ਗੱਜਣ ਸਿਓਂ ਸੀ। ਮੈਂ ਗੋਡੀਂ ਹੱਥ ਲਾਏ ਤੇ ਪੁਛਿਆ, ''ਐਥੇ ਕਿਮੇਂ ਹਸਪਤਾਲ 'ਚ ...।''

ਉਹ ਉਧੜ ਪਿਆ, ''ਮੁੰਡੇ ਨੂੰ ਦਾਖਲ ਕਰੀਂ ਬੈਠੇ ਆਂ... ਕੀ ਦਸਾਂ ਬੋਰ ਨੀਮਾਂ ਕਰਨਾ ਪੈ ਗਿਆ, ਮੱਛੀ ਮੋਟਰ ਲਾਈ, ਪੂਰਾ ਡੂਢ ਲਗ ਗਿਆ। ਉਧਰੋਂ ਕੁੜੀ ਦਾ ਵਿਆਹ ਕਰਨਾ ਸੀ ਕਿ ਏਹ ਕੰਜਰ ਵੋਟਾਂ 'ਚ ਬਿੰਬਰ ਖੜ ਗਿਆ। ਅਖੇ 'ਲਾਕਾ 'ਨਾਚਾਰਜ ਮੈਨੂੰ ਟਿੱਕ ਤਾ ਸਰਪੈਂਚੀ ਵਾਸਤੇ...। ਲੈ ਫੇਰ ਭਾਅਈ ... ਹਾਤਾ ਬਣਾਤਾ ਘਰ ਨੂੰ, ਮਾਰ ਸ਼ਰਾਬ ਮੀਟ, ਭੁੱਕੀ, ਕੈਵਸੂਲ-ਗੋਲੀਆਂ... ਦਸ ਜਾਣ ਵੀਹ ਜਾਣ... ਦਸ ਦਿਨ ਮੇਲਾ ਲਾਈ ਰੱਖਿਆ। ਸਰਪੈਂਚ ਤਾਂ ਕੀ ਬਣਨਾ ਸੀ ਬਿੰਬਰੀ ਵੀ ਹਾਰ ਗਿਆ। ਲੋਕ ਖਾ ਪੀ ਕੇ ਚਿੱਤੜਾਂ 'ਤੇ ਮਾਰੇ ਹੱਥ ਔਹ ਗਏ। ਵੋਟਾਂ ਪੈਸੇ ਲੈ ਕੇ ਪਾਗੇ। ਫਿਰਗੇ ਰਾਤੋ-ਰਾਤ।''

''ਉਏ ਜਾਣ ਦੇ ਗੱਜਣਾ... ਏਹ ਜੱਟ ਤਾਂ ਗਏ ਸਮਝ... ਨਾ ਪਹਿਲਾਂ ਵਾਲੀ ਅਣਖ ਰਹੀ ਨਾ ਅਕਲ... ਗਾਲ 'ਤੇ ਸਾਰੇ...।'' ਦੂਜਾ ਬੰਦਾ ਮੇਰੀ ਸਿਆਣ 'ਚ ਨਾ ਆਇਆ ਜਾਂ ਮੈਂ ਉਹਨੂੰ ਜਾਣਦਾ ਨਹੀਂ ਸੀ। ਪਰ ਚਾਚੇ ਨੂੰ ਪੁੱਛ ਲਿਆ, ''ਫੇਰ ਚਾਚਾ ਹਸਤਪਾਲ ਕਿਮੇਂ ਪਹੁੰਚਗੇ।''

''ਫੇਰ ਕੀ ਭਤੀਜ... ਦੋ ਦਿਨ ਤਾਂ ਅੰਦਰੋਂ ਈ ਨੀਂ ਨਿਕਲਿਆ। ਪੀਈਂ ਗਿਆ ਪੀਈਂ ਗਿਆ। ਦੇਹ ਬੋਤਲ ਤੇ ਬੋਤਲ... ਤੀਜੇ ਦਿਨ ਪੱਖੇ ਨਾਲ ਲਟਕ ਗਿਆ। ਉਹ ਤਾਂ ਬੁੜ੍ਹੀਆਂ ਨੂੰ ਪਤਾ ਲੱਗ ਗਿਆ ਘਰੇ... ਉਨ੍ਹਾਂ ਨੇ ਰੌਲਾ ਪਾ 'ਤਾ... ਮਸਾਂ ਬਚਿਐ। ਧੌਣ ਦੀਆਂ ਨਾੜਾਂ ਮਲੀਆਂ ਗਈਆਂ। ਅੱਜ ਸੁਰਤ ਆਈ ਐ ਅੱਠਾਂ ਪਹਿਰਾਂ ਤੋਂ...।''

''ਚੱਲ ਛੱਡ ਵੀ ਗੱਜਣਾ... ਆ ਐਧਰ ਆ...।'' ਨਾਲ ਵਾਲਾ ਇਹ ਕਹਿ ਆਪ ਈ ਪਰ੍ਹੇ ਨੂੰ ਤੁਰ ਗਿਆ। ਚਾਚਾ ਗੱਜਣ ਮੈਨੂੰ ਵੀ ਉਧਰ ਨੂੰ ਲੈ ਗਿਆ। ਵਰਾਂਡੇ 'ਚ ਹੀ ਇਕ ਘਚੋਰ ਜੀ ਅਲਮਾਰੀ 'ਚੋਂ ਉਨ੍ਹਾਂ ਸਰਾਬ ਦੀ ਬੋਤਲ ਅਤੇ ਗਲਾਸ ਕੱਢ ਕੇ ਵੱਡੇ ਵੱਡੇ ਪੈਗ ਪੀ ਲਏ। ਨਾਹ ਨਾਹ ਕਰਦੇ ਨੂੰ ਮੈਨੂੰ ਵੀ ਪੈਗ ਪਿਆ ਦਿਤਾ। ਦੂਜੇ ਵਾਰੀਂ ਮੈਂ ਨਾਂਹ ਵੀ ਨਾ ਕੀਤੀ।

ਬੋਤਲ ਖਤਮ। ਉਹ ਆਪਣੇ ਮੁੰਡੇ ਵੱਲ ਤੇ ਮੈਂ ਮਾਸੀ ਵੱਲ ਤੁਰ ਆਇਆ। ਸ਼ਰਾਬ ਤਾਂ ਅੰਗਰੇਜੀ ਸੀ ਸਸਤੀ ਜਿਹੀ। ਉਸ ਇਕ ਦਮ ਪੰਪ ਮਾਰਿਆ ਅਤੇ ਨਸ਼ਾਂ ਮੇਰੀਆਂ ਅੱਖਾਂ ਵਿਚ ਉਤਰ ਆਇਆ। ਮੈਂ ਉਸੇ ਸਟੂਲ 'ਤੇ ਆ ਬੈਠਾ ਜਿਸ ਤੋਂ ਉਠ ਕੇ ਗਿਆ ਸਾਂ। ਸ਼ਲਿੰਦਰ ਦੀਆਂ ਭਾਰੀ ਬਾਹਵਾ ਵਿਚ ਸੋਨੇ ਦੀਆਂ ਚੂੜੀਆਂ ਦੀ ਖਣਕਾਰ ਹੁਣ ਮੈਨੂੰ ਖਿੱਚ ਰਹੀ ਸੀ। ਇਕ ਪਲ ਉਸਦਾ ਮੋਹ ਜਾਗਿਆ। ਪਰ ਉਸਦੇ ਚਿਹਰੇ ਦੇ ਭਾਵ ਵੇਖ ਢਿਲਕੇ ਸਰੀਰ ਤੋਂ ਨਜ਼ਰ ਮੀਤੋ ਵੱਲ ਚਲੀ ਗਈ। ਮੈਨੂੰ ਮੀਤੋ ਦੇ ਚਿਹਰੇ ਵਿਚ ਮੱਖਣ ਘੁਲਿਆ ਜਾਪਿਆ। ਇਧਰ ਉਧਰ ਤੁਰੀ ਫਿਰਦੀ ਮੀਤੋ ਸੋਹਣੀ ਹੋਰ ਸੋਹਣੀ ਲਗਣ ਲੱਗੀ।

ਮੀਤੋ ਉਦੋਂ ਭਰ ਜਵਾਨ ਸੀ। ਅਜੇ ਵਿਆਹੀ ਵੀ ਨਹੀਂ ਸੀ। ਸ਼ਲਿੰਦਰ ਦੇ ਛੋਟੇ ਭਰਾ ਦਾ ਵਿਆਹ ਸੀ। ਨਵੀਂ ਵਹੁਟੀ ਘਰੇ ਆਈ ਬੈਠੀ ਸੀ। ਸਭਨਾ ਦੇ ਚਿਹਰਿਆਂ 'ਤੇ ਖੁਸ਼ੀ ਤੇ ਚਾਅ ਪਸਰਿਆਂ ਹੋਇਆ ਸੀ। ਕੁੜੀਆਂ ਨੇ ਗਿੱਧਾ ਛੇੜ ਲਿਆ। ਉਥੇ ਜੀਜਾ ਮੈਂ ਇਕੱਲਾ ਹੀ ਸੀ। ਦੇਹ ਬੋਲੀ ਤੇ ਬੋਲੀ। ਕਦੇ ਮੇਰੀ ਭੈਣ ਪੁਣੀ ਜਾਣ ਕਦੇ ਮਾਂ... ਜੀਜੇ ਮੇਰੇ ਨੇ ਭੈਣਾ ਵਾਰੀ ਮੈਂ ਵਾਰੀ ਫੁਲਕਾਰੀ... ਜੀਜਾ ਭੈਣ ਨੂੰ ਖੜ੍ਹਾ ਲੈ ਵੇ ਉੜੋਕਣ ਲੱਗਜੂ...। ਕਈ ਤਾਂ ਮੰਜੇ ਤੋਂ



ਸੁੱਟਣ ਤੱਕ ਆਉਂਣ... ਮੋਹਰੀ ਮੀਤੋ।

ਆਖਰ ਮੈਂ ਛਾਲ ਮਾਰਨ ਵਾਂਗ ਮੰਜੇ ਤੋਂ ਉਠਿਆ। ਵਾਰਨ ਲਈ ਸਪੈਸ਼ਲ ਲਿਆਂਦੇ ਛੋਟੇ ਅਤੇ ਨਵੇਂ ਨੋਟ ਤੋਂ ਦੀ ਸੁੱਟਣ ਲੱਗਾ। ਕੁੱਝ ਚਿਰ ਮੀਤੋ ਨੱਚਦੀ ਰਹੀ। ਫਿਰ ਨਖਰਾ ਜਿਆ ਕਰਦੀ ਕੁੜੀਆਂ ਵਿਚ ਜਾ ਖੜ੍ਹੀ। ਮੈਂ ਦੋਵਾਂ ਡੌਲਿਆਂ ਤੋਂ ਫੜਕੇ ਮੀਤੋ ਨੂੰ ਗਿੱਧੇ ਵਿਚ ਖਿੱਚ ਲਿਆਇਆ। ਮੀਤੋ ਨੇ ਦੋ ਚਾਰ ਗੇੜੇ ਦਿੱਤੇ, ਹਿਰਨੀ ਵਾਂਗ ਛਾਲਾਂ ਮਾਰਦੀ ਅਹੁ ਗਈ ਅਹੁ ਗਈ...।

''ਬੱਸ ਭਾਈ, ਨੀ ਜਾਣ ਦਿਓ ਕੁੜੀਓ। ਹੋ ਗਿਆ ਵਿਹਾਰ, ਸੌਣ ਸ਼ਾਸਤਰ, ਬੱਸ ਕਰੋ...।'' ਸਿਆਣੀਆਂ ਬੁੜ੍ਹੀਆਂ ਕਹਿਣ ਲੱਗ ਪਈਆਂ ਤੇ ਮੈਂ ਵੀ ਮੰਜੇ 'ਤੇ ਬੈਠਾ। ਮੇਰੇ ਦੋਵੇਂ ਹੱਥਾਂ 'ਚੋਂ ਅਜੀਬ ਜਿਹਾ ਸੇਕ ਨਿਕਲ ਨਿਕਲ ਮੇਰੇ ਦਿਮਾਗ ਨੂੰ ਚੜ੍ਹੀ ਜਾਵੇ। ਮਨ ਬਾਘੀਆਂ ਪਾਵੇ। ਹੱਥਾਂ ਦੀ ਮਿੱਠੀ ਮਿੱਠੀ ਖੁਰਕ ਦੇਵੇ ਪਿਆਰੀ ਪਿਆਰੀ ਲੱਗੇ...।

ਉਸ ਦਿਨ ਬਹੁਤਾ ਮੇਲ ਗੇਲ ਤੁਰ ਗਿਆ ਸੀ। ਅਸੀਂ ਰਹਿ ਪਏ। ਮੀਤੋ ਵੀ। ਮੀਤੋ ਦੀ ਮਾਂ ਚਲੀ ਗਈ। ''ਘਰ ਸੁੰਨਾਂ ਪਿਐ ਭਾਈ। ਡੰਗਰ ਕਿੱਲਿਆਂ 'ਤੇ ਅਰੜਾਟ ਝੋਂਦੇ ਹੋਣਗੇ...।'' ਮੀਤੋ ਸ਼ਹਿਦ ਦੀ ਮੱਖੀ ਵਾਂਗ ਮੇਰੇ ਆਲੇ ਦੁਆਲੇ ਘੁੰਮਦੀ ਫਿਰੇ। ਮੇਰੇ ਹੱਥਾਂ ਦੀ ਜਲੂਣ ਵਧੀ ਜਾਵੇ। ਕਦੇ ਮਨ ਵਿਚ ਹੜ੍ਹ ਆ ਜਾਵੇ। ਕਦੇ ਸ਼ਾਂਤ। ਚਿੱਤ ਸੁਆਦ ਸੁਆਦ ਹੋਈ ਜਾਵੇ... ਪਰ ਹੌਂਸਲਾ ... ਸ਼ਹਿਦ ਦੀ ਮੱਖੀ ਦਾ ਡੰਗ...।

ਇਹ ਸੁਆਦ ਯਾਦ ਕਰਨ 'ਤੇ ਕਈ ਸਾਲ ਆਉਂਦਾ ਰਿਹਾ। ਇਹ ਉਦੋਂ ਹੱਟ ਗਿਆ ਸੀ, ਜਦੋਂ ਮੀਤੋ ਵਿਧਵਾ ਹੋ, ਦੋਵੇਂ ਬੱਚਿਆਂ ਨੂੰ ਚੁੱਕ ਪੇਕੀਂ ਆ ਬੈਠੀ ਸੀ। ਰੰਡੀ ਅਤੇ ਪੁੱਤ ਵਾਹਰੀ ਮਾਂ ਮੀਤੋ ਦਾ ਸਹਾਰਾ ਬਣੀ ਸੀ। ਜਿਹੜੀ ਅੱਜ ਮੰਜੇ 'ਤੇ ਬੇਸਹਾਰਾ ਨਹੀਂ ਮੀਤੋ ਦੇ ਸਹਾਰੇ ਇਲਾਜ ਕਰਾ ਰਹੀ ਹੈ।

ਮੀਤੋ ਨੂੰ ਪੇਕਿਆਂ ਦੀ ਚਾਰ ਕਿੱਲੇ, ਜ਼ਮੀਨ ਆਉਣ ਕਰਕੇ ਵਿਆਹ ਸਰਦੇ ਪੁੱਜਦੇ ਘਰੇ ਹੋ ਗਿਆ। ਸੌਹਰਾ ਪਿੰਡ ਦਾ ਸਿਰ ਕੱਢ ਆਦਮੀ। ਪਰ ਮੀਤੋ ਦੇ ਘਰ ਵਾਲਾ ਘਰ ਦੀ ਕੱਢੀ ਗਰਮ ਸ਼ਰਾਬ ਨਾਲ ਪੰਜ-ਛੇ ਸਾਲਾਂ 'ਚ ਹੀ ਗੁਰਦੇ ਸਾੜ ਕੇ ਜਹਾਨੋ ਤੁਰ ਗਿਆ। ਪਤੀ ਦੀ ਮੌਤ ਤੋਂ ਪਹਿਲਾਂ ਹੀ ਮੀਤੋ ਨੇ 'ਬਾਂਹ ਫੜਨ ਲਈ' ਵਧਿਆ ਸੌਹਰੇ ਦਾ ਹੱਥ ਵਗਾਹ ਮਾਰਿਆ ਸੀ। ''ਦਾੜ੍ਹੀ ਪੱਟ ਕੇ ਨਾਸਾਂ 'ਚ ਤੁੰਨ ਦੂੰ ਜੇ ਝਾਕਿਆ ਵੀ ਐਂ...।'' ਸ਼ੇਰਨੀ ਵਾਂਗ ਚਿੰਘਾੜੀ ਸੀ ਮੀਤੋ। ਛੋਟੇ ਦਿਓਰ ਨੂੰ ਪੱਗ ਦੇਣ ਦੀਆਂ ਸੌਹਰੇ ਦੀਆਂ ਲੂੰਬੜ ਚਾਲਾਂ ਨੂੰ ਪਛਾੜ ਕੇ ਮੀਤੋ ਪੇਕੀਂ ਆ ਬੈਠੀ ਇਹ ਕਹਿੰਦੀ, ''ਹੋਇਆ ਮੇਰਾ ਸ਼ੇਰ ਗੱਭਰੂ ਚੌਹ ਸਾਲਾਂ ਨੂੰ...।''

ਮੈਂ ਮੀਤੋ ਦੇ ਖਿਆਲਾਂ 'ਚ ਖੋਇਆ ਸਾਂ ਕਿ ਸ਼ਲਿੰਦਰ ਦੀ ਟੱਲੀ ਵਾਂਗ ਟੁਣਕਦੀ ਅਵਾਜ਼ ਤੀਰ ਵਾਂਗ ਆ ਵੱਜੀ, ''ਤੁਸੀਂ ਐਂ ਕਰੋ...।'' ਮੈਂ ਡਰ ਗਿਆ। ਜਿਵੇਂ ਪਾੜ 'ਚੋਂ ਫੜਿਆ ਗਿਆ ਹੋਵਾਂ।

ਜਿਵੇਂ ਅਲਟਰਾ ਸਾਊਂਡ ਮਸ਼ੀਨ ਵਾਂਗ ਮੇਰੇ ਦਿਮਾਗ ਦੀਆਂ ਤਰੰਗਾ ਪਤਨੀ ਨੇ ਫੜ ਲਈਆਂ ਹੋਣ।

''ਮੈਂ ਤਾਂ ਰਹਿਣੈ ਮਾਸੀ ਕੋਲ, ਤੁਸੀਂ ਮੀਤੋ ਨੂੰ ਲੈ ਜੋ ਘਰੇ। ਰੈਸਟ ਕਰ ਲਊ। ਕਿੰਨੇ ਦਿਨਾਂ ਤੋਂ ਹਸਪਤਾਲ 'ਚ ਖੱਜਲ ਹੋਈ ਜਾਂਦੀ ਹੈ...।''

ਮੈਂ ਬੋਲਿਆ ਤਾਂ ਕੁੱਝ ਨਾ। ਸਿਰ ਹਿਲਾ ਕੇ ਹਾਂ ਕਰ ਦਿੱਤੀ। 'ਠੀਕ ਹੈ' ਵੀ ਕਿਹਾ ਜੋ ਸਿਰਫ ਮੈਨੂੰ ਹੀ ਸੁਣਿਆ। ਮੇਰੇ ਮਨ ਵਿਚ ਸੈਂਕੜੇ ਬਲਬ ਜਗ ਗਏ। ਬੈਠਾ ਤਾਂ ਭਾਵੇਂ

ਹਸਪਤਾਲ ’ਚ ਹੀ ਸਾਂ ਉਸੇ ਸਟੂਲ ’ਤੇ ਪਰ ਮੇਰਾ ਮਨ ਬੱਦਲਾਂ ਨਾਲ ਉਡਣ ਲੱਗਾ ਸੀ। ਸਾਊ ਬਣਿਆ ਰਹਿਣ ਲਈ ਮੈਂ ਕਿਹਾ, ‘‘ਸ਼ਲਿੰਦਰ ਡਿਊਟੀ ਨਹੀਂ ਜਾਣਾ ਕੱਲ੍ਹ...।’’

ਭਾਵੇਂ ਮੈਨੂੰ ਪਤਾ ਸੀ ਕਿ ਕੱਲ੍ਹ ਛੁੱਟੀ ਐ। ਪਰ ਮੈਂ ਬੇਲਾਗ ਦਿਸਦਾ ਰਹਿਣਾ ਚਾਹੁੰਦਾ ਸਾਂ। ਜਿਵੇਂ ਮੇਰਾ ਮੀਤੋ ਦੇ ਘਰ ਜਾਣ ਨਾਲ ਕੋਈ ਵਾਹ ਵਾਸਤਾ ਨਾ ਹੋਵੇ।

‘‘ਕੱਲ੍ਹ ਦੀ ਛੁੱਟੀ ਐ... ਸਨੀਵਾਰ ਦੀ ਛੁੱਟੀ ਲੈ ਕੇ ਤਿੰਨ ਹੋ ਜਾਣਗੀਆਂ...।’’

‘‘ਆਹੋ ਸਾਊ ਮਾਸੀ ਭਾਣਜੀ... ਗੱਲਾਂ ਕਰਾਂਗੀਆਂ... ਜੁੱਗੜੇ ਬੀਤਗੇ...।’’ ਮਾਸੀ ਦੀ ਅਵਾਜ਼ ਟੁਟਵੀਂ ਸੀ ਤੇ ਬਹੁਤ ਧੀਮੀ ਜਿਵੇਂ ਡੂੰਘੇ ਖੂਹ ’ਚੋਂ ਆਈ ਹੋਵੇ।

ਮੇਰੀ ਇਨ੍ਹਾਂ ਗੱਲਾਂ ਵਿਚ ਕੋਈ ਦਿਲਚਸਪੀ ਨਹੀਂ ਸੀ। ਮੈਂ ਤਾਂ ਮੀਤੋ ਦੇ ਬੋਲ ਸੁਣਨੇ ਚਾਹੁੰਦਾ ਸਾਂ। ਜੋ ਅਜੇ ਤੱਕ ‘ਜੀਜਾ ਸਾਸਰੀ ਕਾਲ’ ਤੋਂ ਬਿਨਾ ਕੁੱਝ ਨਹੀਂ ਬੋਲੀ ਸੀ। ਉਹ ਅਜੇ ਵੀ ਚੁੱਪ ਗੜੁੱਪ ਲਿਫਾਫੇ ਵਿਚ ਕਪੜੇ ਲੀੜੇ ਪਾ ਰਹੀ ਸੀ।

‘‘ਚੰਗਾ ਰੈਹਣੈ ਤੂੰਅ... ਮੈਂ ਸਕੂਟਰ ਕੱਢਦਾਂ ਸਟੈਂਡ ’ਚੋਂ ਆਜੋ ਜੀਹਨੇ ਆਉਣੈ...।’’

ਬਿਨਾ ਉਤਰ ਉਡੀਕੇ ਮੈਂ ਉੱਠ ਆਇਆ। ਮੈਨੂੰ ਪਤਾ ਈ ਸੀ ਕੀਹਨੇ ਆਉਣੈ... ਕੌਣ ਆਊ। ਰੈਂਪ ਤੋਂ ਹੁਣ ਮੈਂ ਇਉਂ ਜਾ ਰਿਹਾ ਸਾਂ ਜਿਵੇਂ ਹਵਾਈ ਜਹਾਜ ਰਨ ਵੇ ’ਤੇ ਜਾਂਦੈ। ਮੈਨੂੰ ਇੰਝ ਲਗਦਾ ਸੀ ਕਿ ਮੈਂ ਹੁਣੇ ਹਵਾਈ ਜਹਾਜ ਵਾਂਗ ਉਡਾਰੀ ਮਾਰ ਜਾਵਾਂਗਾ। ਹਵਾ ਵਿਚ ਉਡਣ ਲੱਗਾਂਗਾ...।

ਅੰਬਰਾਂ ਵਿਚ ਉਡਾਰੀ ਮਾਰਦਾ ਮੈਂ ਧੈਂਅ ਕਰਕੇ ਹੇਠਾਂ ਆ ਡਿਗਿਆ ਜਦੋਂ ਮੇਰੇ ਅਤੇ ਮੀਤੋ ਦੇ ਵਿਚਕਾਰ ਮੀਤੋ ਦੀ ਬਾਰਾਂ ਚੌਦਾਂ ਸਾਲਾਂ ਦੀ ਧੀ ਸਕੂਟਰ ’ਤੇ ਆ ਬੈਠੀ। ਮੇਰਾ ਮਨ ਕਚੂਚ ਹੋ ਗਿਆ। ਘਰ ਤੱਕ ਕੁੱਝ ਨਾ ਬੋਲਿਆ। ਅੰਦਰ ਬਹੁਤ ਕੁੱਝ ਰਿਝਦਾ ਰਿਹਾ।

ਦੋਵੇਂ ਕੁੜੀਆਂ-ਸਾਡੀ ਸਵੀਟੀ ਤੇ ਮੀਤੋ ਦੀ ਸੁਖੀ-ਝਟ ਟੀ ਵੀ ਨਾਲ ਪਰਚ ਗਈਆਂ

‘‘ਬਈ ਨਹਾਈਏ ਜੀਜਾ ਸਭ ਤੋਂ ਪਹਿਲਾਂ... ਹਸਪਤਾਲ ਦੀ ਮੈਲ ਲਾਹੀਏ...।’’ ਮੀਤੋ ਦੇ ਬੋਲਾਂ ਨੇ ਮੇਰਾ ਜਹਾਜ ਜਿਵੇਂ ਫਿਰ ਰਨ ਵੇ ’ਤੇ ਲਿਆ ਖੜ੍ਹਾ ਕਰ ਦਿਤਾ। ਮੀਤੋ ਬਾਥਰੂਮ ਅਤੇ ਮੈਂ ਰਸੋਈ ਵਿਚ ਚਲਾ ਗਿਆ। ਫਰਾਈਪੈਨ ’ਚ ਬਟਰ ਚਿਕਨ ਗਰਮ ਕੀਤਾ। ਦੇਸੀ ਘਿਓ ਦੀ ਇਕ ਹੋਰ ਕੜਛੀ ਵਿਚ ਸੁੱਟ ਲਈ। ਪੈਗ ਬਣਾਇਆ ਤੇ ਸਿਪ ਕਰਨ ਲੱਗਾ। ਮੇਰੀਆਂ ਨਜਰਾਂ ਵਾਰ ਗਰੇਜਡ ਟਾਈਲਾਂ ਚੜ੍ਹੀ ਸਮਿੰਟ ਇੱਟਾਂ ਦੀ ਕੰਧ ’ਤੋਂ ਪਾਰ ਬਾਥ ਰੂਮ ’ਚ ਜਾਣ ਲਗੀਆਂ।

ਕੱਲ੍ਹ ਮੈਂ ਸਵੀਟੀ ਨੂੰ ਆਪ ਹੀ ਲੇਡੀਜ਼ ਸੰਗੀਤ ’ਤੇ ਜਾਣ ਤੋਂ ਰੋਕ ਦਿਤਾ ਸੀ। ਪੇਪਰ ਸਿਰ ’ਤੇ ਹੋਣ ਦੇ ਡਰਾਵੇ ਮਾਰੇ ਸਨ। ਪਰ ਅਸਲ ਵਿਚ ਮੈਂ ਉਹਨਾਂ ਦੇ ਲੋਫਰ ਜੇ ਮੁੰਡੇ ਕਰਕੇ ਸਵੀਟੀ ਨੂੰ ਲੇਡੀਜ ਸੰਗੀਤ ’ਤੇ ਨਹੀਂ ਜਾਣ ਦੇਣਾ ਚਾਹੁੰਦਾ ਸਾਂ। ਜਿਦਣ ਦਾ ਮੈਂ ਸਵੀਟੀ ਅਤੇ ਉਸ ਲੋਫਰ ਜੇ ਮੁੰਡੇ ਨੂੰ ਗੱਲਾਂ ਕਰਦੇ ਵੇਖਿਆ ਸੀ ਮੈਨੂੰ ਰਹਿ ਰਹਿ ਕੇ ਗੁਸਾ ਆਉਂਦਾ ਸੀ। ਟੀ ਵੀ ਵੇਖਦੀਆਂ ਕੁੜੀਆਂ ਕੋਲ ਆ ਕੇ ਮੈਂ ਸਵੀਟੀ ਨੂੰ ਪੁੱਛਿਆ, ‘‘ਸਵੀਟੀ ਚਬਲਾਂ ਦੇ ਅੱਜ ਵੀ ਐ ਲੇਡੀਜ ਸੰਗੀਤ... ।’’ ਮੈ ਚਾਵਲੇ ਨੂੰ ਜਾਣ ਕੇ ਚਬਲ ਕਹਿੰਦਾ ਸਾਂ।

‘‘ਹਾਂ ਡੈਅਡੀ... ਜਾ ਆਈਏ।’’

‘‘ਵੇਖ ਲੋ ਬੇਟੇ... ਛੇਤੀ ਆਜਿਓ।’’

ਸਵੀਟੀ ਨੇ ਸੁਖੀ ਨੂੰ ਵੀ ਤਿਆਰ ਕਰ ਲਿਆ ਤੇ ਮੀਤੋ ਨੂੰ ਬਾਥਰੂਮ ’ਚ ਹੀ ਇਹ ਕਹਿ ਗਈਆ, ‘‘ਅਸੀਂ ਗੁਆਂਢ ’ਚ ਲੇਡੀਜ ਸੰਗੀਤ ’ਤੇ ਚਲੀਆਂ...।’’



ਗੈਸ ਚੁੱਲ੍ਹਾ ਬੰਦ ਕਰ ਮੈਂ ਟੀ ਵੀ ਅੱਗੇ ਆ ਬੈਠਾ। ਟੀ ਵੀ ’ਤੇ ਕੋਈ ਫਿਲਮ ਚੱਲ ਰਹੀ ਸੀ। ਮੈਂ ਫਿਲਮ ’ਚ ਪਾਣੀ ਨੁੱਚੜਦੇ ਕੇਸ ਲਈ ਬਾਥਰੂਮ ’ਚ ਨਹਾ ਕੇ ਨਿਕਲੀ ਹੀਰੋਇਨ ਨੂੰ ਨਹੀਂ ਮੀਤੋ ਵੱਲ ਵੇਖ ਰਿਹਾ ਸਾਂ ਇਕ ਟੱਕ...।

‘‘ਕੀ ਵੇਹਨੈ ਜੀਜਾ...।’’

‘‘ਬਸ ਕੁਛ ਨਈਂ... ਬੈਠ... ਫਿਲਮ ਵੇਖ...।’’ ਮੇਰੀ ਅਵਾਜ਼ ਥਿੜਕਦੀ ਸੀ ਜਾਂ ਮੈਨੂੰ ਮਹਿਸੂਸ ਹੋ ਰਹੀ ਸੀ।

‘‘ਨਈਂ ਜੀਜਾ ... ਮੈਂ ਤਾਂ ਰੋਟੀ ਦਾ ਆਹਰ ਪਾਹਰ ਕਰਦੀ ਆਂ...।’’ ਓਹ ਕਹਿ ਮੀਤੋ ਰਸੋਈ ਵਿਚ ਚਲੀ ਗਈ।

ਮੇਰੀਆਂ ਅੱਖਾਂ ਅੱਗੇ ਫਿਲਮ ਨਹੀਂ ਮੀਤੋ ਦੀ ਤਸਵੀਰ ਸੀ। ਹਸਪਤਾਲ ਵਿਚ ਵੇਖੇ ਚਿਹਰੇ ਵਿਚ ਮੱਖਣ ਤਾਂ ਪਹਿਲਾਂ ਹੀ ਘੁੱਲ ਗਿਆ ਸੀ। ਹੁਣ ਤਾਂ ਮੱਖਣ ਵਿਚ ਕੇਸਰ ਅਤੇ ਸੰਧੂਰ ਵੀ ਗੁੰਨ੍ਹੇ ਗਏ ਸਨ।

ਹਸਪਤਾਲ ਵਾਲੀ ਮੀਤੋ ਤਾਂ ਇਹ ਹੈ ਈ ਨਹੀਂ ਸੀ।

ਮੈਂ ਬਹਾਨੇ ਨਾਲ ਰਸੋਈ ’ਚ ਚਲਾ ਗਿਆ। ਮੀਤੋ ਆਟਾ ਗੁੰਨ੍ਹ ਰਹੀ ਸੀ। ਉਸਦਾ ਜਿਸਮ ਤਣਿਆ ਹੋਇਆ ਸੀ। ਪਰ ਮੇਰੀ ਜੀਭ ਤਾਲੂਏ ਨਾਲ ਲੱਗੀ ਹੋਈ ਸੀ ਅਤੇ ਦਿਲ ਧੱਕ ਧੱਕ ਵੱਜ ਰਿਹਾ ਸੀ। ਰਸੋਈ ਵਿਚ ਮੈਥੋਂ ਖੜ੍ਹ ਨਹੀਂ ਸੀ ਹੋ ਰਿਹਾ। ਮੈਨੂੰ ਲਗਦਾ ਸੀ ਜਾਂ ਤਾਂ ਮੋਮਬੱਤੀ ਵਾਂਗ ਪਿਘਲ ਜਾਵਾਂਗਾ ਜਾਂ ਪਟਾਕੇ ਵਾਂਗ ਫਟ ਜਾਵਾਂਗਾ। ਮੈਂ ਸ਼ਰਾਬ ਵਾਲਾ ਸਮਾਨ ਚੁੱਕਿਆ ਤੇ ਡਰਾਇੰਗ ਰੂਮ ਵਿਚ ਆ ਗਿਆ। ਮੈਂ ਸੋਫੇ ਨਾਲ ਢੋਅ ਲਾਈ ਅਤੇ ਦੋਵੇਂ ਹੱਥਾਂ ਨਾਲ ਪੁੜਪੜੀਆਂ ਨੱਪਣ ਲੱਗਾ। ਮੈਨੂੰ ਲੱਗਾ ਜੋ ਮੇਰੇ ਅੰਦਰ ਲਾਵਾ ਹੈ ਇਥੋ ਹੀ ਪੁੜਪੜੀਆਂ ਕੋਲੋਂ ਫਟ ਕੇ ਨਿਕਲੇਗਾ।

‘‘ਕਿਮੇਂ ਜੀਜਾ... ਸਮਾਧੀਆਂ ਲਾਈਆਂ ਨੇ... ਰਿਸ਼ੀਆਂ ਮੁਨੀਆਂ ਵਾਂਗੂੰ...।’’

ਸਮਾਧੀ ਕਿਥੇ ਲੱਗੀ ਸੀ ਮੇਰੀ। ... ਮੇਰੀ ਤਾਂ ਗੌਤਮ ਰਿਸ਼ੀ ਵਾਂਗ ਤਪੱਸਿਆ ਭੰਗ ਹੋਈ ਪਈ ਸੀ। ਮੀਤੋ ਮੇਨਕਾ ਬਣ ਮੇਰੇ ਸਾਹਮਣੇ ਦੀਵਾਨ ’ਤੇ ਆ ਬੈਠੀ। ਔਰਤ ਦੇ ਮਸਲੇ ’ਤੇ ਮੇਰੀ ਸਾਊ ਭਲ ਸਾਰੇ ਪਾਸੇ ਬਣੀ ਸੀ। ‘ਸਾਡੇ ਇਹ ਨੀਂ ਐਹੋ ਜੇ...।’ ਸ਼ਲਿੰਦਰ ਸਭ ਨੂੰ ਕਹਿੰਦੀ। ਬੱਚੇ ਮੈਨੂੰ ਆਦਰਸ਼ ਬਾਪ ਮੰਨਦੇ ਸਨ। ਪਰ ਅੱਜ ਮੀਤੋ ਮੇਰਾ ਸਭ ਕੁਛ ਭਸਮ ਕਰ ਰਹੀ ਸੀ।

‘‘ਜੀਜਾ ਮੇਰਾ ਸੁੱਖਾ ਬਾਰਵੀਂ ਕਰ ਗਿਆ... ਉਹਨੂੰ ਵੀ ਲਵਾਦੇ ਕਿਸੇ ਕਿੱਤੇ... ਚਾਰ ਦਿਨ ਸੁੱਖ ਦੀ ਜੂਨ ਭੋਗ ਲਾਂ ਮੈਂ ਵੀ...।’’

ਮੇਰਾ ਮੋਮਬੱਤੀ ਵਾਂਗ ਪਿਘਲਦਾ ਵਜੂਦ ਪਿਘਲਣੋਂ ਰੁਕ ਗਿਆ। ਪੁੜਪੁੜੀਆਂ ਦਾ ਦਰਦ ਵੀ ਚਲਾ ਗਿਆ।’’ ਏਸੇ ਖੱਡ ਸਹਾਂ ਹੈ।’’ ਸੋਚ ਮੈਂ ਮੀਤੋ ਨਾਲ ਗੱਲੀਂ ਪੈ ਗਿਆ। ਮੈਂ ਜਿਉਂ ਉਸਦਾ ਦੁੱਖ ਛੇੜਦਾ ਤਾਂ ਉਹ ਹੋਰ ਪਿਘਲਦੀ ਜਾਂਦੀ। ਸੌਹਰੇ ਘਰ ਕੱਟੇ ਕਸ਼ਟ, ਪੇਕੇ ਘਰ ਦੀਆਂ ਥੁੜਾਂ ਤੰਗੀਆਂ, ਉਂਗਲਾਂ ਮਿਣ ਮਿਣ ਪਾਲ਼ੇ ਜੁਆਕਾਂ ਦੀ ਵਿਥਿਆ ਦਸ ਦੀ ਮੀਤੋ ਮੇਰੇ ਲਈ ਕਿਸੇ ਟਰੈਜਡੀ ਫਿਲਮ ਦੀ ਖੂਬਸੂਰਤ ਹੀਰੋਇਨ ਬਣੀ ਬੈਠੀ ਸੀ। ਮੈਂ ਉਸਦਾ ਇਕ ਦੁੱਖ ਛੇੜਦਾ ਤਾਂ ਉਹ ਦਸ ਗਿਣਾ ਦਿੰਦੀ। ਉਸਦੇ ਦੁਖੀ ਮਨ ਨਾਲ ਮੇਰਾ ਮਨ ਦੁੱਖੀ ਨਹੀਂ ਸੀ ਹੋ ਰਿਹਾ। ਮੇਰੇ ਮਨ ਵਿਚ ਤਾਂ ਹੋਰ ਉਸਾਰੀਆਂ ਹੋਈ ਜਾਂਦੀਆਂ ਸਨ। ਵਿਚ ਦੀ ਇਕ ਵਾਰ ਮੈਂ ਪੈਗ ਵੀ ਮਾਰ ਆਇਆ ਸਾਂ। ਇਕ ਲੈਗ ਪੀਸ ਵੀ ਰਗੜ ਦਿੱਤਾ ਸੀ। ਪਰ

ਜਦ ਮੀਤੋ ਵੱਲ ਵੇਖਦਾ ਤਾਂ ਮੇਰੇ ਮਨ ਦੇ ਹੜ ਵਾਂਗ ਚੜ੍ਹੇ ਆਉਂਦੇ ਵੇਗ ਅੱਗੇ ਕੋਈ ਭਾਰਾ ਪੱਥਰ ਪਤਾ ਨਹੀਂ ਕਿਥੋਂ ਆ ਡਿਗਦਾ।

ਮੀਤੋ ਹੁਣ ਨਿਸ਼ਚੰਤ ਬੈਠੀ ਸੀ। ਉਸ ਆਪਣੇ ਮਨ ਦਾ ਸਾਰਾ ਗੁਬਾਰ ਕੱਢ ਲਿਆ। ਸੀ। ਉਸ ਆਪਣੇ ਬੇਟੇ ਸੁੱਖੇ ਨੂੰ ਕਿਸੇ ਕਿੱਤੇ ਲਾਉਣ ਦੀ ਮਿਨਤ ਮੇਰੇ ਅੱਗੇ ਇਕ ਵਾਰ ਹੋਰ ਕਰ ਦਿੱਤੀ ਸੀ। ਨਾਲੇ ਸੌਹਰਿਆ ਨਾਲ ਚਲਦੇ ਜ਼ਮੀਨ ਦੀ ਮਾਲਕੀ ਦੇ ਕੇਸ ਦੀ ਬੇਨਤੀ ਵੀ...। ਮੈਂ ਹਰ ਤਰ੍ਹਾਂ ਦੀ ਡੱਟਵੀਂ ਮੱਦਦ ਦੀ ਫੜ੍ਹ ਮਾਰ ਚੁੱਕਾ ਸਾਂ। ਸੁੱਖੇ ਦੀ ਨੌਕਰੀ ਦਾ ਲਿਖਤੀ ਅਸ਼ਟਾਮ ਭਾਵੇਂ ਨਹੀਂ ਦਿਤਾ ਸੀ ਪਰ ਕੋਈ ਕਸਰ ਬਾਕੀ ਨਹੀਂ ਛੱਡੀ ਸੀ। ਮੇਰੀਆਂ ਗੱਲਾਂ ਸੁਣ ਸੁਣ ਮੀਤੋ ਦੇ ਚਿਹਰੇ ਤੋਂ ਹੋਰ ਗੁਲਾਬੀ ਭਾਅ ਮਾਰਨ ਲੱਗੀ ਸੀ।

ਮੀਤੋ ਨੇ ਮੇਰੇ ਸਾਲੇ ਦੇ ਵਿਆਹ ਵੇਲੇ ਗਿੱਧੇ ਦੀ ਗੱਲ ਛੇੜ ਲਈ, "ਸ਼ਮੀ ਦੇ ਵਿਆਹ ਵੇਲੇ... ਯਾਦ ਐ ਜੀਜਾ... ਤੂੰ ਬੜੇ ਨੋਟ ਸਿਟੇ ਸੀ...।" ਮੀਤੋ ਚਹਿਕ ਰਹੀ ਸੀ।

ਮੇਰੇ ਦੋਵੇਂ ਹੱਥਾਂ ਵਿਚ ਉਹੀ ਮਿੱਠੀ ਮਿੱਠੀ ਜਲੂਣ ਫਿਰ ਹੋਣ ਲੱਗੀ। ਵਧਦੀ ਵਧਦੀ ਇਹ ਮਿੱਠੀ ਅਤੇ ਅਜੀਬ ਜਿਹੀ ਜਲੂਣ ਮੇਰੇ ਵੱਸੋਂ ਬਾਹਰ ਹੋਈ ਜਾਂਦੀ ਸੀ। ਹੱਥ ਉਸ ਡੌਲੇ 'ਤੇ ਟਿਕਿਆ ਵੀ ਨਹੀਂ ਸੀ ਕਿ... ਰੱਸੀ ਵਾਲਾ ਪਟਾਕਾ ਫਟ ਗਿਆ... ਜਿਸ ਨਾਲ ਸਾਰਾ ਡਰਾਇੰਗ ਰੂਮ ਬਾਰੂਦੀ ਧੂਏ ਨਾਲ ਭਰ ਗਿਆ।

"... ਮਾੜਾ ਕੀਤਾ ਜੀਜਾ... ਜੇ ਆਹੀ ਕੰਮ ਕਰਨਾ ਹੁੰਦਾ ਕੰਜਰ ਸੌਹਰੇ ਨਾਲ ਕਰਦੀ। ਨਾਲੇ ਐਨਾ ਦਸੌਂਟਾ ਨਾ ਕੱਟਦੀ। ਸਰਪੰਚਣੀ ਹੁੰਦੀ ਪਿੰਡ ਦੀ ਹੁਣ, ਛੋਟੀ ਦਰਾਣੀ ਦੀ ਥਾਂ...।"

ਰੱਸੀ ਵਾਲੇ ਪਟਾਕੇ ਵਾਂਗ ਤਾਂ ਮੀਤੋ ਫਟੀ ਸੀ। ਧੂਆਂ ਮੇਰੇ ਧੁਰ ਅੰਦਰ ਤੱਕ ਭਰ ਗਿਆ। ਮੈਂ ਅੰਦਰੋਂ ਅੰਦਰ ਮੋਮਬੱਤੀ ਵਾਂਗ ਪਿਘਲਣ ਲੱਗੀ। ਮੀਤੋ ਨੇ ਠਾਹ ਕਰਕੇ ਡਰਾਇੰਗ ਰੂਮ ਦੇ ਗੇਟ ਬੰਦ ਕੀਤਾ ਅਤੇ ਅੰਦਰਲੇ ਕਮਰੇ ਵਿਚ ਚਲੀ ਗਈ। ਮੈਨੂੰ ਨਹੀਂ ਪਤਾ ਕਦੋਂ ਕੁੜੀਆਂ ਮੁੜੀਆਂ। ਮੈਂ ਰੋਟੀ ਖਾਧੀ ਕਿ ਨਹੀਂ। ਜਦੋਂ ਮੈਨੂੰ ਜਾਗ ਆਈ ਤਾਂ ਉਸੇ ਸੋਫੇ 'ਤੇ ਪਿਆ ਸਾਂ ਉਵੇਂ ਜਿਵੇਂ।

ਮੇਰੀ ਨੀਂਦ ਠੰਡ ਲੱਗਣ ਨਾਲ ਖੁੱਲ੍ਹੀ ਸੀ। ਅਕਤੂਬਰ ਦੀਆਂ ਰਾਤਾਂ ਨੂੰ ਪਿਛਲੇ ਪਹਿਰ ਠੰਡ ਹੋ ਜਾਂਦੀ ਹੈ। ਮੈਂ ਆਸੇ ਪਾਸੇ ਵੇਖਿਆ ਕੋਈ ਕਪੜਾ-ਕੰਬਲ ਨਹੀਂ ਸੀ। ਮੈਂ ਦੀਵਾਨ 'ਤੇ ਵਿਛੀ ਚਾਦਰ ਹੀ ਖਿਚ ਲਈ। ਰਾਤ ਵਾਲੀ ਰੀਲ੍ਹ ਮੇਰੀਆਂ ਅੱਖਾਂ ਅੱਗੇ ਘੁੰਮਣ ਲੱਗੀ। ਮੀਤੋ ਦੇ ਸ਼ਹਿਦ ਦੀ ਮੱਖੀ ਵਰਗੇ ਡੰਗ ਤੋਂ ਬਾਅਦ ਕੁੱਝ ਯਾਦ ਨਹੀਂ ਕਿ ਕੀ ਹੋਇਆ। ਕੁੜੀਆਂ ਕਦੋਂ ਆਈਆਂ... ਮੀਤੋ ਨੇ ਕੀ ਕੀਤਾ। ਸ਼ਲਿੰਦਰ ਨੂੰ ਫੋਨ ਤਾਂ ਕਰ ਹੀ ਦਿਤਾ ਹੋਵੇਗਾ! ਮੈਂ ਝੱਟ ਮੋਬਾਈਲ ਦੀ ਡਾਈਲਡ ਲਿਸਟ ਪੜ੍ਹੀ। ਤਸੱਲੀ ਹੋਈ... ਕਿਤੇ ਸਵੀਟੀ ਨੂੰ ਨਾ ਦੱਸ ਹੁੰਦਾ ਤਾਂ ਉਸਨੂੰ ਭਾਵੇਂ ਹਸਪਤਾਲ ਸਿਰ 'ਤੇ ਚੁੱਕ ਕੇ ਲਿਆਉਣਾ ਪੈਂਦਾ, ਉਸ ਘਾਉਲ ਨਹੀਂ ਕਰਨੀ ਸੀ... ਠਾਹ ਐਥੇ ਵੱਜਣਾ ਸੀ।

ਪਰ ਇਹ ਤਸੱਲੀ ਤੇ ਯਕੀਨ ਥੋੜ੍ਹ ਚਿਰੇ ਸਨ। ਮੀਤੋ ਹੁਣ ਨਹੀਂ ਤਾਂ ਸਵੇਰੇ ਸ਼ਲਿੰਦਰ ਨੂੰ ਦਸ ਦੇਵੇਗੀ। ਸਵੀਟੀ ਨੂੰ ਉਸ ਦਸ ਹੀ ਦਿਤਾ ਹੋਵੇਗਾ। ਜੇ ਨਾ ਦਸਣਾ ਹੁੰਦਾ ਤਾਂ ਉਹ ਬਿਜਲੀ ਦੀ ਤਾਰ ਨਹੀਂ ਬਣਦੀ ਸੀ। ਮੈਨੂੰ ਲੱਗ ਰਿਹਾ ਸੀ ਜਿਵੇਂ ਮੈਨੂੰ ਬਿਜਲੀ ਦੇ ਝਟਕੇ ਲੱਗ ਰਹੇ ਹੋਣ।

ਮੈਂ ਆਪਣੀ ਵੱਡੀ ਭੈਣ ਦੇ ਬਿਜਲੀ ਦੇ ਝਟਕੇ ਲਗਦੇ ਵੇਖੇ ਸਨ। ਪਤੀ ਦੀ ਮੌਤ ਤੋਂ



ਬਾਅਦ ਭੈਣ ਦਾ ਦਿਮਾਗ ਚੱਕਿਆ ਗਿਆ ਸੀ। ਤਿੰਨੇ ਬੱਸਾਂ ਹਿੱਸੇਦਾਰ ਨਿਗਲ ਗਿਆ ਸੀ ਲੈਣਾ ਦੇਣਾ ਦੱਬ ਗਏ ਸਨ। ਕੁੱਝ ਚਿਰ ਭੈਣ ਅੰਦਰੋਂ ਅੰਦਰ ਰਿੱਝਦੀ ਰਹੀ। ਅਖੀਰ ਪਾਗਲ ਹੋ ਗਈ। ਮਸਾਂ ਫੜ ਫੜ ਰਖਦੇ। ਮੈਂ ਆਪ ਇਕ ਵਾਰ ਅਮ੍ਰਿਤਸਰ ਅਤੇ ਦੋ ਵਾਰ ਰੋਹਤਕ ਬਿਜਲੀ ਦੇ ਝਟਕੇ ਲਵਾਉਣ ਗਿਆ ਸੀ। ਸਾਹ ਸਤ ਹੀਣ ਹੋਈ ਭੈਣ ਦਾ ਚਿਹਰਾ ਮੈਥੋਂ ਵੇਖਿਆ ਨਹੀਂ ਜਾਂਦਾ ਸੀ।

ਮੇਰਾ ਚਿਹਰਾ ਵੀ ਮੈਨੂੰ ਸਾਹ ਸਤ ਹੀਣ ਹੀ ਲੱਗਿਆ ਜਦੋਂ ਮੈਂ ਵਾਸ਼ ਵੇਸ਼ਨ 'ਤੇ ਜਾ ਕੇ ਮੂੰਹ ਤੇ ਪਾਣੀ ਦੇ ਛਿੱਟੇ ਮਾਰੇ ਸਨ ਅਤੇ ਸਾਹਮਣੇ ਸੀਸ਼ੇ ਵਿਚ ਆਪਣਾ ਮੂੰਹ ਵੇਖਿਆ ਸੀ। ਤੂੰ ਆਹ ਕੀ ਕੀਤਾ ਜਗਰੂਪ ਮੇਰੇ ਅੰਦਰੋਂ ਕੋਈ ਬੋਲਿਆ ਸੀ ਜਾਂ ਸ਼ੀਸ਼ੇ ਨੇ ਮੈਨੂੰ ਪੁੱਛਿਆ ਸੀ। ਮੈਂ ਕੀ ਦਸਦਾ। ਮੈਨੂੰ ਤਾਂ ਮਿੱਠੀ ਮਿੱਠੀ ਜਲੂਣ ਯਾਦ ਸੀ। ਹੁਣ ਵੀ ਇਕ ਵਾਰ ਹੱਥਾਂ 'ਚ ਜਲੂਣ ਹੋਈ। ਪਰ ਇਸ ਵਾਰ ਸਵਾਦ ਨਹੀਂ ਆਇਆ. ਸਗੋਂ ਹਥੇਲੀਆਂ ਵਿਚ ਪੋਹਲੀ ਦੀਆਂ ਸਿਲਤਾਂ ਖੁਭ ਜਾਣ ਵਰਗਾ ਦਰਦ ਹੋਇਆ। ਦਰਦ ਮਹਿਸੂਸ ਕਰ ਮੈਥੋਂ ਸ਼ੀਸ਼ੇ ਵਿਚ ਆਪਣਾ ਅਕਸ਼ ਵੇਖਿਆ ਨਾ ਗਿਆ। ਪਾਸੇ ਹੋ ਮੈਂ ਅੰਦਰਲੇ ਕਮਰੇ ਦੀ ਬਿੜਕ ਲੈਣ ਲੱਗਾ। ਪਰ ਅੰਦਰ ਤਾਂ ਚੁੱਪ ਚਾਂ ਸੀ। ਪੂਰੀ ਸ਼ਾਂਤੀ। ਕਿਸੇ ਦੇ ਘੁਰਾੜੇ ਵੀ ਨਹੀਂ ਸੁਣਦੇ ਸਨ। ਮੂੰਹ ਚਿਹਰਾ ਦਿਸਣਾ ਤਾਂ ਦੂਰ ਦੀ ਗੱਲ। ਮੈਂ ਵਾਪਸ ਡਰਾਇੰਗ ਰੂਮ ਵਿਚ ਆ ਗਿਆ। ਸੌਣ ਦੀ ਕੋਸ਼ਿਸ਼ ਵੀ ਕੀਤੀ। ਪਰ ਨੀਂਦ ਕਿਥੇ...।

ਸ਼ਲਿੰਦਰ ਦੇ ਸੜੇ ਭੁੱਜੇ ਬੋਲ ਮੱਥੇ ਵਿਚ ਆ ਵੱਜਦੇ। ਬੱਚਿਆਂ ਦੇ ਆਦਰਸ਼ ਬਾਪ ਦੀ ਤਸਵੀਰ ਲੀਰੋ ਲੀਰ ਦਿਸਦੀ। ਆਂਢ-ਗੁਆਂਢ ਸਾਊ ਇਨਸਾਨ ਦੀ ਦਿੱਖ 'ਤੇ ਕਾਲਖ ਪੋਚੀ ਪਈ ਹੁੰਦੀ। ਮਹਿਕਮੇ ਵਿਚਲੀ ਚੜ੍ਹਤ 'ਤੇ ਲੋਕ ਚਿੱਕੜ ਸੁੱਟਦੇ। ਬਾਈ ਦੀ ਕੁੱਬੀ ਹੋਈ ਢੂਈ ਹੋਰ ਕੁੱਬੀ ਜਾਪਦੀ। ਪਿੰਡ ਵਿਚਲੀ ਪੈਂਠ ਢਹਿ ਢੇਰੀ ਹੋਈ ਪਈ ਹੁੰਦੀ।

ਨੀਂਦ ਤਾਂ ਕਹਿੰਦੇ ਸੂਲੀ 'ਤੇ ਵੀ ਆ ਜਾਂਦੀ ਹੈ। ਮੇਰੀ ਵੀ ਅੱਖ ਲੱਗ ਗਈ। ਸੁਪਨੇ 'ਚ ਅੱਖਾਂ ਅੱਗੇ ਵੱਡਾ ਤੱਕੜ ਆ ਲੱਗਾ। ਇਕ ਪਾਲੜੇ ਵਿਚ ਸ਼ਲਿੰਦਰ ਆ ਬੈਠੀ ਤੇ ਦੂਜੇ ਵਿਚ ਮੀਤੋ। ਸ਼ਲਿੰਦਰ ਦੇ ਸੋਨੇ ਲੱਦੇ ਅੰਗ ਢਿਲਕਿਆ ਬਦਨ। ਮੱਥੇ ਦੀਆਂ ਤਿਊੜੀਆਂ। ਫੂੰ ਫੂੰ ਕਰਦੀਆਂ ਨਾਸਾਂ। ਦੂਜੇ ਪਾਸੇ ਮੀਤੋ ਦਾ ਮੱਖਣ ਵਿਚ ਕੇਸਰ ਅਤੇ ਸੰਧੂਰ ਗੰਨ੍ਹਿਆਂ ਚਿਹਰਾ। ਕਸਿਆ ਬਦਨ। ਜੀਜਾ ਜੀਜਾ ਕਰਦੀ ਸੁਰੀਲੀ ਆਵਾਜ਼। ਸੰਡੇ ਲਈ ਕੰਮ ਤੇ ਜ਼ਮੀਨ ਦੇ ਕੇਸ ਵਿਚ ਮਦਦ ਲਭਦੀਆਂ ਤਰਲ ਅੱਖਾਂ...। ਫਿਰ ਰੱਸੀ ਵਾਲੇ ਪਟਾਕੇ ਦੇ ਫਟਣ ਦੀ ਅਵਾਜ਼। ... ਤੇ ਉਸ ਪਿੱਛੋਂ ਸ਼ਲਿੰਦਰ ਦੀਆਂ ਅੱਖਾਂ ਦਾ ਦੁਗਾੜਾ... ਮੇਰਾ ਵਜੂਦ ਛਲਣੀ ਹੋ ਗਿਆ ਤੇ ਭੜੱਕ ਕਰਕੇ ਮੇਰੀ ਨੀਂਦ ਖੁੱਲ੍ਹ ਗਈ।

ਇਸ ਪਿਛੋਂ ਐਨੀ ਬੇਚੈਨੀ ਲੱਗੀ ਕਿ ਨਾ ਨੀਂਦ ਆਈ ਤੇ ਨਾ ਸੋਚਾਂ-ਫਿਕਰਾਂ ਨੇ ਖਹਿੜਾ ਛੱਡਿਆ... ਡਰ ਦੇ ਭੰਬੂਤਾਰੇ ਅੱਕ ਦੇ ਭੱਬੂਆਂ ਵਾਂਗ ਉਡੇ ਫਿਰਦੇ...।

ਸਵੀਟੀ ਚਾਹ ਦਾ ਗਿਲਾਸ ਧਰ ਗਈ। ਬੋਲੀ ਕੁੱਛ ਨਾ। ਮੈਂ ਕਿਨਾਂ ਚਿਰ ਚਾਹ ਨਾ ਪੀ ਸਕਿਆ। ਸਵੀਟੀ ਬੋਲੀ ਕਿਉਂ ਨਹੀਂ। ਇਹ ਤਾਂ ਮੈਨੂੰ ਚਿੰਬੜ ਜਾਂਦੀ ਐ ਸਵੇਰੇ... ਡੈਅਡੀ ਕਰਕੇ...। ਮੇਰੇ ਨਾਲ ਜਦੋਂ ਗੁਸੇ ਹੋਵੇ ਉਦੋਂ ਐਂ ਕਰਦੀ ਐ...। ਏਹਦਾ ਮਤਲਬ ਮੀਤੋ ਨੇ ਦਸਤਾ...।' ਮਨ ਫਿਰ ਉਦਾਸ ਹੋ ਗਿਆ। ਮੋਮਬੱਤੀ ਫਿਰ ਪਿਘਲਣ ਲੱਗੀ।

ਚਾਹ ਚੁੱਕਦੇ ਹੱਥ ਥਾਂਏ ਰੁੱਕ ਗਏ ਜਦੋਂ ਸਵੀਟੀ ਨੇ ਰੁੱਖੀ ਆਵਾਜ਼ 'ਚ ਕਿਹਾ, "ਡੇਅਡੀ ਮੋਬਾਈਲ ਦਿਓ ਸੋਡਾ... ਮਾਸੀ ਨੇ ਫੋਨ ਕਰਨੈਂ ਮੰਮੀ ਨੂੰ।" ਬਿਨਾਂ ਕੁੱਛ ਸੁਣੇ ਸਵੀਟੀ ਫੋਨ ਚੁੱਕ ਕੇ ਲੈ ਗਈ। "ਮਰ ਗਏ ਹੁਣ... ਮੀਤੋ ਦੱਸੂ... ਤੇ ਉਹ ਬਘਿਆੜੀ... ਆਈ ਲੈਅ...

ਮਹਾਂਭਾਰਤ ਸ਼ੁਰੂ...।'' ਇਹ ਖਿਆਲ ਮੇਰੇ ਮਨ ਵਿਚ ਆਈ ਜਾਂਦੇ ਸਨ ਜਾਈ ਜਾਂਦੇ ਸਨ। ਸਵੀਟੀ ਫਿਰ ਆ ਗਈ, ''ਡੈਅਡੀ ਮੈਂ ਤੇ ਸੁਖੀ ਹਸਪਤਾਲ ਚੱਲੀਆਂ... ਮੰਮੀ ਤੇ ਬੇਬੇ ਲਈ ਚਾਹ ਪਰੌਂਠੇ ਲੈ ਕੇ...।'' ਇਹ ਤਾਂ ਜਿਵੇਂ ਕੋਈ ਹੁਕਮ ਸੀ ਜਿਹੜਾ ਸਵੀਟੀ ਨੇ ਮੈਨੂੰ ਸਣਾਇਆ ਸੀ। ਨਹੀਂ ਪਹਿਲਾਂ ਤਾਂ ਉਹ ਆਗਿਆ ਲੈਂਦੀ ਹੁੰਦੀ ਸੀ। ''ਡੈਅਡੀ ਜੀ ਮੈਂ ਜਾ ਆਵਾਂ!''

ਹੁਕਮ ਤਾਂ ਹੁਕਮ ਹੀ ਹੁੰਦੈ! ਸਵੀਟੀ ਦੀ ਕਾਈਨੈਟਕ ਸਟਾਰਟ ਹੋਈ। ਦੋਵੇਂ ਕੁੜੀਆਂ ਪਰੌਠਿਆਂ ਵਾਲਾ ਟਿਫਨ ਅਤੇ ਚਾਹ ਵਾਲੀ ਥਰਮਸ ਲੈ ਕੇ ਚਲੀਆਂ ਗਈਆ। ਜਾਣ ਤੋਂ ਪਹਿਲਾਂ ਸੁੱਖੀ ਦੀ ਆਵਾਜ਼ ਮੇਰੇ ਕੰਨਾ 'ਚ ਪਈ ਸੀ। ''ਦੀਦੀ ਲੇਡੀਜ਼ ਸੰਗੀਤ... ਬੜੇ ਨਜਾਰੇ ਆਏ...।''

'ਇਹ ਹੋਈ ਕੀ ਜਾਂਦੇ... ਹੋਊ ਕੀ...?'' ਇਸ ਖਿਆਲ ਨੇ ਮੈਨੂੰ ਪਾਗਲ ਕੀਤਾ ਹੋਇਆ ਸੀ। ਮੀਤੋ ਕਿਉਂ ਨੀਂ ਗਈ... ਕਿਉਂ ਰਹਿਪੀ...। ਬੁਝਾਰਤ ਅਣਬੁੱਝ ਸੀ। ਮੈਂ ਬਿੱਲੀ ਵਾਂਗ ਛਹਿ ਕੇ, ਡਰਾਇੰਗ ਰੂਮ ਵਿਚ ਹੀ ਬੈਠਾ ਸਾਂ। ਡਰੇ ਕਬੂਤਰ ਵਾਂਗ ਨਾ ਕੋਈ ਹਿੱਲ ਜੁੱਲ ਕੀਤੀ ਨਾ ਉਥੋਂ ਉਠਿਆ। ਰਾਤ ਦੀ ਸ਼ਰਾਬ ਅਤੇ ਮਨ ਦੀ ਝੁੰਜਲਾਹਟ ਨੇ ਸਰੀਰ ਭੰਨ ਰੱਖਿਆ ਸੀ। ਮੈਨੂੰ ਵਿਹੜੇ 'ਚ ਹਿੱਲਜੁੱਲ ਜਿਹੀ ਦਾ ਝਾਉਲਾ ਜਿਹਾ ਪਿਆ। ਇਹ ਤਾਂ ਮੀਤੋ ਸੀ। ਵਧੀਆ ਕੱਪ 'ਚ ਚਾਹ ਮੇਜ਼ 'ਤੇ ਰੱਖ ਕੇ ਮੁੜ ਗਈ। ਬੋਲੀ ਕੁੱਛ ਨਾ। 'ਇਹ ਕੀ ਬਈ...।' ਗੁੰਝਲ ਹੱਲ ਨਹੀਂ ਸੀ ਹੋ ਰਹੀ ਕਿ... ਬਾਥਰੂਮ ਵਿਚ ਬਾਲਟੀ ਵਿਚ ਪਾਣੀ ਡਿੱਗਣ ਦਾ ਖੜਾਕ ਗੂੰਜਣ ਲੱਗਾ... ਮੀਤੋ ਨਹਾ ਰਹੀ ਸੀ।

ਐਵੇਂ ਹੀ ਵਿਹੜੇ ਵਿਚ ਚੱਕਰ ਲਾਇਆ। ਫਿਰ ਦੀਵਾਨ 'ਤੇ ਆ ਬੈਠਾ। ਚਿੱਤ ਅਸ਼ਾਂਤ ਸੀ। ਪਰ ਹੁਣ... ਕਿਤੇ ਕਿਤੇ ਸ਼ਾਂਤ ਵੀ ਹੋ ਜਾਂਦਾ...। ਮੀਤੋ ਦਾ ਨਹਾਉਣਾ ਚੰਗਾ ਚੰਗਾ ਲੱਗਿਆ। ਨਜਰਾਂ ਫਿਰ ਕੰਧਾਂ ਦੇ ਆਰ ਪਾਰ ਹੋਣ ਲੱਗੀਆਂ। ਸਭ ਕੁੱਝ ਟਿਕ ਗਿਆ ਲੱਗਿਆ। ਜਿਵੇਂ ਛੱਪੜ 'ਤੇ ਖਿਲਰੀ ਹਰੀ ਕਾਹੀ ਹਵਾ ਦੇ ਇਕ ਬੁੱਲੇ ਨਾਲ ਖੂੰਜੇ ਲੱਗ ਗਈ ਹੋਵੇ। ... ਅਚਾਨਕ ਮੋਮਬੱਤੀ ਦੇ ਭੜੱਕ ਭੜੱਕ ਮੱਚਣ ਵਾਂਗ ਮੋਬਾਈਲ ਦੀ ਘੰਟੀ ਵੱਜ ਉਠੀ। ਨੰਬਰ ਵੇਖਿਆ ਤਾਂ ਰੱਸੀ ਵਾਲੇ ਪਟਾਕੇ ਦੇ ਬੱਤੀ ਨੂੰ ਅੱਗ ਲਾਉਣ ਵਰਗਾ ਡਰ ਤੇ ਅਹਿਸਾਸ ਮਨ ਵਿਚ ਪੈਦਾ ਹੋਇਆ। ਨੰਬਰ ਸ਼ਲਿੰਦਰ ਦੇ ਮੋਬਾਈਲ ਦਾ ਸੀ। ਬੱਤੀ ਨੂੰ ਅੱਗ ਲਾਉਣ ਵਾਂਗ ਡਰੇ ਹੋਏ ਨੇ ਮੈਂ ਸਵਿਚ ਆਨ ਕੀਤਾ ਤਾਂ ਦੂਜੇ ਪਾਸਿਓ ਰੱਸ਼ੀ ਵਾਲੇ ਪਟਾਕੇ ਦੇ ਫਟਣ ਵਰਗੀ ਨਹੀਂ ਸਗੋਂ ਫਿਸ ਕਰਨ ਵਾਂਗ ਅਵਾਜ਼ ਆਈ, ''ਮਾਸੀ ਪੂਰੀ ਹੋਗੀ... ਤੁਸੀਂ ਤੇ ਮੀਤੋ ਆ ਜੋ... ਫਟਾ ਫੱਟ...।''

''ਹੈਂਅ ਮਾਸੀ ਪੂਰੀ ਹੋਗੀ...।''

ਡਰਾਇੰਗ ਰੂਮ ਦੇ ਗੇਟ 'ਤੇ ਆਈ ਮੀਤੋ ਨੇ ਮੇਰੀ ਅਵਾਜ਼ ਸੁਣ ਲਈ। ਨਹਾ ਕੇ ਗੁਲਾਬ ਦੇ ਫੁੱਲ ਵਾਂਗ ਖਿੜੇ ਮੀਤੋ ਦੇ ਚਿਹਰੇ ਤੋਂ ਕੇਸਰ ਤੇ ਸੰਧੂਰ ਫਿਰ ਗਾਇਬ ਹੋਣ ਲੱਗੇ ''ਜੀਜਾ ... ਮੇਰੀ ਮਾਂ ਮੇਰਾ ਆਸਰਾ... ਨਹੀਂ ਰਿਹਾ।'' ਇਹ ਕਹਿੰਦੀ ਉਹ ਮੇਰੇ ਗਲ਼ ਨੂੰ ਆ ਚੰਬੜੀ।

ਮੇਰਾ ਸਾਹ-ਸਤ ਹੀਣ ਹੱਥ ਮੀਤੋ ਦੇ ਸਿਰ 'ਤੇ ਜਾ ਟਿਕਿਆ। ਮੈਂ ਪਟਾਕੇ ਦੇ ਧੂਏ ਵਿਚ ਗੁਆਚਿਆ ਖੜ੍ਹਾ ਸਾਂ ਦੂਜੇ ਪਾਸਿਓਂ ਮੋਮਬੱਤੀ ਪਿਘਲਣ ਲੱਗੀ। ਮੀਤੋ ਦੇ ਦੋ ਅੱਥਰੂ ਮੇਰੇ ਨੰਗੇ ਮੋਢੇ 'ਤੇ ਅੰਗਿਆਰਾਂ ਵਾਂਗ ਆ ਡਿੱਗੇ। ਮੇਰੇ ਛਾਤੀ ਦੇ ਵਾਲਾਂ ਵਿਚ ਸੱਪ ਵਾਂਗ ਨਹੀਂ ਕੂਲੀ ਕੂਲੀ ਮੋਮਬੱਤੀ ਵਾਂਗ ਟਿਕਿਆ ਮੀਤੋ ਦਾ ਹੱਥ ਹੌਲੀ ਹੌਲੀ ਹਿੱਲਣ ਲੱਗਾ...।

ਪਤਾ : 27388, ਗਲੀ ਨੰ.3, ਲਾਲ ਸਿੰਘ ਬਸਤੀ, ਬਠਿੰਡਾ,94173-25998



## ਕਹਾਣੀ / ਧਰਤੀ ਦੇ ਰੱਬ / ਸਿਮਰਨ ਧਾਰੀਵਾਲ

ਪ੍ਰੇਸ਼ਾਨੀ ਦੂਰ ਕਰਨ ਲਈ ਇੱਧਰ ਨੂੰ ਆਇਆ ਸੀ। ਬੜਾ ਲਾਜਵਾਬ ਫਾਰਮੂਲਾ ਹੈ। ਫਾਰਮੂਲਾ ਅੰਦਰ 'ਤੇ ਸਾਰੇ ਦੁੱਖ ਬਾਹਰ। ਯਾਨਿ ਕਿ ਗੋਲੀ ਅੰਦਰ 'ਤੇ ਦਮ ਜਲੰਧਰ। ਬੱਸ ਫੇਰ ਤਾਂ ਸਾਰਾ ਪਿੰਡ ਹੀ ਮਿੱਤਰਾਂ ਦਾ ਲੱਗਦਾ। ਪਰ ਅੱਜ ਤਾਂ ਫਾਰਮੂਲਾ ਵੀ ਫੇਲ ਹੋ ਗਿਆ ਮਸਾਂ-ਮਸਾਂ ਸਰੂਰ ਜਿਹਾ ਬੱਝਾ ਸੀ ਪਰ ਜੈਦੀਪ ਦੀ ਗੱਲ ਸੁਣਕੇ ਸਾਰੇ ਲੋਰ ਉੱਤਰ ਗਏ। ਮੈਂ ਵੀ ਗਲਤੀ ਕੀਤੀ ਤੁਰੇ ਜਾਂਦੇ ਨੂੰ ਛੇੜ ਕੇ। ਬੰਦਾ ਹੁੰਦਾ ਬਈ ਗੱਲ ਕਰਨ ਲੱਗਿਆ ਵੇਲਾ ਕੁਵੇਲਾ ਦੇਖਦਾ। ਇੱਧਰ ਤਾਂ ਪਹਿਲਾਂ ਹੀ ਸਾਹ ਸੁੱਕੇ ਪਏ ਨੇ... 'ਤੇ ਉਤੋਂ ਜਨਾਬ ਹੁਣੀ... ਅਖੇ ਮੁਰਦਾ ਬੋਲੂ ਖੱਫ਼ਨ ਪਾੜੂ..। ਕਮਾਲ ਦੇ ਬੰਦੇ ਨੇ... ਡਰੇ ਨੂੰ ਹੋਰ ਡਰਾਉਂਦੇ ਨੇ... ਕਹਿੰਦਾ, ''ਸ਼ਰਮਾ ਜੀ, ਹੁਣ ਤਾਂ ਜਾਂਚ ਪੜਤਾਲ ਹੋਣੀ ਏ...। ਬਚ ਲਓ ਜੇ ਬਚ ਹੁੰਦਾ ਤਾਂ ਸਭ ਦਾ ਧਿਆਨ ਇਸੇ ਪਾਸੇ ਹੈ।''

ਨਾ ਸਾਲਿਆ ਤੈਨੂੰ ਕੀ? ਵੱਡਾ ਹਮੈਤੀ। ਉਂਜ ਗੱਲ ਹੈ ਸੋਚਣ ਵਾਲੀ। ਹੁਣ ਕੀ ਬਣੂ? ਮੇਰੇ ਤਾਂ ਸਾਹ ਸੁੱਕੇ ਪਏ ਨੇ...। ਉਪਰੋਂ ਕਮਲਾ ਦੇਵੀ ਪੰਗਾਂ ਖੜਾ ਕਰੀ ਬੈਠੀ ਹੈ। ਕੇਸ ਦੀ ਪੂਰੀ ਰਿਪੋਰਟ ਮੰਗਦੀ ਹੈ। ਕਹਿੰਦੀ ਜੇ ਰਿਪੋਰਟ ਨਾ ਦਿੱਤੀ ਤਾਂ ਧਰਨਾ ਦੇਵਾਗੀਆਂ। ਪਤਾ ਨਹੀਂ ਇਹਨਾਂ ਜਨਾਨੀਆਂ ਨੂੰ ਆਹ ਪਾਖੰਡ ਕਿੱਥੋ ਆ ਗਏ। ਬਣਾ ਲਈਆਂ ਪਿਉਂ ਵਾਲੀਆ ਕਮੇਟੀਆਂ। ਬਣ ਗਈਆਂ ਵੱਡੀਆਂ ਸਮਾਜ ਸੁਧਾਰਕਾਂ। ਇਹ ਜੀ... ਸਾਡਾ ਨਾਰੀ ਚੇਤਨਾ ਮੰਚ ਹੈ। ਸਾਨੂੰ ਤਾਂ ਨਿਆਂ ਚਾਹੀਦਾ। ਹੂੰਅ...! ਪਤਾ ਨਹੀਂ ਉਹ ਸ਼ੇਖੂ ਬਸਤੀ ਵਾਲੀ... ਰਮਨਾ ਕੁਮਾਰੀ ... ਕਿੱਥੋਂ ਇਹਨਾਂ ਦੇ ਕਾਬੂ ਆ ਗਈ। ਬੱਸ ਦਿੱਤੀ ਗੱਲ ਨੂੰ ਹਵਾ। ਉੱਧਰ ਸਾਲਾ ਜੇ. ਪੀ. ਖ਼ਾਨ ਰਹਿ ਗਿਆ ਪਾਸੇ ਦਾ ਪਾਸੇ। ਰਾਜਨੀਤੀ ਖੇਡ ਗਿਆ। ਮੇਰੇ ਮੋਢੇ 'ਤੇ ਰੱਖ ਕੇ ਬੰਦੂਕ ਚਲਾ ਗਿਆ। ਮੈਨੂੰ ਤਾਂ ਸੁਪਨੇ 'ਚ ਵੀ ਨਹੀਂ ਸੀ ਪਤਾ ਬਈ ਆਹ ਮੁਸੀਬਤ ਖੜੀ ਹੋ ਜਾਊ। ਨਹੀਂ ਤਾਂ ਮੈਂ ਕਿਉਂ ਲੈਂਦਾ ਇਹ ਪੰਗਾ? ਪਰ 'ਜੇ' ਵੀ ਕਦੇ ਕਿਸੇ ਨੇ ਵਿਆਹੀ ਹੈ। ਹੁਣ ਤਾਂ ਮੈਨੇਜਮੈਂਟ ਕਮੇਟੀ ਵਾਲੇ ਵੀ ਜਵਾਬ ਮੰਗ ਰਹੇ ਨੇ...। ਕੀ ਜਵਾਬ ਦੇਵਾਂ? ਜੀਅ ਤਾਂ ਕਰਦਾ ਹੈ ਕਿ ਜੇ. ਪੀ. ਖ਼ਾਨ 'ਤੇ ਦੂਜੇ ਤੀਜੇ ਸਾਰਿਆਂ ਦਾ ਹੀ ਨਾਂ ਲੈ ਦੇਵਾ। ਪਰ ਕੀ ਫਾਇਦਾ? ਕੌਣ ਸੁਣੇਗਾ ਮੇਰੀ? ਕਹਿੰਦੇ ਹੁੰਦੇ ਨੇ ਬਈ ਜਿਹੜਾ ਸੰਨ੍ਹ 'ਤੇ ਕਾਬੂ ਆ ਗਿਆ, ਉਹੀ ਚੋਰ। ਵਾਹ ਬਈ ਕਿਸਮਤ ਦੇ, ਮੈਂ ਤਾਂ ਪਹਿਲੀ ਹੀ ਚੋਰੀ 'ਤੇ ਕਾਬੂ ਆ ਗਿਆ 'ਤੇ ਬਣ ਗਿਆ ਪੱਕਾ ਚੋਰ... 'ਤੇ ਉਹ ਖ਼ਾਨ 'ਤੇ ਉਹਦੇ ਚੇਲੇ-ਬੇਲੇ ਰਹਿ ਗਏ ਪਾਸੇ ਦੇ ਪਾਸੇ। ਬਣ ਗਏ ਸਾਧ। ਕੋਈ ਰਾਹ ਨਹੀਂ ਥਿਆਉਂਦਾ। ਸੱਚ ਈ ਕਹਿੰਦੇ ਨੇ ਕਿ ਲਾਲਚ ਬੜੀ ਬੁਰੀ ਬਲਾ ਹੈ। ਨਿੱਕੇ ਹੁੰਦਿਆਂ ਇੱਕ ਕਹਾਣੀ ਸੁਣੀ ਸੀ ਬਈ ਕਿਸੇ ਬੰਦੇ ਨੇ ਕਿਸੇ ਸਾਧੂ ਜਨ ਦੀ ਖੂਬ ਸੇਵਾ ਕੀਤੀ। ਸੇਵਾ-ਭਾਵਨਾ ਤੋਂ ਪ੍ਰਸੰਨ ਹੋ ਕੇ ਸਾਧੂ ਮਹਾਰਾਜ ਨੇ ਪੁੱਛਿਆ ਬਈ ਬੋਲ ਸੇਵਕਾਂ ਕੀ ਹੈ ਤੇਰੀ ਇੱਛਾ? ਮੰਗ ਜੋ ਚਾਹੀਦਾ। ਬੰਦਾ ਕਹਿੰਦਾ ਮਹਾਰਾਜ ਮੇਰੀ ਗਰੀਬੀ ਕੱਟ ਦਿਓ। ਸੰਤ-ਬਾਬੇ ਨੇ ਸੇਵਕ ਦੀ ਲੋਚਾ ਪੂਰੀ ਕਰਨ ਲਈ ਉਹਨੂੰ ਚਾਰ ਮੋਮਬੱਤੀਆਂ ਦਿੱਤੀਆਂ 'ਤੇ ਕਿਹਾ ਕਿ ਪਹਿਲੀ ਮੋਮਬੱਤੀ ਜਗਾ ਕੇ ਪੂਰਬ ਵੱਲ ਜਾਈਂ। ਜਿੱਥੇ ਮੋਮਬੱਤੀ ਬੁਝੇ ਉਹ ਥਾਂ ਖੋਦੀਂ। ਜੋ ਮਿਲਿਆ ਸੋ ਤੇਰਾ। ਇਸੇ ਤਰ੍ਹਾਂ ਦੂਜੀ ਦੇ ਪੱਛਮ ਵੱਲ 'ਤੇ ਤੀਜੀ ਮੋਮਬੱਤੀ ਲੈ ਕੇ ਉਤਰ ਵੱਲ

ਜਾਈ। ਪਰ ਯਾਦ ਰੱਖੀ ਭੁੱਲ ਕੇ ਵੀ ਕਦੇ ਚੌਥੀ ਮੋਮਬੱਤੀ ਜਗਾ ਕੇ ਦੱਖਣ ਵੱਲ ਨਾ ਹੋ ਤੁਰੀ। ਨੁਕਸਾਨ ਹੋਊ ਸੇਵਕ ਨੇ ਉਸੇ ਤਰ੍ਹਾਂ ਕੀਤਾ। ਪੂਰਬ ਵੱਲ ਜਾ ਕੇ ਜ਼ਮੀਨ ਪੁੱਟੀ ਤਾਂ ਚਾਂਦੀ ਦੇ ਭਰੇ ਹੋਏ ਭੰਡਾਰ ਮਿਲੇ। ਬੰਦਾ ਖੁਸ਼। ਨਾਲ ਹੀ ਲਾਲਚ ਹੋਰ ਵੱਧ ਗਿਆ। ਦੂਜੀ ਮੋਮਬੱਤੀ ਜਗਾ ਕੇ ਪੱਛਮ ਵੱਲ ਤੁਰ ਪਿਆ। ਮੋਮਬੱਤੀ ਜਿੱਥੇ ਜਾ ਕੇ ਬੁਝੀ ਉਹ ਜ਼ਮੀਨ ਖੋਦੀ ਤਾਂ ਥੱਲਿਓ ਢੇਰ ਸਾਰਾ ਸੋਨਾ ਮਿਲਿਆ। ਫੇਰ ਕੀ? ਕਲਯੁੱਗੀ ਬੰਦਾ, ਲਾਲਚ ਭਲਾ ਟਿਕਣ ਦਿੰਦਾ। ਤੀਜੀ ਮੋਮਬੱਤੀ ਲੈ ਕੇ ਉੱਤਰ ਵੱਲ ਨਿਕਲ ਪਿਆ। ਢੇਰ ਸਾਰੇ ਹੀਰੇ-ਮੋਤੀ ਪ੍ਰਾਪਤ ਹੋਏ। ਨਾਲ ਦੀ ਨਾਲ ਹੀ ਮੱਤ 'ਤੇ ਪਰਦਾ ਵੀ ਗਿਆ। ਸੋਚਣ ਲੱਗਾ ਜ਼ਰੂਰ ਦੱਖਣ ਵੱਲ ਕੋਈ ਕਾਰੂ ਦਾ ਖਜ਼ਾਨਾ ਹੋਊ। ਸੰਤ-ਮਹਾਰਾਜ ਤਾਂ ਹੀ ਜਾਣ ਤੋਂ ਰੋਕਦੇ ਸੀ। ਲਾਲਚ ਵੱਸ ਦੱਖਣ ਵੱਲ ਤੁਰ ਪਿਆ। ਕਾਫੀ ਦੂਰ ਜਾ ਮੋਮਬੱਤੀ ਬੁਝੀ ਤਾਂ ਜ਼ਮੀਨ ਪੁੱਟਣ ਬੈਠ ਗਿਆ। ਹੇਠਾਂ ਛੋਟਾ ਜਿਹਾ ਦਰਵਾਜ਼ਾ ਦਿਖਾਈ ਦਿੱਤਾ। ਅੰਦਰ ਗਿਆ ਤਾਂ ਸਾਹਮਣੇ ਇੱਕ ਆਦਮੀ ਆਪਣੀ ਹੀ ਮਸਤੀ 'ਚ ਬੈਠਾ ਚੱਕੀ ਪੀਸ ਰਿਹਾ ਸੀ। ਇਹਨੂੰ ਦੇਖ ਕੇ ਚੱਕੀ ਚਲਾਉਣੀ ਛੱਡ ਕੇ ਕਹਿੰਦਾ, ''ਆ ਬਈ ਭਗਤਾ ਜ਼ਰਾਂ ਹੱਥ ਪਾਈ।''

ਕਲਯੁੱਗੀ ਬੰਦਾ। ਲਾਲਚ ਕਰ ਗਿਆ। ਸੋਚਿਆ ਕੀ ਪਤਾ ਉਟ ਕੇ ਕੋਈ ਖਜ਼ਾਨਾ ਹੀ ਦੇ ਦੇਊ। ਚੱਕੀ ਚਲਾਉਣ ਬੈਠ ਗਿਆ। ਪਹਿਲਾਂ ਬੰਦਾ ਕਹਿੰਦਾ, ''ਲੈ ਭਗਤਾ, ਮੈਂ ਚੱਲਦਾ। ਤੂੰ ਬਹਿ ਜੇ ਚੱਕੀ ਪੀਸ। ਜਦੋਂ ਤੇਰੇ ਨਾਲੋਂ ਕੋਈ ਵੱਡਾ ਲਾਲਚੀ ਆਊ ਫੇਰ ਤੇਰੀ ਜਾਨ ਛੁੱਟੂ।'' ਵਿਚਾਰੇ ਨੂੰ ਲਾਲਚ ਲੈ ਬੈਠਾ। ਸਾਰੇ ਕੀਤੇ ਕਰਾਏ 'ਤੇ ਪਾਣੀ ਫਿਰ ਗਿਆ। ਉਹੀ ਹਾਲ ਤਾਂ ਮੇਰਾ ਬਣਿਆ। ਪ੍ਰਭਦੀਪ ਨੂੰ ਐੱਮ. ਬੀ. ਬੀ. ਐੱਸ 'ਚ ਸ਼ੀਟ ਦਵਾਉਣੀ ਸੀ। ਬੱਸ ਪੈਸੇ ਦੇ ਲਾਲਚ 'ਚ ਹੀ ਗੇੜ ਪੁੱਠਾ ਪੈ ਗਿਆ। ਸੋਚਿਆ ਸੀ ਬਈ ਚੰਗੀ ਮੋਟੀ ਕਮਾਈ 'ਉਪਰੋਂ' ਹੋ ਜਾਊ। ਖਰਚਾ ਬਹੁਤਾ ਦੁੱਖੂ ਨਹੀਂ। ਜੇ. ਪੀ. ਖ਼ਾਨ ਵਰਗੇ ਵੀ ਤਾਂ 'ਉਪਰਲੀ' ਕਮਾਈ ਕਰਦੇ ਨੇ... ਪਰ ਕੀ ਪਤਾ ਸੀ ਬਈ ਉਪਰਲੀ ਕਮਾਈ ਪਚਾਉਣ ਲਈ ਵੀ ਲੋਹੇ ਦਾ ਮਿਹਦਾ ਚਾਹੀਦਾ। ਸੱਚ ਹੀ ਕਿਹਾ ਕਿਸੇ ਨੇ ਬਈ, ''ਦੋ ਨੰਬਰ ਦਾ ਪੈਸੇ ਹਰ ਕੋਈ ਨਹੀਂ ਪਚਾ ਸਕਦਾ।''

ਗੱਲ ਤਾਂ ਸਾਰੀ ਟੇਡੇ ਦਿਨਾਂ ਦੀ ਹੈ। ਉੱਧਰ ਉਹ ਗੋਗੜ ਦਾਸ ਰਾਹੂ ਬਣ ਕੇ ਟੱਕਰ ਗਿਆ। ਢੋਲ ਵਰਗਾ ਪੇਟ। ਸੰਵਾਰ-ਸੰਵਾਰ ਗੱਲਾਂ ਕਰਦਾ ਸੀ। ਮੈਂ ਤਾਂ ਉਹਦਾ ਵੱਡਾ ਸਾਰਾ ਪੇਟ ਦੇਖ ਕੇ ਹੀ ਫਸ ਗਿਆ। ਸੋਚਿਆ ਸੀ ਮੋਟੀ ਫਰਮ ਹੈ ਕਰ ਲਓ ਕਮਾਈ। ਖ਼ਾਨ ਤਾਂ ਆਪਣਾ ਹਿੱਸਾ ਲੈ ਕੇ ਉਡਦਾ ਬਣਿਆ ਤੇ ਮੈਂ ਫਸ ਗਿਆ ਪੰਗੇ 'ਚ...। ਸਾਲਾ ਦਲਾਲ ਪਤਾ ਨਹੀਂ ਕਿੱਥੋਂ ਕਿੱਥੋ ਦਲਾਲੀ ਲੈਂਦਾ। ਮੇਰੇ ਵਰਗੇ ਕਈ ਮੁਰਗੇ ਫਸਾਏ ਹੋਏ ਨੇ...। ਸੁੱਕੀ ਕਮਾਈ ਕਰਦਾ। ਜੇ ਕੋਈ ਪੰਗਾ ਪੈ ਗਿਆ ਤਾਂ ਸਿਰ ਦਰਦੀ ਅਗਲੇ ਦੀ ਦਲਾਲ ਨੂੰ ਤਾਂ ਦਲਾਲੀ ਨਾਲ ਮਤਲਬ ਹੈ। ਕਮਲਾ ਦੇਵੀ ਤੋਂ ਜਾਨ ਛੁਡਾਉਣੀ ਔਖੀ ਏ। ਸੁਣਿਐ ਬੜੀ ਗੁਰਦੇ ਵਾਲੀ ਤੀਵੀ ਹੈ। ਰਤਾ ਨਹੀਂ ਝਕਦੀ। ਵੱਡੇ-ਵੱਡੇ ਤਕਲੇ ਵਾਂਗ ਸਿੱਧੇ ਕਰ ਚੁੱਕੀ ਹੈ। ਜਿਹੜੀ ਗੱਲ ਦੇ ਪਿੱਛੇ ਪੈ ਜਾਏ ਉਹਦਾ ਕਿਨਾਰਾ ਕਰਕੇ ਛੱਡਦੀ ਹੈ। ਵੱਡੇ-ਵੱਡੇ ਲੀਡਰਾਂ ਨਾਲ ਸੰਪਰਕ ਹੈ ਉਹਦਾ। ਉਹਦੀ ਇੱਕ ਆਵਾਜ਼ ਪਿਛੇ ਹਜ਼ਾਰਾ ਅਵਾਜ਼ਾਂ ਉਠਦੀਆਂ ਹਨ। ਲੋਕਾਂ ਦੀ ਖਾਸ ਕਰਕੇ ਔਰਤ ਵਰਗ ਦੀ ਚਹੇਤੀ ਹੈ। ਔਰਤ ਹੱਕਾਂ ਲਈ ਤਾਂ ਅੜ ਕੇ ਖਲੋਅ ਜਾਂਦੀ ਹੈ। ਮੈਂ ਤਾਂ ਹੀ ਤਾਂ ਡਰਦਾ। ਨਹੀਂ ਤਾਂ ਰਮਨਾ ਕੁਮਾਰੀ ਤੋਂ ਕੀ ਪ੍ਰੇਸ਼ਾਨੀ ਸੀ। ਉਹਨੂੰ ਅਨਪੜ੍ਹ ਨੂੰ ਕੀ ਪਤਾ? ਇਹਨਾਂ ਗਰੀਬਾਂ ਨੂੰ ਤਾਂ ਦੋ ਟਾਈਮ ਦੀ ਰੋਟੀ ਦਾ ਹੀ ਮਸਲਾ ਹੁੰਦਾ। ਇਹਨਾਂ ਨੂੰ ਕਿਤੇ



ਆਪਣੇ 'ਹੱਕ' ਸੁਝਦੇ ਨੇ...। ਤਾਂ ਹੀ ਖ਼ਾਨ ਵਰਗੇ ਇੰਜ ਦੇ ਅਨਪੜ੍ਹ ਲੋਕਾਂ ਦਾ ਸ਼ੋਸ਼ਣ ਕਰਦੇ ਨੇ...। ਸਾਡੇ ਇੱਥੇ ਲੁੱਟੀ ਹੀ ਮਾੜੀ ਧਿਰ ਜਾਂਦੀ ਹੈ। ਤਕੜਾ ਤਾਂ ਅਗਿਓ ਨਾਸਾਂ ਲਾਉਂਦਾ। ਮਾੜੇ 'ਤੇ ਹੀ ਸਭ ਦਾ ਜ਼ੋਰ ਚੜ੍ਹਦਾ। ਤਾਂ ਹੀ ਤਾਂ ਖ਼ਾਨ ਬਚਿਆ ਆਉਂਦਾ। ਓਪਰ ਤੀਕ ਹੱਥ ਰਲੇ ਹੋਏ ਨੇ...। ਸਭ ਦਾ ਦਸਵੰਧ ਘਰੋਂ ਘਰੀਂ ਪਹੁੰਚਾ ਦਿੰਦਾ। ਇਸੇ ਲਈ ਤਾਂ ਮੈਨੇਜਮੈਂਟ ਕਮੇਟੀ ਵਾਲੇ ਕਬੂਤਰ ਵਾਂਗ ਅੱਖਾਂ ਮੀਟੀ ਛੱਡਦੇ ਨੇ...। ਨਹੀਂ ਤਾਂ ਕੌਣ ਨਹੀਂ ਜਾਣਦਾ ਖ਼ਾਨ ਦੇ ਕਾਰਨਾਮੇ? ਬਹੁਤ ਵਾਰ ਇਹ ਮਸਲਾ ਇੱਧਰ-ਉੱਧਰ ਉਠਿਆ ਵੀ ਪਰ ਬੱਸ ਸਮੇਂ ਦੀ ਧੂੜ ਹੇਠ ਦੱਬ ਗਿਆ। ਦੋ-ਚਾਰ ਦਿਨ ਰਾਮ ਦੁਹਾਈ 'ਤੇ ਮੁੜਕੇ ਸਭ ਖੰਭਾਂ 'ਚ ਸਿਰ ਦੇ ਕੇ ਬਹਿ ਜਾਂਦੇ ਨੇ...। ਮੈਂ ਤਾਂ ਜਦੋਂ ਨਵੇਂ-ਨਵੇਂ ਜੁਆਇਨ ਕੀਤਾ ਸੀ, ਉਦੋਂ ਹੀ ਖ਼ਾਨ ਦੀ ਅਸਲੀਅਤ ਜਾਣ ਗਿਆ ਸੀ। ਬਹੁਤ ਸਾਰੇ ਕੇਸ ਤਾਂ ਮੇਰੇ ਸਾਹਮਣੇ ਵਾਪਰੇ ਨੇ...। ਪਤਾ ਨਹੀਂ ਖ਼ਾਨ ਦੇ ਕਿੱਧਰ-ਕਿੱਧਰ ਗਾਂਢੇ-ਸਾਂਢੇ ਨੇ...। ਮੈਨੂੰ ਤਾਂ ਭਰਮ 'ਚ ਫਸਾ ਲਿਆ। ਕਹਿੰਦਾ, ''ਬੰਦਾ ਲੋੜਵੰਦ ਹੈ 'ਤੇ ਨਾਲੇ ਮੋਟੀ ਅਸਾਮੀ ਹੈ। ਮੂੰਹ ਮੰਗੀ ਕੀਮਤ ਦੇਣ ਲਈ ਤਿਆਰ ਹੈ। ਇੰਜ ਦਾ ਮੌਕਾ ਫੇਰ ਨਹੀਂ ਆਉਂਦਾ। ਸਾਰੀ ਦੁਨੀਆਂ ਹੀ ਇਹ ਕੁਝ ਕਰਦੀ ਹੈ।'' ਮੈਂ ਸੋਚਿਆ ਸੀ ਕਿਹੜੀ ਗੱਲ ਬਾਹਰ ਆਉਣੀ ਹੈ। ਇੱਕ ਵਾਰ ਗੱਲ ਇੱਧਰ-ਉੱਧਰ ਹੋ ਗਈ ਫੇਰ ਕੀਹਨੇ ਪੁਛਣਾ। ਹੈ ਤਾਂ ਸਭ ਕੁਝ ਠੀਕ-ਠਾਕ ਗਿਆ ਸੀ ਪਰ ਕਮਲਾ ਦੇਵੀ ਨੇ ਵਿੱਚ ਆ ਕੇ ਮੁਸੀਬਤ ਖੜੀ ਕਰ 'ਤੀ। ਹੁਣ ਤਾਂ ਪਤਾ ਨਹੀਂ ਕੀਹਦੇ-ਕੀਹਦੇ ਚਿਠੇ ਖੁਲਣਗੇ। ਮੈਂ 'ਕੱਲਾਂ ਨਹੀਂ ਮਰਦਾ। ਸਾਲੇ ਜੇ. ਪੀ. ਖ਼ਾਨ ਨੂੰ ਨਾਲ ਲੈ ਕੇ ਮਰੂ। ਇੱਕ ਬੋਝ ਤਾਂ ਹਟ ਜਾਊ ਧਰਤੀ ਤੋਂ। ਜੇ. ਪੀ. ਖ਼ਾਨ ਦੀ ਹਿਸਟਰੀ ਵੀ ਕਮਾਲ ਹੀ ਹੈ। ਮੈਨੂੰ ਤਾਂ ਜੈ ਦੀਪ ਦੱਸਦਾ ਸੀ। ਜੈਦੀਪ ਨਾਲ ਕਈ ਰਗ ਸਾਂਝੇ ਨੇ ਉਹਦੇ। ਜੇ. ਪੀ ਖ਼ਾਨ ਕੋਈ ਮਾਮੂਲੀ ਬੰਦਾ ਨਹੀਂ ਹੈ। ਅਲੀਗੜ੍ਹ ਦੇ ਇਲਾਕੇ ਦੇ ਮਸ਼ਹੂਰ ਦਸ ਨੰਬਰੀ ਪਰਿਵਾਰ ਨਾਲ ਸਬੰਧ ਹੈ ਇਹਦਾ। ਪਿਉ ਇਹਦਾ ਰਾਜਨੀਤੀ 'ਚ ਚੰਗਾ ਅਸਰ-ਰਸੂਖ ਰੱਖਦਾ। ਸ਼ਾਇਦ ਐਮ. ਐਲ. ਏ. ਹੈ ਉੱਧਰ ਕਿਸੇ ਹਲਕੇ ਦਾ ਰਾਜਨੀਤੀ 'ਚ ਆਉਣ ਤੋਂ ਪਹਿਲਾਂ ਤਾਂ ਬਹੁਤਾ ਕੁਝ ਨਹੀਂ ਸੀ ਇਹਨਾਂ ਕੋਲ। ਸਭ ਰਾਜਨੀਤੀ ਦੀ ਦੇਣ ਹੈ। ਪਤਾ ਨਹੀਂ ਤਾਕਤ ਦੇ ਜ਼ੋਰ ਤੇ ਕੀ ਕੀ ਪੁੱਠੇ ਸਿੱਧੇ ਧੰਦੇ ਕਰਦੇ ਨੇ...। ਮੈਨੂੰ ਤਾਂ ਲੱਗਦਾ ਬਈ ਜੇ. ਪੀ. ਖਾਨ ਵੀ ਜਅਲੀ ਹੈ। ਸਾਲਾ ਜਲਾਦ। ਬੜੇ ਨੇ ਇਹੋਂ ਜਿਹੇ। ਜਾਅਲੀ ਡਿਗਰੀ 'ਤੇ ਜਾਅਲੀ ਸਰਟੀਫਿਕੇਟ। ਨਰਮ ਦਿਲੀ ਤਾਂ ਹੈ ਨਹੀਂ ਭੋਰਾ। ਇੱਧਰ ਇਕੱਲਾ ਰਹਿੰਦਾ। ਬੜਾ ਸ਼ਾਨਦਾਰ ਫਲੈਟ ਹੈ। ਸ਼ੌਕ ਦੇ ਕਬੂਤਰ ਉਡਾਉਦਾ। ਸਾਲਾ... ਕੋਈ ਨਾ ਕੋਈ ਜਨਾਨੀ ਘਰੇ ਵਾੜੀ ਰੱਖਦਾ। ਖਾਨਦਾਨੀ ਬਦਮਾਸ਼ ਹੈ ਇਸੇ ਲਈ ਤਾਂ ਕਿਤੇ ਗੱਲੋਂ ਝਕਦਾ ਨਹੀਂ। ਮੈਨੂੰ ਤਾਂ ਪਹਿਲੇ ਦਿਨੋਂ ਵੈਸੇ ਈ ਕੋਈ ਮੁਫਤ ਦੀ ਚੀਜ਼ ਪਚਾਉਣੀ ਨਹੀਂ ਆਈ। ਆਉਣੀ ਵੀ ਕੀ ਸੀ... ਪਚਦੀ ਹੀ ਨਹੀਂ। ਲੋਹੇ ਦਾ ਮਿਹਦਾ ਨਹੀਂ ਦਿੱਤਾ ਰੱਬ ਨੇ...। ਨਿੱਕੇ ਹੁੰਦਿਆਂ ਸਕੂਲ ਟਾਈਮ ਦੀ ਗੱਲ ਹੈ। ਮੈਂ ਕਿਸੇ ਜਮਾਤੀ ਮੁੰਡੇ ਦਾ ਜੁਮੈਂਟਰੀ ਬਾਕਸ ਚੋਰੀ ਕੱਢ ਲਿਆ। ਘਰੇ ਜਾ ਕੇ ਬੜੇ ਮਾਣ ਨਾਲ ਦੱਸਿਆ ਕਿ ਮੈਨੂੰ ਇਹ ਜੁਮੈਂਟਰੀ ਬਾਕਸ ਲੱਭਿਆ। ਮਾਪਿਆ ਨੂੰ ਕੀ ਨਹੀਂ ਪਤਾ ਹੁੰਦਾ। ਫਾਦਰ ਸਾਹਿਬ ਮੇਰੇ ਜਰਾਂ ਗਰਮ ਸੁਭਾਅ ਦੇ ਸਨ ਸਭ ਸਮਝ ਗਏ। ਕੱਚਾ ਚੋਰ ਸਾਂ... ਛੇਤੀ ਹੀ ਮੰਨ ਗਿਆ। ਉਹ ਛਿੱਲ ਲੱਥੀ ਕਿ ਰਹੇ ਰੱਬ ਦਾ ਨਾਂ। ਅਗਲੇ ਦਿਨ ਜਾ ਕੇ ਉਹਦਾ ਜੁਮੈਂਟਰੀ ਬਾਕਸ ਵਾਪਿਸ ਕੀਤਾ ਤਾਂ ਜਾ ਕੇ ਜਾਨ ਛੁੱਟੀ। ਪਹਿਲੇ ਦਿਨੋਂ ਘਰੋਂ ਇਹੀ ਸੰਸਕਾਰ ਮਿਲੇ ਸਨ ਕਿ ਹੱਕ ਦੀ ਕਮਾਈ ਕਰਨੀ 'ਤੇ ਖਾਣੀ ਹੈ। ਦਸਾਂ ਨਹੁੰਆਂ ਦੀ ਕਮਾਈ 'ਚ ਹਗੀ ਬਰਕਤ ਹੁੰਦੀ ਹੈ। ਪਰ ਖ਼ਾਨ ਦੀ

ਥਿਊਰੀ ਹੀ ਵੱਖਰੀ ਹੈ। ਕਹਿੰਦਾ, ''ਸਰ, ਅੱਜ ਕੱਲ ਹੱਕ-ਹਲਾਲ ਦੀ ਕਮਾਈ ਨਾਲ ਕੀ ਬਣਦਾ। ਆਪਣਾ ਲੀਵਿੰਗ ਸਟਾਈਲ ਉਚਾ ਚੁੱਕਣਾ ਹੈ ਤਾਂ ਦੂਜਾ ਰਾਹ ਫੜਨਾ ਪਊ। ਲੋਕੀ ਚੰਨ 'ਤੇ ਪਹੁੰਚ ਗਏ। ਜੇ ਆਪਾ ਹੱਕ-ਸੱਚ ਦਾ ਹੀ ਰੋਣਾ ਰੋਂਦੇ ਰਹੇ ਤਾਂ ਬੱਸ ਰਹਿ ਗਏ ਦਾਲ-ਫੁਲਕੇ ਜੋਗੇ ਹੀ। ਆਪਣੀ ਸੋਚ ਨੂੰ ਬਦਲੋਂ। ਘਰ ਚੱਲ ਕੇ ਆਈ ਲਛਮੀ ਨੂੰ ਧੱਕਾ ਨਹੀਂ ਦਿੰਦੇ।'' ... ਤੇ ਆਪਾ ਘਰ ਚੱਲ ਕੇ ਆਈ ਲਛਮੀ ਗਲ ਨੂੰ ਲਾ ਲਈ। ... 'ਤੇ ਹੁਣ ਇਹੋ ਲਛਮੀ ਬਣ ਗਈ ਹੈ ਗਲੇ ਦਾ ਫੰਧਾਂ। ਮੈਂ ਤਾਂ ਰਮਨਾ ਕੁਮਾਰੀ ਦੀ ਹਾਲਾਤ ਦੇਖ ਕੇ ਹੀ ਅਪਸੈੱਟ ਹੋ ਗਿਆ ਸੀ। ਬਚਪਨ ਵਾਲੀ ਗੱਲ ਚੇਤੇ ਆ ਗਈ। ਛੋਟਿਆ ਹੁੰਦਿਆਂ ਮੈਨੂੰ ਇੱਕ ਵਾਰ ਬੜਾ ਸ਼ਖ਼ਤ ਬੁਖਾਰ ਹੋ ਗਿਆ। ਫਾਦਰ ਸਾਹਿਬ ਹਾਲੇ ਫੈਕਟਰੀ ਤੋਂ ਨਹੀਂ ਸਨ ਮੁੜੇ। ਮੇਰੇ ਮਦਰ ਬਹੁਤ ਪ੍ਰੇਸ਼ਾਨ ਸਨ। ਘਰੇ ਪੈਸਾ ਕੋਈ ਨਾ। ਮਦਰ ਬੜੀ ਮੁਸ਼ਕਿਲ ਨਾ ਕਿਸੇ ਗੁਆਂਢਣ ਤੋਂ ਦਵਾਈ ਜੋਗੇ ਪੈਸੇ ਲੈ ਕੇ ਆਏ। ਮੈਂ ਕਈ ਦਿਨ ਬੀਮਾਰ ਰਿਹਾ। ਮੇਰੀ ਤਕਲੀਫ ਨੂੰ ਮੇਰੀ ਮਦਰ ਆਪਣੇ ਪਿੰਡੇ ਹੰਢਾ ਰਹੇ ਸਨ। ਰਮਨਾ ਕੁਮਾਰੀ ਨੇ ਮੈਨੂੰ ਮੇਰੇ ਮਦਰ ਯਾਦ ਕਰਵਾ ਦਿੱਤੇ। ਸੱਚ ਮੁੱਚ ਮਾਂ ਮਮਤਾ ਦੀ ਮੂਰਤ ਹੁੰਦੀ ਹੈ। ਗਰੀਬ ਘਰਾਂ ਦੀ ਹਾਲਾਤ ਕਿਹੋ ਜਿਹੀ ਹੁੰਦੀ ਹੈ ਇਹ ਮੈਂ ਚੰਗੀ ਤਰ੍ਹਾਂ ਜਾਣਦਾ। ਮੈਂ ਉਹ ਹਾਲਾਤ ਦੇਖੇ ਨੇ...। ਪਿਤਾ ਜੀ ਨੂੰ ਫੈਕਟਰੀ ਵਿੱਚ ਓਵਰ ਟਾਈਮ ਕੰਮ ਕਰਕੇ, ਪੈਸਾ-ਪੈਸਾ ਸੰਭਾਲਦਿਆਂ ਮੈਂ ਦੇਖਿਆ ਹੈ। ਉਹ ਕਮਾਈ ਖੂਨ ਪਸੀਨੇ ਦੀ ਸੀ ਤਾਂ ਹੀ ਤਾਂ ਉਹਦੇ ਵਿੱਚ ਬਰਕਤ ਸੀ। ਉਹ ਗੱਲਾਂ ਅੱਜ ਵੀ ਯਾਦ ਹਨ। ਪਿਤਾ ਜੀ ਕਹਿੰਦੇ ਹੁੰਦੇ ਸਨ, ''ਪੁੱਤਰਾਂ ਤੂੰ ਦੱਬ ਕੇ ਪੜ੍ਹ। ਕੁਝ ਬਣ ਕੇ ਦਿਖਾ। ਮੇਰੇ ਜਿਊਂਦੇ ਜੀਅ ਤੈਨੂੰ ਕਿਸੇ ਚੀਜ ਦੀ ਘਾਟ ਨਹੀਂ ਆਉਂਦੀ। ਸ਼ਾਬਾਸ਼ ਪੁੱਤਰਾ! ਚੱਕ ਦੇ ਫੱਟੇ।''

ਮੈਂ ਅੱਜ ਕੀ ਬਣਿਆ ਹਾਂ? ਨੇਕ ਬਾਪ ਦਾ ਬੇਈਮਾਨ ਪੁੱਤਰ। ਪਿਤਾ ਜੀ ਦੀ ਰੂਹ ਵੀ ਇਹ ਦੇਖ ਕੇ ਕਿੰਨੀ ਉਦਾਸ ਹੋਏਗੀ।

''ਪੁੱਤਰਾ, ਡਾਕਟਰ ਰੱਬ ਦਾ ਰੂਪ ਹੁੰਦੇ ਨੇ...। ਰੱਬ ਦਾ ਫਰਜ਼ ਸਭ ਨੂੰ ਜਿੰਦਗੀ ਦੇਣਾ ਹੈ। ਇਹਨਾਂ ਹੱਥਾਂ ਨਾਲ ਕਦੇ ਕੁਝ ਗਲਤ ਨਾ ਕਰੀ। ਆਪਣੇ ਇਸ ਪਵਿੱਤਰ ਕਿੱਤੇ ਦੇ ਖਿਲਾਫ।'' ਮੇਰੇ ਡਾਕਟਰ ਬਣ ਜਾਣ 'ਤੇ ਪਿਤਾ ਜੀ ਨੇ ਇਹ ਗੱਲ ਸਮਝਾਈ ਸੀ। ਪਰ ਕੀ ਕੀਤਾ ਮੈਂ? ਅਸੀਂ ਡਾਕਟਰ ਦੂਜੇ ਰੱਬ ਹੋਣ ਦਾ ਢੌਂਗ ਰਚਾਉਂਦੇ ਹਾਂ। ਪਰ ਹੁੰਦੇ ਹਾਂ ਅਸਲੀ ਰੂਪ 'ਚ ਚਿੱਟੀ ਵਰਦੀ ਵਾਲੇ ਜਲਾਦ...। ਇੱਕ ਉਹ ਜਲਾਦ ਹੁੰਦੇ ਨੇ ਜੋ ਬੰਦੇ ਦੀ ਜਾਨ ਸ਼ਰੇਆਮ ਸੂਲੀ 'ਤੇ ਟੰਗ ਕੇ ਲੈਂਦੇ ਹਨ ਤੇ ਅਸੀਂ ਡਾਕਟਰ ਅੱਜ ਕੱਲ ਬੰਦੇ ਦੀ ਜਾਨ ਆਪ੍ਰੇਸ਼ਨ ਥੀਏਟਰ ਵਿੱਚ ਬੈੱਡ 'ਤੇ ਲਿਟਾ ਕੇ ਲੈਣ ਲੱਗ ਪਏ ਹਾਂ। ਫ਼ਰਕ ਕੀ ਹੈ? ਬੱਸ ਜਲਾਦ ਦਾ ਚਿਹਰਾ ਸਭ ਦੇ ਸਾਹਮਣੇ ਹੁੰਦਾ ਹੈ ਅਤੇ ਡਾਕਟਰ ਦਾ ਪਰਦੇ ਦੇ ਪਿੱਛੇ। ਮੈਂ ਬਹੁਤ ਸੋਚਦਾ ਸੀ ਕਿ ਇੰਝ ਦਾ ਕੰਮ ਕਰਨ ਲੱਗਿਆ ਖ਼ਾਨ ਵਰਗੇ ਦੇ ਹੱਥ ਕਿਉ ਨਹੀਂ ਕੰਬਦੇ? ਪਰ ਅੱਜ ਜਦੋਂ ਖੁਦ ਨਾਲ ਵਾਪਰੀ ਤਾਂ ਫੇਰ ਪਤਾ ਲੱਗਿਆ ਕਿ ਪੈਸਾ ਇੱਕ ਐਸਾ ਜ਼ਹਿਰ ਹੈ ਜੋ ਦਿਮਾਗ ਨੂੰ ਪੂਰੀ ਤਰ੍ਹਾਂ ਸੁੰਨ ਕਰ ਦਿੰਦਾ ਹੈ। ਜਦੋਂ ਦਿਮਾਗ ਹੀ ਟਿਕਾਣੇ ਨਾ ਰਿਹਾ ਤਾਂ ਫੇਰ ਹੱਥ ਕੰਬਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ।

''ਸੌਰੀ ਰਮਨਾ ਜੀ! ਰੌਮੀ ਨੂੰ ਅਸੀਂ ਬਚਾ ਨਹੀਂ ਸਕੇ।'' ਇਹ ਸ਼ਬਦ ਮੈਂ ਆਪਣੇ ਕੈਰੀਅਰ ਵਿੱਚ ਸ਼ਾਇਦ ਪਹਿਲੀਵਾਰ ਕਿਸੇ ਨੂੰ ਕਹੇ ਸਨ। ਰਮਨਾ ਕੁਮਾਰੀ ਤੇ ਜਿਵੇਂ ਬਿਜਲੀ ਡਿੱਗ ਪਈ ਸੀ। ਉਹ ਇੰਨੀ ਰੋਈ, ਇੰਨਾ ਚੀਕੀ ਸੀ ਕਿ ਉਸ ਦੀ ਅਵਾਜ਼ ਅੱਜ ਤੱਕ ਮੇਰੇ



ਕੰਨਾਂ ਵਿੱਚ ਗੂੰਜ ਰਹੀ ਹੈ।

''ਛੱਡੋ ਡਾਕਟਰ ਸ਼ਰਮਾ ਜੀ, ਇਹ ਗਰੀਬ ਕਿੱਥੇ ਆਵਾਜ਼ ਉਠਾਉਣ ਜੋਗੇ ਨੇ...।'

ਜੇ. ਪੀ. ਖ਼ਾਨ ਨੇ ਇਹ ਤਸੱਲੀ ਦਿੱਤੀ ਸੀ ਮੈਨੂੰ। ਪਰ ਹੁਣ ਇਹਨਾਂ ਝੂਠੀਆਂ ਤਸੱਲੀਆਂ ਨਾਲ ਕੁਝ ਨਹੀਂ ਹੋਣਾ। ਹੁਣ ਤਾਂ ਸਭ ਨੂੰ ਜ਼ੇਲ੍ਹ ਦੀ ਹਵਾ ਖਾਣੀ ਪਊਂ। ਕਮਲਾ ਦੇਵੀ ਹੁਣ ਪਿੱਛੇ ਨਹੀਂ ਹਟਦੀ। ਸਭ ਦੇ ਚਿਹਰੇ ਨੰਗੇ ਹੋਣਗੇ। ''ਸੌ ਦਿਨ ਚੋਰ ਦਾ 'ਤੇ ਇੱਕ ਦਿਨ ਸਾਧ ਦਾ...।'' ਇਹ ਤਾਂ ਹੋਣਾ ਈ ਸੀ। ਪਿਤਾ ਜੀ ਕਹਿੰਦੇ ਹੁੰਦੇ ਸੀ, ''ਪੁੱਤਰਾਂ ਪਾਪ ਦਾ ਘੜਾ ਜਦੋਂ ਭਰਦਾ ਹੈ ਤਾਂ ਬੜੀ ਬੁਰੀ ਤਰ੍ਹਾਂ ਫੁੱਟਦਾ ਹੈ। ਪਾਪ ਦੀ ਸਜ਼ਾ ਮਿਲਦੀ ਜ਼ਰੂਰ ਹੈ।''

ਸਜ਼ਾ ਤੋਂ ਹੀ ਤਾਂ ਡਰ ਆਉਂਦਾ। ਕਹਿੰਦੇ ਹੁੰਦੇ ਨੇ ''ਚੋਰੀ ਲੱਖ ਦੀ ਮਾੜੀ 'ਤੇ ਚੋਰੀ ਕੱਖ ਦੀ ਵੀ ਮਾੜੀ।'' ਹੁਣ ਤਾਂ ਜੋ ਕੰਮ ਨਹੀਂ ਵੀ ਕੀਤਾ ਉਸਦਾ ਵੀ ਖਮਿਆਜਾ ਭੁਗਤਣਾ ਪਊ। ਕੀ ਹੈ ਬੰਦੇ ਦੀ ਜਿੰਦਗੀ? ਜ਼ਿੰਦਗੀ ਸੰਵਾਰ ਲਈ ਬੰਦਾ ਪਤਾ ਨਹੀਂ ਕਿੱਧਰ-ਕਿੱਧਰ ਹੱਥ ਪੈਰ ਮਾਰਦਾ ਫਿਰਦਾ। ਧੀਆਂ ਦਾ ਸੋਚਦਾ, ਪੁੱਤਾਂ ਦਾ ਸੋਚਦਾ। ਅਗਲੀਆਂ ਪੀੜ੍ਹੀਆਂ ਲਈ ਸਿਰ ਪੈਰ ਮਾਰਦਾ ਫਿਰਦਾ। ਪਰ ਨਤੀਜਾ ਕੀ ਕਿਲਦਾ-ਜ਼ੀਰੋ। ਸਭ ਇੱਥੇ ਹੀ ਰਹਿ ਜਾਂਦਾ। ਭਵਿੱਖ ਸਵਾਰਦੇ-ਸਵਾਰਦੇ ਵਰਤਮਾਨ ਵੀ ਵਿਗੜ ਜਾਂਦਾ। ਸਭ ਲੋੜਾਂ ਦੇ ਪਿੱਛੇ ਭੱਜੇ ਫਿਰਦੇ ਨੇ...। ਕੋਈ ਕਿਸੇ ਦਾ ਸਕਾ ਨਹੀਂ। ਸਭ ਸਤਲਬ ਦੇ ਸੌਦੇ ਨੇ...। ਕਿੰਨਾ ਸਵਾਰਥੀ ਹੈ ਇਹ ਬੰਦਾ। ਜੇ. ਪੀ. ਖ਼ਾਨ ਲੈ ਕੇ ਆਇਆ ਸੀ ਉਸ ਮੋਟੀ ਫਰਮ ਨੂੰ... ਸੇਠੀ ਸਾਹਿਬ ਨੂੰ...। ਸੇਠੀ ਮੂੰਹ ਮੰਗੀ ਕੀਮਤ ਦੇਣ ਲਈ ਤਿਆਰ ਸੀ। ਉਹਦੇ ਲਈ ਆਪਣੇ ਬੇਟੇ ਦੀ ਜਾਨ ਜ਼ਰੂਰੀ ਸੀ। ਖ਼ਾਨ ਲਈ ਆਪਣਾ ਹਿੱਸਾ ਅਤੇ ਮੇਰੇ ਲਈ ਪ੍ਰਭਦੀਪ ਲਈ ਪੈਸੇ। ਕੈਸੀ ਅਜੀਬ ਕੜੀ ਹੈ। ਹੈ ਨਾ ਮਤਲਬ ਦੀਆਂ ਬਾਤਾਂ? ਬੱਸ ਮੈਂ ਲੱਗ ਗਿਆ ਜੇ. ਪੀ. ਖ਼ਾਨ ਦੇ ਪਿੱਛੇ।

----------

ਰਮਨਾ ਕੁਮਾਰੀ ਸ਼ੇਖੂ ਬਸਤੀ ਦੀ ਰਹਿਣ ਵਾਲੀ ਹੈ। ਬੜੀ ਗਰੀਬ ਹੈ ਵਿਚਾਰੀ। ਕਮਲਾ ਦੇਵੀ ਦੇ ਘਰ ਨੌਕਰੀ ਕਰਦੀ ਹੈ। ਪਤੀ ਉਹਦਾ ਸ਼ਾਇਦ ਮਰ ਚੁੱਕਾ ਹੈ। ਰੌਮੀ ਉਹਦਾ ਦਸ ਕੁ ਸਾਲ ਦਾ ਬੇਟਾ ਹੈ। ਬਹੁਤ ਸਖਤ ਬੀਮਾਰ ਸੀ ਵਿਚਾਰਾ। ਪੇਟ ਵਿੱਚ ਇੱਕ ਗੰਢ ਜਿਹੀ ਬੱਝੀ ਸੀ। ਆਪ੍ਰੇਸ਼ਨ ਬਗੈਰ ਬਚਣ ਦੇ ਕੋਈ ਚਾਂਸ ਨਹੀਂ ਸਨ। ਜੀਵਨ ਜੋਯਤੀ ਹਸਪਤਾਲ ਗਰੀਬਾਂ ਲੋੜਵੰਦਾ ਦੀ ਸਹਾਇਤਾ ਲਈ ਬਣਾਇਆ ਗਿਆ ਹੈ। ਸਸਤਾ ਇਲਾਜ। ਸਾਰੀਆਂ ਸਹੂਲਤਾਂ। ਉਹ ਕੇਸ ਮੇਰੇ ਕੋਲ ਸੀ। ਆਪ੍ਰੇਸ਼ਨ ਹੋ ਗਿਆ। ਰੌਮੀ ਦੇ ਪੇਟ ਦੀ ਗੰਢ ਦੇ ਨਾਲ ਹੋਰ ਬਹੁਤ ਕੁਝ ਕੱਢ ਲਿਆ ਗਿਆ। ਵਿਚਾਰ ਦੂਜੇ ਦਿਨ ਹੀ ਦਮ ਤੋੜ ਗਿਆ। ਰਮਨਾ ਕੁਮਾਰੀ ਤਾਂ ਸਭ 'ਰੱਬ ਦੇ ਰੰਗ' ਮੰਨ ਬੈਠੀ ਸੀ ਪਰ ਕਮਲਾ ਦੇਵੀ ਨੇ ਕੇਸ ਨੂੰ ਹਵਾ ਦੇ ਦਿੱਤੀ। ਹੁਣ ਰੌਮੀ ਦੇ ਮੁਰਦਾ ਸਰੀਰ ਦਾ 'ਪੋਸਟ ਮਾਰਟਮ' ਹੋਵੇਗਾ। ਸਚਾਈ ਬਾਹਰ ਆ ਜਾਏਗੀ। ਸਵਾਲ ਉਠੇਗਾ। ਰੌਮੀ ਵਿੱਚ ਇੱਕ ਗੁਰਦਾ ਉਪਰਲੇ ਰੱਬ ਨਹੀਂ ਬਣਾਇਆ? ਪਰ ਨਹੀਂ ਉਹ ਰੱਬ ਕਦੇ ਕੋਈ ਚੀਜ਼ ਘੱਟ ਨਹੀਂ ਬਣਾਉਂਦਾ। ਫੇਰ ਜ਼ਰੂਰ ਗੁਰਦਾ ਧਰਤੀ ਵਾਲੇ ਰੱਬ ਨੇ ਕੱਢ ਲਿਆ ਹੈ। ਅੰਦਰ ਦੀਆਂ ਪੱਕੀਆਂ ਹੁਣ ਬਾਹਰ ਆਉਣਗੀਆਂ ਜੀਵਨਜਯੋਤੀ ਹਸਪਤਾਲ ਦੇ ਸਾਰੇ ਗੁੱਝੇ ਭੇਦ ਖੁਲ੍ਹ ਜਾਣਗੇ।

ਕਿਸ ਕਿਸ ਦੇ ਚਿਹਰੇ ਨੰਗੇ ਹੋਣਗੇ। ਇਹ ਤਾਂ 'ਰੱਬ' ਹੀ ਜਾਣੇ।

ਪਤਾ: ਪਿੰਡ ਤੇ ਡਾਕ-ਧਾਰੀਵਾਲ, ਤਹਿ, ਪੱਟੀ, ਜ਼ਿਲਾਂ ਤਰਨਤਾਰਨ-143416,
ਮੁ. 94632-15168

## ਜੋਗਿੰਦਰ ਸਿੰਘ ਨਿਰਾਲਾ:ਤਣਾਓਸ਼ੀਲ ਕਹਾਣੀਕਾਰ / ਇਕਦੀਸ਼ ਕੌਰ

ਜਦੋਂ ਤੋਂ ਮਨੁੱਖੀ ਜੀਵਨ ਸ਼ੁਰੂ ਹੋਇਆ ਹੈ, ਮਨੁੱਖ ਅਲੱਗ ਅਲੱਗ ਪੜਾਵਾਂ ਵਿਚੋਂ ਲੰਘ ਕੇ ਅਜੋਕੀ ਵਿਗਿਆਨਕ ਤਕਨਾਲੌਜੀਕਲ ਅਵਸਥਾ ਵਿੱਚ ਪਹੁੰਚਿਆ ਹੈ। ਮਨੁੱਖੀ ਵਿਕਾਸ ਵਿੱਚ ਸਮਾਜ ਦਾ ਮਹੱਤਵਪੂਰਨ ਯੋਗਦਾਨ ਹੈ। ਸਮਾਜ ਨੂੰ ਅਲੱਗ-ਅਲੱਗ ਵਿਦਵਾਨਾਂ ਨੇ ਆਪਣੇ-ਆਪਣੇ ਢੰਗਾਂ ਨਾਲ ਪਰਿਭਾਸ਼ਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਸਮਾਜ ਅਸਲ ਵਿੱਚ ਅਜਿਹੇ ਵਿਅਕਤੀਆਂ ਦਾ ਸਮੂਹ ਹੁੰਦਾ ਹੈ ਜਿਨ੍ਹਾਂ ਵਿੱਚ ਆਪਸੀ ਸਬੰਧ ਬਣੇ ਹੁੰਦੇ ਹਨ ਅਤੇ ਜਿਨ੍ਹਾਂ ਦੇ ਸਾਂਝੇ ਉਦੇਸ਼ ਹੁੰਦੇ ਹਨ। ਮਨੁੱਖ ਆਪਣੀਆਂ ਲੋੜਾਂ ਦੀ ਪੂਰਤੀ ਲਈ ਸਮਾਜ ਵਿੱਚ ਵਿਚਰਦਾ ਹੈ। ਸਮਾਜ ਹੀ ਮਨੁੱਖ ਨੂੰ ਚੰਗੇਰਾ ਬਣਾਉਣ ਵਿੱਚ ਸਹਾਈ ਹੁੰਦਾ ਹੈ। ਸਮਾਜ ਤੋਂ ਬਿਨਾਂ ਮਨੁੱਖ ਪਸ਼ੂ ਸਮਾਨ ਹੈ। ਸਮਾਜ ਸਾਡੀ ਜ਼ਿੰਦਗੀ ਦੀਆਂ ਸਾਰੀਆਂ ਪ੍ਰਕ੍ਰਿਆਵਾਂ ਦਾ ਕੇਂਦਰ ਬਣਦਾ ਹੈ।

ਮਨੁੱਖ ਸਮਾਜ ਦੀਆਂ ਵੱਖ ਵੱਖ ਅਵਸਥਾਵਾਂ ਜਿਵੇਂ ਸ਼ਿਕਾਰੀ ਅਵਸਥਾ, ਚਰਵਾਹਾ ਅਵਸਥਾ, ਖੇਤੀਬਾੜੀ ਦੀ ਅਵਸਥਾ ਨੂੰ ਪਾਰ ਕਰਕੇ ਅਜੋਕੀ ਉਦਯੋਗਿਕ ਅਵਸਥਾ ਤੱਕ ਪਹੁੰਚਿਆ ਹੈ।

ਪੰਜਾਬ ਦੇ ਸਮਾਜਿਕ ਜੀਵਨ ਵਿੱਚ ਵੀ ਆਰੰਭਕ ਅਵਸਥਾ ਤੋਂ ਹੁਣ ਤੱਕ ਬਹੁਤ ਤਬਦੀਲੀਆਂ ਆਈਆਂ ਹਨ। ਵਸੋਂ ਦੇ ਵਾਧੇ, ਪੱਛਮੀ ਸੱਭਿਅਤਾ ਦਾ ਪ੍ਰਭਾਵ, ਬੇਰੁਜ਼ਗਾਰੀ, ਆਰਥਿਕ ਸਮੱਸਿਆਵਾਂ ਆਦਿ ਕਾਰਨਾਂ ਕਰਕੇ ਪੰਜਾਬੀ ਲੋਕਾਂ ਦੇ ਮਿਲਾਪੜੇ ਸੁਭਾਅ ਵਿੱਚ ਸੰਕੀਰਤਾ ਆ ਗਈ ਹੈ। ਲੋਕ ਪਹਿਲਾਂ ਨਾਲੋਂ ਜ਼ਿਆਦਾ ਪਦਾਰਥਵਾਦੀ ਹੋ ਗਏ ਹਨ। ਮੋਹ ਦੇ ਰਿਸ਼ਤੇ ਭੰਗ ਹੋ ਰਹੇ ਹਨ। ਜ਼ਿੰਦਗੀ ਦੀ ਭੱਜ ਦੌੜ ਵਧੀ ਹੈ। ਇਹ ਸਾਰੇ ਕਾਰਨਾਂ ਕਰਕੇ ਪੰਜਾਬੀ ਲੋਕ ਵੀ ਸਮੱਸਿਆਵਾਂ ਭਰਪੂਰ ਤਣਾਓ-ਮਈ ਜ਼ਿੰਦਗੀ ਗੁਜ਼ਾਰਨ ਲਈ ਮਜਬੂਰ ਹੋ ਰਹੇ ਹਨ।

ਤਣਾਓ ਇੱਕ ਮਾਨਸਿਕ ਅੰਦਰੂਨੀ ਪ੍ਰਕ੍ਰਿਆ ਹੈ। ਅਜੋਕੇ ਮਨੋਵਿਗਿਆਨੀਆਂ ਨੇ ਮਨ ਦੀਆਂ ਗੁੰਝਲਾਂ ਨੂੰ ਸਮਝਣ ਸਮਝਾਉਣ ਦਾ ਯਤਨ ਕੀਤਾ ਹੈ। ਤਣਾਓ-ਮਈ ਹਾਲਤ ਵਿੱਚ ਮਨੁੱਖ ਦੀ ਸਰੀਰਕ ਅਵਸਥਾ ਅਸਧਾਰਨ ਹੁੰਦੀ ਹੈ। ਮਨੁੱਖ ਦੇ ਖੂਨ ਦਾ ਦਬਾਅ ਵਧ ਜਾਂਦਾ ਹੈ, ਭੁੱਖ ਨਹੀਂ ਲੱਗਦੀ, ਪ੍ਰੇਸ਼ਾਨੀ ਵਧ ਜਾਂਦੀ ਹੈ, ਨੀਂਦ ਨਹੀਂ ਆਉਂਦੀ, ਲੱਤਾਂ ਕੰਬਣ ਲੱਗ ਜਾਂਦੀਆਂ ਹਨ, ਛੋਟੀਆਂ ਛੋਟੀਅਂ ਗੱਲਾਂ ਤੇ ਲੜਨ ਲੱਗਦਾ ਹੈ। ਇਸ ਤਰ੍ਹਾਂ ਈਰਖਾ ਚਿੰਤਾ, ਘਬਰਾਹਟ, ਦੁਸ਼ਮਣੀ, ਬਦਲੇ ਦੀ ਭਾਵਨਾ, ਕਰੋਧ, ਪ੍ਰੇਸ਼ਾਨੀ ਹੀਣ ਭਾਵਨਾ ਆਦਿ ਲੱਛਣ ਪ੍ਰਗਟਾ ਹੁੰਦੇ ਹਨ।

ਮਾਨਸਿਕ ਤਣਾਓ ਗ੍ਰਸੇ ਵਿਅਕਤੀ ਸਮੁੱਚੇ ਸਮਾਜ ਵਿੱਚ ਅਸੰਤੁਲਨ ਪੈਦਾ ਕਰਨ ਦਾ ਕਾਰਨ ਬਣਦੇ ਹਨ ਜਿਸ ਕਾਰਨ ਸਮਾਜ ਵਿੱਚ ਤਣਾਓ ਪੈਦਾ ਹੁੰਦਾ ਹੈ।

ਸਮਾਜ ਵਿੱਚ ਤਣਾਓ ਉਤਪੰਨ ਹੋਣ ਦੇ ਬਹੁਤ ਸਾਰੇ ਕਾਰਨ ਹਨ ਜਿਵੇਂ ਕਿ ਸਮਾਜਿਕ ਪਰਿਵਰਤਨ, ਸਮਾਜਿਕ ਬੁਰਾਈਆਂ (ਜਾਤ-ਪਾਤ, ਦਹੇਜ ਪ੍ਰਥਾ, ਰਿਸ਼ਵਤ ਖੋਰੀ, ਸਮਾਜਿਕ



ਮੁੱਲਾਂ ਤੇ ਮਨਾਹੀਆਂ ਦਾ ਵਿਰੋਧ, ਵਿਦਿਆ ਪ੍ਰਣਾਲੀ ਦੇ ਦੋਸ਼ ਆਦਿ), ਵਿਅਕਤੀਗਤ ਕਾਰਨ (ਇਛਾਵਾਂ ਦਾ ਖੰਡਿਤ ਹੋਣਾ, ਰਿਸ਼ਤਿਆਂ ਦਾ ਵਿਗਠਨ, ਰੋਜ਼ਾਨਾ ਦੀ ਭੱਜ ਨੱਠ, ਦਿਖਾਵੇ ਦੀ ਭੁੱਖ, ਬਿਰਹਾ ਵਿਯੋਗ), ਧਰਮ ਦੇ ਨਾਂ ਤੇ ਹੋਣ ਵਾਲੇ ਝਗੜਿਆਂ ਕਾਰਨ ਸਮਾਜਿਕ ਤਣਾਓ, ਆਰਥਿਕ ਕਾਰਨ, ਰਾਜਨੀਤਿਕ ਅਤੇ ਸਭਿਆਚਾਰਕ ਕਾਰਨ ਆਦਿ।

ਸਾਹਿਤ ਨੂੰ ਸਮਾਜ ਦਾ ਦਰਪਣ ਕਿਹਾ ਜਾਂਦਾ ਹੈ ਕਿਉਂਕਿ ਇਸ ਵਿੱਚ ਸਮਾਜ ਦੇ ਸੱਚ ਨੂੰ ਪੇਸ਼ ਕੀਤਾ ਜਾਂਦਾ ਹੈ। ਸਾਹਿਤ ਨੂੰ ਵੀ ਅਲੱਗ-ਅਲੱਗ ਵਿਦਵਾਨਾਂ ਨੇ ਆਪਣੇ ਆਪਣੇ ਢੰਗਾਂ ਨਾਲ ਪਰਿਭਾਸ਼ਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਸਾਹਿਤ ਦਾ ਉਦੇਸ਼ ਕੇਵਲ ਮਨੁੱਖ ਜਾਤੀ ਨੂੰ ਆਨੰਦਤ ਕਰਨਾ ਜਾਂ ਰਸਮਈ ਬਣਾਉਣਾ ਹੀ ਨਹੀਂ ਸਗੋਂ ਉਹਨਾਂ ਕਦਰਾਂ ਕੀਮਤਾਂ ਨੂੰ ਪ੍ਰਗਟ ਕਰਨਾ ਹੈ, ਮਨੁੱਖੀ ਮਨ ਦੀਆਂ ਉਹਨਾਂ ਪਰਤਾਂ ਨੂੰ ਫਰੋਲਣਾ ਹੈ ਜੋ ਸਮਾਜ ਨੂੰ ਅੱਗੇ ਲਿਜਾਣ ਵਿੱਚ ਸਹਾਈ ਹੋਈਆਂ ਹਨ। ਸਾਹਿਤ ਦਾ ਮੰਤਵ ਬਹੁ-ਮੁਖੀ ਤੇ ਬਹੁ-ਪਸਾਰੀ ਹੈ।

ਮਨੁੱਖ ਸਮਾਜਿਕ ਹੋਣ ਕਰਕੇ ਸਮਾਜ ਵਿੱਚ ਵਿਚਰਦਾ ਹੈ। ਸਾਹਿਤ ਜੀਵਨ ਨਾਲ ਜੁੜਿਆ ਹੋਇਆ ਹੈ। ਕੋਈ ਵੀ ਸਾਹਿਤਕਾਰ ਪਹਿਲਾਂ ਮਨੁੱਖ ਹੈ ਜੋ ਸਮਾਜ ਵਿੱਚ ਰਹਿੰਦੇ ਹੋਏ ਮਨੁੱਖ ਦੀਆਂ ਸਮੱਸਿਆਵਾਂ ਨੂੰ ਸਮਝਦਾ ਅਤੇ ਵਾਚਦਾ ਹੈ। ਕੋਈ ਵੀ ਸਾਹਿਤਕਾਰ ਸਮਾਜਿਕ ਸੱਚ ਨੂੰ ਪ੍ਰਗਟ ਕਰਨ ਸਮੇਂ ਇਸ ਦੀਆਂ ਗੁੰਝਲਾਂ ਨੂੰ ਵੀ ਪ੍ਰਗਟ ਕਰਦਾ ਹੈ।

ਕਹਾਣੀ ਸਾਹਿਤ ਦਾ ਇੱਕ ਲੋਕ ਪਿਆਰਾ ਰੂਪ ਹੈ। ਇਸ ਬਦਲਦੇ ਸਮੇਂ ਵਿੱਚ ਕਹਾਣੀਕਾਰਾਂ ਨੇ ਵੀ ਮਨੁੱਖ ਦੀਆਂ ਸਮੱਸਿਆਵਾਂ ਨੂੰ ਆਪਣੀਆਂ ਕਹਾਣੀਆਂ ਦਾ ਵਿਸ਼ਾ ਬਣਾਉਣਾ ਸ਼ੁਰੂ ਕਰ ਦਿੱਤਾ ਹੈ। ਅਜੋਕੀ ਕਹਾਣੀ ਵਿੱਚ ਤਣਾਓ ਦਾ ਪ੍ਰਗਟਾਆ ਇੱਕ ਜ਼ਰੂਰੀ ਅੰਗ ਬਣ ਗਿਆ ਹੈ।

ਅਜੋਕਾ ਮਨੁੱਖ ਜ਼ਿਆਦਾ ਪਦਾਰਥਵਾਦੀ ਹੋ ਗਿਆ ਹੈ। ਰਿਸ਼ਤਿਆਂ ਦੇ ਮੋਹ ਪਿਆਰ ਨਾਲੋਂ ਪੈਸੇ ਦੀ ਮਹੱਤਤਾ ਵਧੇਰੇ ਹੈ। ਵਧ ਰਹੀ ਅਨੈਤਿਕਤਾ, ਸਮਾਜਿਕ ਮੁੱਲਾਂ ਤੇ ਮਨਾਹੀਆਂ ਦੀ ਵਿਰੋਧਤਾ, ਮਾੜੀ ਆਰਥਿਕਤਾ, ਦਿਖਾਵੇ ਦੀ ਭੁੱਖ ਆਦਿ ਹੋਰ ਬਹੁਤ ਸਾਰੇ ਕਾਰਨਾਂ ਕਰਕੇ ਮਨੁੱਖੀ ਮਨਾਂ ਵਿੱਚ ਤਣਾਓ ਵੱਧ ਰਿਹਾ ਹੈ।

1960 ਤੋਂ ਪਿੱਛੋਂ ਸਮਾਜ ਦੀ ਅਜਿਹੀ ਸਾਰਥਕ ਸਥਿਤੀ ਨੂੰ ਚਿਤਰਣ ਲਈ ਬਹੁਤ ਸਾਰੇ ਕਹਾਣੀਕਾਰਾਂ ਨੇ ਯਤਨ ਕੀਤਾ ਹੈ।

ਜਿਨ੍ਹਾਂ ਵਿਚੋਂ ਜੋਗਿੰਦਰ ਸਿੰਘ ਨਿਰਾਲਾ ਇੱਕ ਅਜਿਹਾ ਕਹਾਣੀਕਾਰ ਹੈ ਜਿਸ ਨੇ ਪੰਜਾਬੀ ਜੀਵਨ ਦੇ ਪੜ੍ਹੇ ਲਿਖੇ ਮੱਧ ਵਰਗੀ ਮਨੁੱਖ ਦੀ ਯਥਾਰਥਕਤਾ ਨੂੰ ਆਪਣੀਆਂ ਕਹਾਣੀਆਂ ਦਾ ਵਿਸ਼ਾ ਬਣਾਇਆ ਹੈ। ਨਿਰਾਲਾ ਨੇ ਅਜਿਹੇ ਮਨੁੱਖ ਦੀ ਕਹਾਣੀ ਕਹੀ ਹੈ ਜੋ ਆਪਣੀ ਪਰਿਵਾਰਕ ਜ਼ਿੰਦਗੀ ਤੋਂ ਸੰਤੁਸ਼ਟ ਨਹੀਂ। ਉਹ ਸਵਾਰਥੀ ਹੈ। ਉਹ ਰੂਹ ਦੀ ਸ਼ਾਂਤੀ ਲਈ ਸਵਾਰਥੀ ਬਿਰਤੀ ਅਨੁਸਾਰ ਹੀ ਕੰਮ ਕਰਦਾ ਹੈ। ਉਹ ਆਰਥਿਕ ਸੰਕਟ ਦਾ ਸ਼ਿਕਾਰ ਹੈ। ਉਹ ਸਮਾਜ ਵਿੱਚ ਅਪ੍ਰਵਾਨ ਰਿਸ਼ਤਿਆਂ ਨੂੰ ਕਬੂਲਦਾ ਹੈ। ਉਸ ਦਾ ਅੰਦਰ ਬਾਹਰ ਖੰਡਰ ਹੈ। ਉਸ ਦੇ ਆਲੇ ਦੁਆਲੇ ਸੱਪ ਹਨ। ਉਹ ਸੰਕਟਮਈ ਪਰਸਥਿਤੀਆਂ ਦੀ ਕੈਦ ਹੰਢਾਉਂਦਾ ਹੈ। ਇਸ ਤਰ੍ਹਾਂ ਨਿਰਾਲਾ ਨੇ ਅਜੋਕੇ ਪੜ੍ਹੇ ਲਿਖੇ ਅਜਿਹੇ ਮਨੁੱਖ ਦੀ ਕਹਾਣੀ ਕਹੀ ਹੈ ਜੋ ਤਣਾਓ ਮਈ ਜ਼ਿੰਦਗੀ ਬਿਰਤਾਉਂਦਾ ਹੈ ਅਤੇ ਮਨ ਦੀ ਸ਼ਾਂਤੀ ਲਈ ਭਟਕਦਾ ਫਿਰਦਾ ਹੈ।

ਜੋਗਿੰਦਰ ਸਿੰਘ ਨਿਰਾਲਾ ਜ਼ਿੰਦਗੀ ਦੇ ਯਥਾਰਥ ਨੂੰ ਆਪਣੀਆਂ ਕਹਾਣੀਆਂ ਵਿੱਚ ਪੇਸ਼ ਕਰਨ ਦੀ ਕੋਸ਼ਿਸ਼ ਕਰਦਾ ਹੈ। ਮੁੱਖ ਰੂਪ ਵਿਚ ਉਸ ਨੇ ਮਾਨਸਿਕ ਗੁੰਝਲਾਂ ਅਤੇ ਸਮਾਜਿਕ

ਸਮੱਸਿਆਵਾਂ ਤੋਂ ਪੈਦਾ ਹੋਏ ਤਣਾਓ ਨੂੰ ਚਿਤਰਿਆ ਹੈ।

ਉਸ ਦੀਆਂ ਕਹਾਣੀਆਂ ਵਿੱਚ ਪੇਸ਼ ਸਮਾਜਿਕ ਤਣਾਓ ਦੇ ਕਾਰਨ ਇਸ ਪ੍ਰਕਾਰ ਹਨ-

1. ਸਮਾਜਿਕ ਪਰਿਵਰਤਨ
2. ਸਮਾਜਿਕ ਬੁਰਾਈਆਂ
3. ਵਿਅਕਤੀਗਤ ਕਾਰਨ
4. ਆਰਥਿਕ ਕਾਰਨ
5. ਰਾਜਨੀਤਿਕ ਕਾਰਨ
6. ਮਨੋਵਿਗਿਆਨਕ ਕਾਰਨ

ਨਵੀਂ ਪੀੜ੍ਹੀ ਅਤੇ ਪੁਰਾਣੀ ਪੀੜ੍ਹੀ ਦੇ ਵਿਚਾਰਾਂ ਵਿੱਚ ਭਿੰਨਤਾ ਸਮਾਜਿਕ ਤਣਾਓ ਦਾ ਇੱਕ ਮੁੱਖ ਕਾਰਨ ਹੈ। ਨਿਰਾਲਾ ਨੇ ਆਪਣੀਆਂ ਕਹਾਣੀਆਂ ਵਿੱਚ ਇਹ ਵਿਚਾਰਾਂ ਦੀ ਭਿੰਨਤਾ ਕਾਰਨ ਪੈਦਾ ਹੋਏ ਤਣਾਓ ਨੂੰ ਚਿਤਰਿਆ ਹੈ। ਇਸ ਤਰ੍ਹਾਂ ਦੇ ਤਣਾਓ ਦੀ ਪੇਸ਼ਕਾਰੀ 'ਇੱਕ ਸ਼ਾਮ ਦੀ ਸਾਪਿੰਗ' ਕਹਾਣੀ ਵਿੱਚ ਹੋਈ ਹੈ। ਇਸ ਨੇ ਬਹੁਤ ਸਾਰੀਆਂ ਕਹਾਣੀਆਂ ਵਿੱਚ ਸਮਾਜਿਕ ਤਣਾਓ ਦਾ ਕਾਰਨ ਸਮਾਜਿਕ ਬੁਰਾਈਆਂ ਜਿਵੇਂ ਬੇਰੁਜ਼ਗਾਰੀ ਭਰਿਸ਼ਟਾਚਾਰ, ਗਰੀਬੀ ਦਾਜ ਦੀ ਸਮੱਸਿਆ ਸਮਾਜਿਕ ਮੁੱਲਾਂ ਤੇ ਮਨਾਹੀਆਂ ਦਾ ਵਿਰੋਧ ਆਦਿ ਨੂੰ ਮੰਨਿਆ ਹੈ। ਇਸ ਤਰ੍ਹਾਂ ਦੀਆਂ ਬੁਰਾਈਆਂ ਕਾਰਨ ਪੈਦਾ ਹੋਏ ਸਮਾਜਿਕ ਤਣਾਓ ਦੀ ਪੇਸ਼ਕਾਰੀ ਨਿਰਾਲਾ ਦੀਆਂ ਕਹਾਣੀਆਂ ਜਿਵੇਂ ਪਤਨ, ਮੈਂ ਤੇ ਉਹ, ਰੋਹ ਦੇ ਬੱਦਲ, ਠੰਢ, ਨਫ਼ਰਤ, ਆਉਣ ਵਾਲੀ ਪੀੜ੍ਹੀ ਦਾ ਕੰਮ, ਮਾਂ, ਚਕਰਵਿਊ, ਮੌਤ ਆਦਿ ਵਿੱਚ ਹੋਈ ਹੈ।

ਮਨੁੱਖ ਦੀ ਸਭ ਤੋਂ ਵੱਡੀ ਇੱਛਾ ਆਪਣੇ ਆਪ ਨੂੰ ਵੱਡਾ ਕਰਕੇ ਦਿਖਾਉਣ ਦੀ ਹੈ। ਮੱਧ ਵਰਗੀ ਸ਼੍ਰੇਣੀ ਦਾ ਮਨੁੱਖ ਖਾਸ ਤੌਰ ਤੇ ਆਪਣੀ ਅਸਲੀਅਤ ਛੁਪਾਉਣਾ ਚਾਹੁੰਦਾ ਹੈ। ਅਜਿਹੇ ਮਨੁੱਖ ਦੀ ਮਨੋਸਥਿਤੀ ਨਿਰਾਲਾ ਨੇ ਆਪਣੀ ਕਹਾਣੀ 'ਪਰਸਥਿਤੀਆਂ' ਵਿੱਚ ਪੇਸ਼ ਕੀਤੀ ਹੈ। ਅੱਜ ਦਾ ਮਨੁੱਖ ਅੰਦਰੋਂ ਹੋਰ ਹੈ, ਬਾਹਰੋਂ ਹੋਰ ਹੈ। ਇਸ ਤਰ੍ਹਾਂ ਹਰਪਲ ਬਦਲਦੇ ਮਨੁੱਖ ਦੀ ਕਹਾਣੀ 'ਸੁਦਰਸ਼ਨ ਕੌਣ ਹੈ' ਵਿੱਚ ਕਹੀ ਹੈ। ਨਿਰਾਲਾ ਨੇ ਆਪਣੀਆਂ ਕਹਾਣੀਆਂ ਵਿੱਚ ਤਣਾਓ ਦੀ ਉਸ ਅਵਸਥਾ ਦਾ ਪ੍ਰਗਟਾਵਾ ਕੀਤਾ ਹੈ ਜਦੋਂ ਉਹ ਆਪਣੀ ਵਿਚਾਰਧਾਰਾ ਦੇ ਉਲਟ ਕੰਮ ਕਰਦਾ ਹੈ। ਉਸ ਨੂੰ ਸਮੇਂ ਅਨੁਸਾਰ ਬਦਲਣਾ ਪੈਂਦਾ ਹੈ। 'ਮੈਂ ਤੇ ਮੈਂ' ਕਹਾਣੀ ਦਾ ਮੈਂ ਪਾਤਰ ਇਸੇ ਕਾਰਨ ਤਣਾਓ ਗ੍ਰਸਤ ਹੈ।

ਬਿਰਹਾ ਵਿਯੋਗ, ਇਛਾਵਾਂ ਦੀ ਗੁਲਾਮੀ, ਊਚ ਨੀਚ ਦਾ ਦਵੰਦ, ਰਿਸ਼ਤਿਆਂ ਦੀ ਟੁੱਟ ਭੱਜ, ਪਤੀ-ਪਤਨੀ ਦੇ ਰਿਸ਼ਤਿਆਂ ਵਿੱਚ ਤਰੇੜਾਂ, ਸੁਪਨ ਸੰਸਾਰ ਦਾ ਖੰਡਿਤ ਹੋਣਾ ਆਦਿ ਵਿਸ਼ਿਆਂ ਨੂੰ ਵੀ ਨਿਰਾਲਾ ਨੇ ਤਣਾਓ ਦਾ ਕਾਰਨ ਮੰਨਦੇ ਹੋਏ ਆਪਣੀਆਂ ਕਹਾਣੀਆਂ ਦਾ ਵਿਸ਼ਾ ਬਣਾਇਆ ਹੈ। ਨਿਰਾਲਾ ਦੀਆਂ ਪ੍ਰਤਿਨਿਧ ਕਹਾਣੀਆਂ ਵਿੱਚ ਰਿਸ਼ਤਿਆਂ ਦੀ ਟੁੱਟ ਭੱਜ ਕਾਰਨ ਪੈਦਾ ਹੋਏ ਤਣਾਓ ਦਾ ਪ੍ਰਗਟਾਵਾ ਹੈ ਜਿਵੇਂ ਕਹਾਣੀਆਂ 'ਤੇਰਾ ਸਭ ਮਨਜ਼ੂਰ ਹੈ', 'ਸ਼ੁਤਰਮੁਰਗ' ਆਦਿ। ਵਿਦਿਅਕ ਅਦਾਰਿਆਂ ਵਿੱਚ ਗਿਆਨ ਪ੍ਰਾਪਤ ਕਰਨ ਜਾਂਦੇ ਲੜਕੇ-ਲੜਕੀਆਂ ਇਸ਼ਕ ਦੇ ਚੱਕਰ ਵਿੱਚ ਗਲਤਾਨ ਹੋ ਕੇ ਨੈਤਿਕ ਕਦਰਾਂ-ਕੀਮਤਾਂ ਛੱਡ ਕੇ ਭਟਕਦੇ ਦਿਖਾਈ ਦਿੰਦੇ ਹਨ (ਤਣਾਓ, ਵਾਪਸੀ, ਦੂਸਰੀ ਤੋਂ ਪਹਿਲੀ ਕਹਾਣੀ)

ਆਰਥਿਕਤਾ ਮਨੁੱਖੀ ਜ਼ਿੰਦਗੀ ਦੀ ਬੁਨਿਆਦ ਹੈ ਅਤੇ ਬਾਕੀ ਸਮੁੱਚਾ ਸਮਾਜਿਕ ਪ੍ਰਪੰਚ ਇਸੇ ਬੁਨਿਆਦ ਉਪਰ ਉਸਰਿਆ ਹੋਇਆ ਹੈ। ਅੱਜ ਦੇ ਸਮਾਜ ਵਿੱਚ ਤਣਾਓ ਦਾ ਇੱਕ ਮੁੱਖ



ਕਾਰਨ ਮਾੜੀ ਆਰਿਥਕਤਾ ਹੀ ਹੈ। ਮਾਂ, ਖੁਰ ਰਿਹਾ ਆਦਮੀ, ਸ਼ੁਤਰਮੁਰਗ, ਖੰਡਰ, ਮੌਤ, ਪਰਸਥਿਤੀਆਂ, ਪਤਨ, ਟੋਆ, ਬੌਣੇ ਆਦਿ ਕਹਾਣੀਆਂ ਵਿੱਚ ਮਾੜੀ ਆਰਥਿਕਤਾ ਕਾਰਨ ਪੈਦਾ ਹੋਏ ਸਮਾਜਿਕ ਤਣਾਓ ਨੂੰ ਚਿਤਰਿਆ ਗਿਆ ਹੈ।

ਨਿਰਾਲਾ ਨੇ ਸਮਾਜ ਵਿੱਚ ਤਣਾਓ ਦੇ ਸਮਾਜਿਕ ਕਾਰਨਾਂ ਤੋਂ ਇਲਾਵਾ ਅਜੋਕੀ ਭਰਿਸ਼ਟ ਰਾਜਨੀਤੀ ਨੂੰ ਤਣਾਓ ਦਾ ਇੱਕ ਖਾਸ ਕਾਰਨ ਮੰਨਿਆ ਹੈ। ਨੌਜਵਾਨ ਪੀੜ੍ਹੀ ਅਜਿਹੇ ਹਾਲਾਤਾਂ ਵਿੱਚ ਕ੍ਰਾਂਤੀਕਾਰੀ ਵਿਚਾਰਧਾਰਾ ਅਪਣਾਉਂਦੀ ਹੈ। ਪਰ ਅਜਿਹਾ ਕਰਕੇ ਉਹਨਾਂ ਨੂੰ ਜਾਂ ਤਾਂ ਆਪਣੀ ਜਾਨ ਦੀ ਆਹੂਤੀ ਦੇਣੀ ਪੈਂਦੀ ਹੈ ਜਾਂ ਕਾਲ ਕੋਠੜੀਆਂ ਦੀ ਜੂਨ ਭੋਗਣੀ ਪੈਂਦੀ ਹੈ। ਇਸ ਵਿਚਾਰਧਾਰਾ ਨਾਲ ਸੰਬੰਧਿਤ ਕਹਾਣੀਆਂ ਜਿਵੇਂ ਸ਼੍ਰੇਣੀ ਯੁੱਧ, ਪਹੀਏ, ਗੁਰੀਲੇ ਦੀ ਮੌਤ, ਤ੍ਰਿਸ਼ੰਕੂ ਆਦਿ ਹਨ। 'ਕਹਾਣੀ ਜਾਰੀ ਹੈ' ਵਿੱਚ ਵੀ ਨਿਰਾਲਾ ਇਹ ਫੈਲੀ ਹੋਈ ਜਨੂਨੀ ਹਵਾ ਦਾ ਕਾਰਨ ਭਰਿਸ਼ਟ ਰਾਜਨੀਤੀ ਨੂੰ ਮੰਨਦਾ ਹੈ। ਪੰਦਰਾ ਅਗਸਤਾ', 'ਛੱਬੀ ਜਨਵਰੀ' ਆਦਿ ਵਿੱਚ ਵੀ ਨਿਰਾਲਾ ਨੇ ਭਰਿਸ਼ਟ ਰਾਜਨੀਤੀ ਨੂੰ ਸਮਾਜਿਕ ਤਣਾਓ ਦਾ ਕਾਰਨ ਮੰਨਿਆ ਹੈ।

ਮਨੋਵਿਗਿਆਨਕ ਕਾਰਨ ਵੀ ਸਮਾਜ ਵਿਚ ਤਣਾਓ ਪੈਦਾ ਕਰਦੇ ਹਨ। ਮਨੁੱਖੀ ਮਨ ਬਹੁਤ ਗੁੰਝਲਦਾਰ ਹੈ। ਮਨੁੱਖ ਇੱਕ ਸੋਚਣਸ਼ੀਲ ਪ੍ਰਾਣੀ ਹੋਣ ਕਰਕੇ ਇਸ ਦੇ ਮਨ ਅੰਦਰ ਇੱਕ ਨਿਰੰਤਰ ਸੰਘਰਸ਼ ਚੱਲਦਾ ਰਹਿੰਦਾ ਹੈ। ਇਸ ਤਰ੍ਹਾਂ ਦੇ ਤਣਾਓ ਦੀ ਪੇਸ਼ਕਾਰੀ ਉਸ ਦੀਆਂ ਕਹਾਣੀਆਂ ਹੱਡ ਜਿਨ੍ਹਾਂ ਦੇ ਆਸ਼ਕੀ, ਮੈਂ ਤੇ ਮੈਂ ਵਿੱਚ ਹੋਈ ਹੈ।

ਨਿਰਾਲਾ ਨੇ ਆਪਣੀਆਂ ਕਹਾਣੀਆਂ ਤਣਾਓ ਦੀ ਪੇਸ਼ਕਾਰੀ ਵਿਅਕਤ ਰੂਪ ਵਿੱਚ ਵੀ ਕੀਤੀ ਹੈ ਅਤੇ ਅਵਿਕਤ ਰੂਪ ਵਿੱਚ ਵੀ। ਸੰਰਚਨਾਤਮ ਪੱਖ ਤੋਂ ਵੀ ਉਸ ਦੀਆਂ ਕਹਾਣੀਆਂ ਅਜਿਹੀਆਂ ਹਨ ਕਿ ਬੌਧਿਕ ਪਾਠਕ ਸ਼ੁਰੂ ਤੋਂ ਹੀ ਉਸ ਕਹਾਣੀ ਦੇ ਤਣਾਓ ਨਾਲ ਜੁੜ ਜਾਂਦਾ ਹੈ ਅਤੇ ਤਣਾਓਸ਼ੀਲ ਸਥਿਤੀ ਦਾ ਅਨੁਭਵ ਕਰਦਾ ਹੈ। ਉਸ ਦੀਆਂ ਕਹਾਣੀਆਂ ਵਿੱਚ ਵਰਤੇ ਪ੍ਰਤੀਕ ਸ਼ਬਦ ਅਤੇ ਬਹੁਤ ਸਾਰੇ ਵਿਅੰਗ ਵੀ ਲੁਪਤ ਰੂਪ ਵਿੱਚ ਤਣਾਓ ਦੀ ਪੇਸ਼ਕਾਰੀ ਕਰਦੇ ਹਨ।

ਨਿਰਾਲਾ ਦੀਆਂ ਕਹਾਣੀਆਂ ਦੇ ਪਾਤਰ ਵੀ ਕੋਈ ਬਹਾਦਰ ਕੌਮੀ ਨੇਤਾ ਜਾਂ ਸੰਘਰਸ਼ਸ਼ੀਲ ਪਾਤਰ ਨਹੀਂ ਬਲਕਿ ਉਹ ਇਸ ਸਮਾਜ ਵਿੱਚ ਮੁਸ਼ਕਿਲਾਂ ਭਰੀ ਜ਼ਿੰਦਗੀ ਜਿਉਂਦੇ ਹੋਏ ਸਮਝੌਤਾਵਾਦੀ, ਕਮਜ਼ੋਰ ਇਰਾਦੇ ਵਾਲੇ ਅਨੈਤਿਕ ਕਾਰਜ ਕਰਦੇ ਹੋਏ ਇਸ ਪਦਾਰਥਵਾਦੀ ਦੁਨੀਆਂ ਵਿੱਚ ਪੂਰੀ ਤਰ੍ਹਾਂ ਗਲਤਾਨ ਹੋਏ ਹੋਏ ਪਾਤਰ ਹਨ। ਨਿਰਾਲਾ ਨੇ ਪੜ੍ਹੀ ਲਿਖੀ ਨੌਕਰੀ ਪੇਸ਼ਾ ਮੱਧ-ਸ਼੍ਰੇਣੀ ਨੂੰ ਆਪਣੀਆਂ ਕਹਾਣੀਆਂ ਵਿੱਚ ਪੇਸ਼ ਕੀਤਾ ਹੈ।

ਅੰਤ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਜੋਗਿੰਦਰ ਸਿੰਘ ਨਿਰਾਲਾ ਨੇ ਆਪਣੀਆਂ ਕਹਾਣੀਆਂ ਵਿੱਚ ਸਮਾਜਿਕ ਤਣਾਓ ਨੂੰ ਵੱਖ ਵੱਖ ਢੰਗਾਂ ਨਾਲ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਉਸ ਦੁਆਰਾ ਪੇਸ਼ ਸਮਾਜਿਕ ਤਣਾਓ ਦੇ ਵੱਖ ਵੱਖ ਕਾਰਨ ਹਨ। ਉਸ ਨੇ ਆਪਣੀਆਂ ਕਹਾਣੀਆਂ ਵਿੱਚ ਸਮਾਜਿਕ ਰਿਸ਼ਤਿਆਂ ਵਿੱਚ ਪੈਦਾ ਹੋ ਰਹੀਆਂ ਤਰੇੜਾਂ ਨੂੰ ਵੀ ਬਾ-ਖੂਬੀ ਚਿਤਰਨ ਦੀ ਕੋਸ਼ਿਸ਼ ਕੀਤੀ ਹੈ ਅਤੇ ਇਸ ਵਿੱਚ ਸਫ਼ਲ ਵੀ ਰਿਹਾ ਹੈ। ੦

ਪਤਾ: ਮਾਰਫ਼ਤ ਬਲਵੰਤ ਸਿੰਘ ਰੁਪਾਲ, ਗੁਰੂ ਤੇਗ ਬਹਾਦਰ ਨਗਰ, ਹੰਢਿਆਇਆ ਰੋਡ,
ਬਰਨਾਲਾ-148101

## ਕਹਾਣੀਕਾਰ ਮੋਹਨ ਭੰਡਾਰੀ

# ਮਨੁੱਖੀ ਪਛਾਣ ਦੇ ਵਿਭਿੰਨ ਸਰੋਕਾਰ / - ਗੁਰਮੀਤ ਕੌਰ

ਪੰਜਾਬੀ ਕਹਾਣੀ ਆਪਣੇ ਇਤਿਹਾਸਕ ਵਿਕਾਸ ਦੀ ਪ੍ਰਕਿਰਿਆ ਅਧੀਨ ਨਿਰੰਤਰ ਬਦਲਾਵ ਵਿਚ ਵਿਚਰ ਰਹੀ ਹੈ। ਪਿਛਲੇ ਸਮੇਂ ਦੀ ਕਹਾਣੀ ਆਪਣੇ ਥੀਮਕ ਸਰੋਕਾਰਾਂ, ਸਮਾਜਕ ਸੰਦਰਭਾਂ ਤਹਿਤ ਆਦਰਸ਼ ਮੁਖਤਾ ਨੂੰ ਸਿਰਜਦੀ ਹੋਈ ਇਕ ਆਦਰਸ਼ਵਾਦੀ ਨਾਇਕ ਨੂੰ ਸਿਰਜਤ ਕਰਦੀ ਸੀ ਤੇ ਉਸ ਦੀ ਵਿਚਾਰਧਾਰਕ ਸੁਰ ਵੀ ਨੈਤਿਕਤਾ ਦੇ ਨਿਸ਼ਚਿਤ ਪ੍ਰਤੀਮਾਨ ਸਥਾਪਿਤ ਕਰਨ ਪ੍ਰਤੀ ਰੁਚਿਤ ਰਹੀ ਹੈ। ਪਰ ਆਧੁਨਿਕ ਕਹਾਣੀ ਸਾਧਾਰਣ ਮਨੁੱਖ ਨਾਲ ਜੁੜੀਆਂ ਸਮਾਜਕ, ਆਰਥਕ ਤੇ ਰਾਜਨੀਤਿਕ ਗਤੀਵਿਧੀਆਂ ਦੀ ਪ੍ਰਕਿਰਿਆ ਅਧੀਨ ਮਨੁੱਖ ਦੀ ਜਟਿਲ ਮਾਨਸਿਕ ਪੇਚੀਦਗੀ ਨੂੰ ਮੁਖਾਤਿਬ ਹੈ। ਅਜੋਕੀ ਕਹਾਣੀ ਯਥਾਰਥ ਦੀਆਂ ਵਿਭਿੰਨ ਪਰਤਾਂ, ਸੰਭਾਵਨਾਵਾਂ, ਮਨੁੱਖ ਦੇ ਯਥਾਰਥਕ ਤੇ ਗਤੀਸ਼ੀਲ ਜਟਿਲ ਸੰਬਾਦਕ ਸੰਬੰਧਾਂ ਦਾ ਚਿਤਰਨ ਕਰਨ ਹਿਤ ਰੁਚਿਤ ਹੈ।

ਅਜੋਕੀ ਪੰਜਾਬੀ ਕਹਾਣੀ ਬਾਰੇ ਡਾ. ਗੁਰਬਚਨ ਦਾ ਇਹ ਤਰਕ ਵਿਚਾਰਨਯੋਗ ਹੈ ਕਿ 'ਸਮਾਜ ਸਰਲ ਨਹੀਂ, ਮਨੁੱਖ ਸਰਲ ਨਹੀਂ, ਬਿਰਤਾਂਤ ਕਿਵੇਂ ਸਰਲ ਹੋ ਸਕਦਾ ਹੈ?' ਅਕਸਲੀਕਰਨ ਦੇ ਇਸ ਦੌਰ ਵਿਚ ਜਟਿਲ ਬਿਰਤਾਂਤਕ ਪਰਿਪੇਖ ਦੀ ਧਾਰਨੀ ਪੰਜਾਬੀ ਕਹਾਣੀ ਮਨੁੱਖ ਨਾਲ ਸੰਬੰਧਤ ਹਰ ਸੂਖਮ ਤੋਂ ਸੂਖਮ ਵਰਤਾਰੇ ਦਾ ਨੋਟਿਸ ਲੈ ਰਹੀ ਹੈ ਤੇ ਮਨੁੱਖ ਦੀ ਹਰ ਪਰਤ ਨੂੰ ਫਰੋਲਣ ਦੇ ਵਿਸ਼ਲੇਸ਼ਿਤ ਕਰਨ ਦੇ ਯਤਨ ਵਿਚ ਹੈ।

ਕਹਾਣੀ ਦੇ ਇਸ ਜਟਿਲ ਬਿਰਤਾਂਤਕ ਪ੍ਰਵਚਨ ਮੋਹਨ ਭੰਡਾਰੀ ਵੀ ਆਪਣੀਆਂ ਕਹਾਣੀਆਂ ਜ਼ਰੀਏ ਮਾਨਵੀ ਜੀਵਨ ਦੇ ਵਿਭਿੰਨ ਮਾਪਦੰਡਾਂ ਨੂੰ ਪ੍ਰਸਤੁਤ ਕਰਦਾ ਹੈ। ਉਹ ਆਪਣੀ ਕਹਾਣੀ ਵਿਚ ਸ਼੍ਰੇਣੀ ਸਮਾਜ ਵਿਚ ਖਤਮ ਹੋ ਰਹੀ ਹੋਂਦ ਤੋਂ ਚਿੰਤਾਤੁਰ ਮਨੁੱਖ, ਆਧੁਨਿਕ ਜੀਵਨ ਜਾਂਚ ਦੀ ਲਪੇਟ ਵਿਚ ਆਏ ਵਿਅਕਤੀ ਅਤੇ ਨਿਮਨ ਵਰਗਾਂ ਦੇ ਸਾਧਨ ਵਿਹੂਣੇ ਲੋਕਾਂ ਦੇ ਮਨੋਸੰਤਾਪ ਨੂੰ ਚਿਤਰਿਤ ਕਰਦਾ ਹੈ। ਆਪਣੀਆਂ ਕਹਾਣੀਆਂ ਵਿਚ ਇਸ ਵਿਭਿੰਨਤਾ ਦੇ ਸੰਦਰਭ ਅਧੀਨ ਵਿਚਰਦਿਆਂ ਭੰਡਾਰੀ ਦੀ ਕਹਾਣੀ ਦਾ ਵਿਚਾਰਧਾਰਕ ਫੋਕਸ 'ਮਨੁੱਖ' ਹੈ। ਉਹ ਆਪਣੀਆਂ ਕਹਾਣੀਆਂ ਵਿਚ 'ਮਨੁੱਖ' ਨੂੰ ਪਰਿਭਾਸ਼ਿਤ ਕਰਨ ਦੇ ਯਤਨ ਤਹਿਤ ਉਸ ਨਾਲ ਜੁੜੇ ਵਖੋ-ਵੱਖਰੇ ਸਰੋਕਾਰਾਂ ਨੂੰ ਮਾਨਵਵਾਦੀ ਸੁਰ ਤੋਂ ਕਹਾਣੀ ਵਿਚ ਸੰਮਲਿਤ ਕਰਦਾ ਹੈ। ਕੇਸਰ ਸਿੰਘ ਕੇਸਰ ਅਨੁਸਾਰ 'ਉਹ ਕਹਾਣੀ ਜ਼ਰੀਏ ਮਨੁੱਖ ਹੋਣ ਦੇ ਅਹਿਸਾਸ ਨੂੰ ਜਗਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਉਸ ਦੀ ਗਲਭਗ ਹਰ ਕਹਾਣੀ ਵਿਚ ਇਹ ਮੁੱਢਲਾ ਸਵਾਲ ਕੇਂਦਰੀ ਸਵਾਲ ਬਣਦਾ ਹੈ ਕਿ ਮਨੁੱਖ ਕੌਣ ਹੈ? ਜਿਸ ਨੂੰ ਅਸੀਂ ਦੇਖ ਰਹੇ ਹਾਂ ਕੀ ਉਹ ਮਨੁੱਖ ਹੈ? ਮਨੁੱਖ ਤੇ ਬਾਕੀ ਜੂਨਾਂ ਵਿਚ ਕੀ ਅੰਤਰ ਹੈ? ਮਨੁੱਖ ਨਾਲ ਜੁੜੇ ਇਹਨਾਂ ਵੱਖ ਵੱਖ ਪ੍ਰਸ਼ਨਾਂ ਦੇ ਜਵਾਬ ਤਲਾਸ਼ਦੀ ਭੰਡਾਰੀ ਦੀ ਕਹਾਣੀ ਮਨੁੱਖ ਨਾਲ ਜੁੜੀ ਹਰ ਪਰਤ ਨੂੰ ਤਲਾਸ਼ਦੀ, ਤਰਾਸ਼ਦੀ ਅਤੇ ਉਲੀਕਦੀ ਹੈ। ਜਿਵੇਂ 'ਤਿਲਚੌਲੀ' ਕਹਾਣੀ ਵਿਚ ਕਹਾਣੀ ਦੇ ਪਾਤਰ ਚੌਧਰੀ ਰੌਣਕ ਮੱਲ ਦੀ ਵਰਤਮਾਨ ਸਥਿਤੀ ਨੂੰ ਵਿਸ਼ਲੇਸ਼ਿਤ ਕਰਦੀ ਲੇਖਕ ਦੁਆਰਾ ਪ੍ਰਸਤੁਤ ਇਹ ਟਿੱਪਣੀ,

''ਸੰਭਾਲ-ਸੰਭਲ ਤੁਰਦਾ ਉਹ ਏਦਾਂ ਆਪਣੇ ਘਰ ਆ ਵੜਿਆ, ਜਿੱਦਾ ਕੋਈ 'ਸੱਪ'



ਚਾਨਣ ਦੀ ਮਸਤੀ ਵਿਚ ਖੇਡਦਾ ਖੇਡਦਾ ਕਿਸੇ 'ਅਣਡਿੱਠ ਨਿਉਲੇ' ਦੀ ਨਜ਼ਰ ਚੜ੍ਹਨੋਂ ਡਰਦਾ ਆਪਣੀ ਖੁੱਡ ਵਿਚ ਸਰਕ ਜਾਂਦਾ ਹੈ।'' (ਤਿਲਚੌਲੀ)

ਕਹਾਣੀ ਵਿਚਲੀ ਇਸ ਟਿੱਪਣੀ ਵਿਚ ਲੇਖਕ ਸੱਪ ਅਤੇ ਨਿਉਲੇ ਦੇ ਚਿਹਨ ਜ਼ਰੀਏ ਪੂੰਜੀ ਅਤੇ ਨਿਰਧਨਤਾ ਨੂੰ ਚਿਹਨੀਕ੍ਰਿਤ ਕਰ ਰਿਹਾ ਹੈ। ਲੋਕਧਾਰਈ ਪ੍ਰਵਚਨ ਤਹਿਤ ਸੱਪ ਮਾਇਆ(ਪੂੰਜੀ) ਦਾ ਸੂਚਕ ਹੈ ਤੇ ਲੇਖਕ ਚੌਧਰੀ ਰੌਣਕ ਮੱਲ ਨੂੰ ਸੱਪ ਨਾਲ ਤੁਲਨਾਉਂਦਾ ਹੈ ਕਿਉਂਕਿ ਪਾਤਰ ਕਹਾਣੀ ਵਿਚ ਪੂੰਜੀਵਾਦੀ ਸਮਾਜ ਦੇ ਮੁਮਾਇੰਦੇ ਵਜੋਂ ਵਿਚਰ ਰਿਹਾ ਹੈ। 'ਸੱਪ' ਦੇ ਵਿਰੋਧ ਵਿਚ 'ਨਿਉਲਾ' ਨਿਰਧਰਤਾ ਦੇ ਸੰਦਰਭ ਅਧੀਨ ਵਿਚਰਦਿਐਂ ਆਮ ਲੋਕਾਂ ਦਾ ਸੂਤਰੀਕਰਨ ਕਰਦਾ ਹੈ। ਸੱਪ ਦਾ ਨਿਉਲੇ ਤੋਂ ਡਰ ਕੇ ਖੁੱਡ ਵਿਚ ਵੜ ਜਾਣਾ ਭਾਵ ਚੌਧਰੀ ਰੌਣਕ ਮੱਲ ਦਾ ਆਮ ਲੋਕਾਂ ਦੀ ਸੰਯੁਕਤੀ ਵਜੋਂ ਉਸ ਦੀ ਪੂੰਜੀ ਖੋਹ ਲੈਣ ਤੇ ਉਸ ਨੂੰ ਮਾਰ ਦੇਣ ਦਾ ਡਰ ਕਹਾਣੀ ਵਿਚ ਇਸ ਵਿਚਾਰ ਨੂੰ ਪ੍ਰਤੀਪਾਦਤ ਕਰਦਾ ਹੈ ਕਿ ਭਵਿੱਖ ਵਿਚ ਆਮ ਲੋਕਾਂ ਦਾ ਸਮਾਜ ਦੀ ਹਰ ਵਸਤ ਤੇ ਕਾਬਜ ਹੋਹ ਜਾਣਾ ਤੈਅ ਹੈ ਕਿਉਂਕਿ 'ਸਮਾਜ ਦੀ ਗਰ ਗੱਲ ਵਿਚ ਉੱਪਰ ਅਤੇ ਅੱਗੇ ਆਏ ਲੋਕਾਂ ਦੀ ਚਲਦੀ ਰਹਿੰਦੀ ਹੈ। ਅੰਤਮ ਗੱਲ ਉਹਨਾਂ ਨੇ ਕਹਿਣੀ ਹੈ ਜੋ ਥੱਲੇ ਅਤੇ ਪਿੱਛੇ ਰਹਿ ਗਏ ਹਨ' ਥੱਲੇ ਅਤੇ ਪਿੱਛੇ ਰਹਿ ਗਏ ਲੋਕਾਂ ਵਿਚ ਅੰਤਮ ਗੱਲ ਕਹਿਣ ਦੀ ਚੇਤਨਤਾ ਦਾ ਪੈਦਾ ਹੋਣਾ ਹੀ ਪੂੰਜੀਵਾਦੀ ਸਮਾਜ ਨੂੰ ਢਾਹੁਣ ਦਾ ਰਾਹ ਬਣਾਉਂਦਾ ਹੈ। ਇਸ ਵਿਚਾਰ ਨੂੰ ਕਹਾਣੀਕਾਰ 'ਤਿਲਚੌਲੀ' ਕਹਾਣੀ ਦੇ ਅਖੀਰ ਵਿਚ ਆਈਆਂ ਇਹਨਾਂ ਲਾਇਨਾਂ ਜ਼ਰੀਏ ਪ੍ਰਸਤੁਤ ਕਰਦਾ ਹੈ-

'ਵੱਡੇ ਕੀੜੇ ਤੋਂ ਗੁੜ ਦੀ ਨਿੱਕੀ ਡਲੀ ਖੋਹ ਕੇ ਛੋਟੇ ਛੋਟੇ ਪੰਜ-ਛੇ ਕੀੜੇ ਆਪਣੀ ਖੁੱਡ ਵੱਲ ਚਾਈਂ ਚਾਈਂ ਲਿਜਾ ਰਹੇ ਸਨ।' (ਤਿਲਚੌਲੀ)

'ਅਲਪ ਵਿਕਸਿਤ ਭਾਰਤ ਵਿਚ ਕਬੀਲਾ ਸਮਾਜ ਤੇ ਸਾਮੰਤੀ ਸਮਾਜ ਦੀ ਸਭਿਆਚਾਰਕ ਰਹਿੰਦ-ਖੂੰਹਦ ਸਮੇਤ ਪੰਜਾਬ ਦਾ ਜੋ ਮੰਡੀਕਰਣ ਦੇ ਸ਼ਹਿਰੀਕਰਣ ਹੋ ਰਿਹਾ ਹੈ ਤੇ ਇਸ ਸੰਕ੍ਰਾਂਤੀਕਾਲੀ ਪ੍ਰਸਥਿਤੀ ਵਿਚ ਜੋ ਆਰਥਿਕ, ਸਭਿਆਚਾਰਕ ਤੇ ਰਾਜਨੀਤਿਕ ਭ੍ਰਿਸ਼ਟਾਚਰਕ ਤੇ ਅਨਾਚਾਰ ਫੈਲਿਆ ਹੈ ਉਸ ਵਿਚ ਆਮ ਮਨੁੱਖ ਦਾ ਵਿਅਕਤਿਵ ਦਿਨੋ-ਦਿਨ ਨਿੱਘਰ ਰਿਹਾ ਹੈ ਜਿਸ ਨੂੰ ਬਚਾਉਣ ਦੀ ਉਹ ਚਿੰਤਾ ਵਿਚ ਹੈ। ਕਦੇ ਕਦੇ ਇਸ ਛੋਟੇ ਮਨੁੱਖ ਨੂੰ ਸਭ ਕੁਝ 'ਬਾਕਵਾਸ' ਲਗਦਾ ਹੈ, ਪਰ ਉਹ ਕਿਸੇ ਵਿਚਾਰਧਾਰਾ, ਸੰਘਰਸ਼ ਕਵਿਤਾ-ਸਾਹਿਤ (ਜਾਂ ਹੋਰ ਨਹੀਂ ਤਾਂ ਸ਼ਰਾਬ) ਦੇ ਸਹਾਰੇ ਆਪਣੀ ਹੋਂਦ ਦੇ ਮਾਨਵੀ ਤੱਤ ਨੂੰ ਮਰਨ ਨਹੀਂ ਦੇਣਾ ਚਾਹੁੰਦਾ। 'ਘੋਟਣਾ' ਕਹਾਣੀ ਪੂੰਜੀਵਾਦ ਤੇ ਮੰਡੀਕਰਣ ਦੇ ਇਸ ਦੌਰ ਵਿਚ ਅਜਿਹੇ ਵਿਚਾਰਾਂ ਨੂੰ ਹੀ ਪ੍ਰਸਤੁਤ ਕਰਦੀ ਹੈ। ਕਿਸ਼ਨੇ ਦਾ ਕਿਰਤ ਨਾਲ ਜੁੜੇ ਹੋਣ ਕਰਕੇ ਆਪਣੇ ਜਵਾਈ ਜੋ ਕਿ ਪੂੰਜੀਵਾਦੀ ਸਮਾਜ ਦੀ ਬੇਹੱਦ ਕਾਰਜਸ਼ੀਲ ਧਿਰ ਹੈ ਕਾਰਖਾਨੇ ਵਿਚ ਕੰਮ ਕਰਦਿਐਂ ਨੂੰ ਦੇਖਣ ਦਾ ਕੰਮ ਕਰਨਾ ਕੋਈ ਮਾਅਨੇ ਨਹੀਂ ਰੱਖਦਾ, 'ਇਹ ਵੀ ਕੋਈ ਕੰਮ ਐ। ਕੰਮ ਕਰਦਿਆਂ ਨੂੰ ਦੇਖਣਾ। ਜੇ ਇਹ ਵੀ ਕੰਮ 'ਚ ਸ਼ਾਮਿਲ ਹੈ ਤਾਂ ਰੱਬ ਬਖਸ਼ੇ ਮੈਨੂੰ ਅਜਿਹੇ ਕੰਮ ਤੋਂ। ਮੈਂ ਹੈਰਾਨ ਹਾਂ ਇਹ ਲੋਕ ਜਿਹੜੇ ਦੂਜਿਆਂ ਦੇ ਕੰਮ ਨੂੰ ਦੇਖਣਾ ਹੀ ਆਪਣਾ ਕੰਮ ਸਮਝਦੇ ਹਨ, ਜਿਉਂਦੇ ਕਿਵੇਂ ਰਹਿ ਜਾਂਦੇ ਹਨ?' ਕਿਸ਼ਨੇ ਦੁਆਰਾ ਉਠਾਇਆ ਗਿਆ ਇਹ ਪ੍ਰਸ਼ਨ ਹਰ ਕਿਰਤ ਚੇਤਨ ਵਿਅਕਤੀ ਦੀ ਹੋਂਦ ਦਾ ਸਮੂਰਤੀਕਰਨ ਕਰਦਾ ਹੋਇਆ ਪਾਤਰ ਦੀ ਪੂਰੇ ਸਮਾਜਕ ਸਿਸਟਮ ਦੇ ਨਾਲ ਨਾਲ ਉਸ ਦੀ ਵਿਅਕਤੀਗਤ ਚੇਤਨਤਾ ਨੂੰ ਵੀ ਰੂਪਮਾਨ ਕਰਦਾ ਹੈ। ਪਰ

ਕਹਾਣੀ ਦੇ ਅਖੀਰ ਵਿਚ ,'ਬਾਹਰ ਵਿਹੜੇ' 'ਚ ਕਿਸ਼ਨਾ ਤਰਖਾਣ ਸ਼ਰਾਬ ਦਾ ਰੱਜਿਆ ਬੈਠਾ ਸੀ। ਕੋਲ ਉਹਦੇ ਸ਼ਰਾਬ ਦੀ ਭਰੀ ਬੋਤਲ ਪਈ ਸੀ। ਇਕ ਹੱਥ ਵਿਚ ਉਹਦੇ ਬੋਤਲਾ ਸੀ। ਦੂਜੇ ਹੱਥ ਵਿਚ ਲੱਕੜੀ ਦਾ ਟੋਟਾ ਤੇ ਉਹ ਘੋਟਣਾ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਸੀ। ਕਿਸ਼ਨੇ ਦਾ ਸ਼ਰਾਬ ਦੇ ਨਸ਼ੇ ਵਿਚ ਧੁੱਤ ਹੋ ਕੇ ਘੋਟਣੇ ਬਣਾਉਣ, ਉਸ ਦੇ ਚੇਤਨ-ਅਵਚੇਤਨ ਵਿਚਲੇ ਕਿਰਤ ਪਿਆਰ ਤੇ ਵਕਤੀ ਹੋਂਦ ਨੂੰ ਤਾਂ ਸੰਪੂਰਨ ਕਰਦਾ ਹੈ ਪਰ ਮਸ਼ੀਨੀਕਰਨ ਦੇ ਇਸ ਜੁਗ ਅੰਦਰ ਉਸ ਦੁਆਰਾ ਬਣਾਏ ਘੋਟਣਿਆਂ ਦੀ ਵਰਤੋਂ ਤੇ ਹੱਥੀਂ ਕਿਰਤ ਕਰਨ ਵਾਲੇ ਮਨੁੱਖ ਦੀ ਗੁਆਚ ਰਹੀ ਹੋਂਦ ਦੇ ਪ੍ਰਸ਼ਨ ਚਿੰਨ੍ਹ ਲਗਾਉਂਦਾ ਹੈ।

ਸਮਾਜ ਦੇ ਮਸ਼ੀਨੀਕਰਨ ਵਿਚ ਤਬਦੀਲੀ ਹੋਣ ਦੀ ਇਹ ਪ੍ਰਵਿਰਤੀ ਪਰੰਪਰਕ ਕਦਰਾਂ-ਕੀਮਤਾਂ ਅਤੇ ਉਭਰ ਰਹੀ ਨਵੀਨਤਮ ਸੋਚ ਦੇ ਵਿਚਕਾਰ ਇਕ ਦਵੰਦਾਤਮ ਪੈਰਾਡਾਈਮ ਨੂੰ ਸਿਰਜਤ ਕਰ ਰਹੀ ਹੈ। ਇਸ ਪੈਰਾਡਾਈਮ ਦੇ ਵਿਚਕਾਰ ਮਨੁੱਖ ਦੇ ਰੁਜ਼ਗਾਰ ਦੇ ਵਸੀਲਿਆਂ ਵਿਚ ਨਵੀਆਂ ਸਮੱਸਿਆਵਾਂ ਦਾ ਸਮਾਵੇਸ਼ ਹੋ ਰਿਹਾ ਹੈ ਜਿਸ ਦਾ ਸਭ ਤੋਂ ਵੱਡਾ ਖਾਮਿਆਜ਼ਾ ਪਰੰਪਰਕ ਕੰਮਾਂ ਨਾਲ ਬੱਜੇ ਲੋਕਾਂ ਨੂੰ ਭੁਗਤਣਾ ਪਵੇਗਾ। ਇਸ ਸੂਤਰ ਨੂੰ ਮੋਹਨ ਭੰਡਾਰੀ ਦੀ 'ਦੂਜੀ ਮੌਤ' ਕਹਾਣ ਬਾਖ਼ੂਬੀ ਪੇਸ਼ ਕਰਦੀ ਹੈ। ਇਸ ਕਹਾਣੀ ਵਿਚ ਲੇਖਕ ਦਾ ਵਿਚਾਰਧਾਰਕ ਫੋਕਸ ਨਿਮਨ ਵਰਗ ਨਾਲ ਸੰਬੰਧਿਤ ਸਾਧਾਰਣ ਅਤੇ ਲੁਪਤ ਮਨੁੱਖ ਦੀ ਵੇਦਨਾਵੀ ਤ੍ਰਾਸਦਿਕ ਸਥਿਤੀ ਦਾ ਚਿਤਰਨ ਕਰਨ ਦੇ ਨਾਲ ਨਾਲ ਮੁਰਦਾਘਾਟ ਦੇ ਪੰਡਤ ਦੁਆਰਾ ਮਰੂਏ ਦੇ ਨਾਮ ਤੇ ਉਗਰਾਹਿਆ ਗਿਆ ਰੁਪਈਆ ਪਰ ਉਸ ਨੂੰ ਦਿੱਤੀ ਗਈ ਅਠੰਨੀ ਇਸ ਪੂਰੇ ਭ੍ਰਿਸ਼ਟ ਹੋ ਚੁੱਕੇ ਸਮਾਜਕ ਸਿਸਟਮ ਉੱਪਰ ਕਟਾਖ਼ਸ਼ ਵੀ ਕਰਦਾ ਹੈ,

“ਏਕ ਰੁਪਿਆ ਉਸ ਕਾ?” ਪੰਡਤ ਹੱਥ ਦੇ ਇਸ਼ਾਰੇ ਨਾਲ ਕਹਿੰਦਾ ਹੈ।

......

ਇਸ ਤੋਂ ਪਹਿਲਾਂ, ਕਿਸੇ ਨੂੰ ਵੀ, ਜਿਵੇਂ ਉਹਦੀ ਹੋਂਦ ਦਾ ਅਹਿਸਾਸ ਨਹੀਂ ਸੀ। ਜਿਵੇਂ ਉਹ ਉਥੇ ਹੈ ਹੀ ਨਹੀਂ ਸੀ।

...

ਪੰਡਤ ਜੇਬ ਵਿਚੋਂ ਅਠੰਨੀ ਕੱਢ ਕੇ ਉਹਦੇ ਵੱਲ ਵਧਾਉਂਦਾ ਹੈ। ਮਰੂਆ ਝਪਟ ਮਾਰਨ ਵਾਂਗ ਸਿੱਕਾ ਲੈ ਕੇ ਸਿਰ ਦੀ ਲੀਰ ਲੜ ਬੰਨਣ ਲੱਗਦਾ ਹੈ। (ਦੂਜੀ ਮੌਤ)

ਪਰ ਕਹਾਣੀ ਦੇ ਅਖੀਰ ਵਿਚ ਕੁਝ ਪਾਤਰਾਂ ਦੇ ਆਪਸੀ ਸੰਵਾਦ ਜ਼ਰੀਏ ਉਭਰ ਕੇ ਆਇਆ ਭਵਿੱਖ ਵਿਚਲਾ ਸੱਚ 'ਹੁਣ ਤਾਂ ਬਿਜਲੀ ਦੀ ਮਸ਼ੀਨ ਲੱਗ ਜਾਣੀ ਐ। ਪੰਜਾਂ ਮਿੰਟਾਂ ਵਿਚ ਹੀ ਅਸਥੀਆਂ ਦੇ ਦਿਆ ਕਰਨਗੇ।” ਜਿੱਥੇ ਸੰਸਕਾਰ ਦੇ ਮਸ਼ੀਨੀਕਰਨ ਹੋਣ ਜਾਣ ਦਾ ਸੰਕੇਤ ਹੈ ਉੱਥੇ ਮਰੂਏ ਦੀ ਰੋਟੀ ਦਾ ਵਸੀਲਾ ਲੱਕੜਾਂ ਪਾੜਨ ਦੇ ਕੰਮ ਨੂੰ ਮੂਲੋਂ ਹੀ ਖਾਰਜ ਕਰਕੇ ਉਸ ਦੀ ਬਚੀ-ਖੁਚੀ ਹੋਂਦ ਵੀ ਖ਼ਤਮ ਕਰ ਦਿੰਦਾ ਹੈ ਤੇ ਨਾਲ ਦੀ ਨਾਲ ਪੰਡਤ ਤੇ ਮਰੂਏ ਨੂੰ ਆਰਥਿਕਤਾ ਦੀ ਇਕੋ ਲਕੀਰ ਤੇ ਖੜ੍ਹਾ ਕਰਕੇ ਪੰਡਤ ਦੀ ਹੋਂਦ ਦੇ ਖਾਤਮੇ ਦਾ ਸੂਚਕ ਵੀ ਬਣਦਾ ਹੈ। ਇਸ ਪੂਰੀ ਸਮਾਜਕ ਬਣਤਰ ਵਿਚ ਪੂਰਨ ਤੌਰ ਤੇ ਨਿਰਧਨ ਅਤੇ ਥੋੜ੍ਹਾ ਬਹੁਤ ਆਰਥਿਕ ਤੌਰ ਤੇ ਸੰਪੰਨ ਵਿਅਕਤੀ ਦੀ ਹੋਂਦ ਲਗਭਗ ਇਕ ਬਰਾਬਰ ਹੈ, ਪਰ ਫਿਰ ਵੀ ਇਸ ਸਮਾਜ ਵਿਚ ਵਿਚਰ ਰਹੇ ਵਿਅਕਤੀਆਂ ਦੀ ਇਸ ਖ਼ਾਸੀਅਤ ਹੈ ਕਿ ਹਰ ਵਿਅਕਤੀ ਆਪਣੇ ਤੋਂ ਨੀਵੇਂ ਨੂੰ 'ਮਨੁੱਖ ਨੂੰ ਸਮਝਣ ਤੋਂ ਹੀ ਇਨਕਾਰੀ ਹੈ,



'ਸਭ ਦਾ ਧਿਆਨ ਇਕ ਡੱਕੇ ਵਰਗੇ ਪਤਲੇ ਤੇ ਬੇਹਦ ਕਾਲੇ ਮਨੁੱਖ ਵੱਲ ਚਲਿਆ ਜਾਂਦਾ ਹੈ। ਉਹ ਇਕ ਮਜ਼ਬੂਤ ਕੁਹਾੜੇ ਨਾਲ ਲੱਕੜਾਂ ਪਾੜ ਰਿਹਾ ਹੈ।'

“ਕਿੱਥੇ ਦਾ ਰਹਿਣ ਵਾਲਾ ਹੈ, ਇਹ ਆਦਮੀ?' ਵਿਚੋਂ ਕੋਈ ਪੁੱਛਦਾ ਹੈ 'ਆਦਮੀ?' ਪੰਡਤ ਦੇ ਬੁੱਲ੍ਹ ਫਰਕਦੇ ਹਨ। ਉਹਦੇ ਮੱਥੇ ਦੀਆਂ ਤਿਊੜੀਆਂ 'ਚ ਵਿਅੰਗ ਹੈ। (ਦੂਜੀ ਮੌਤ)

ਇਸ ਉਭਰ ਰਹੀ 'ਮਨੁੱਖ ਨੂੰ ਮਨੁੱਖ ਨਾ ਸਮਝਣ' ਦੀ ਨਵੀਂ ਮਾਨਸਿਕਤਾ ਅਧੀਨ ਵਿਅਕਤੀ ਦੀ ਤ੍ਰਾਸਦੀ ਉਸ ਸਮੇਂ ਹੋਰ ਵੀ ਵਿਕਰਾਲ ਰੂਪ ਅਖ਼ਤਿਆਰ ਕਰ ਲੈਂਦੀ ਹੈ ਜਦੋਂ ਉਸ ਦੀ ਹੋਂਦ ਪੂਰੇ ਸਮਾਜ ਵਿਚ ਇਕ ਨੁਕਤੇ ਤੋਂ ਵੱਧ ਕੇ ਕੁਝ ਨਹੀਂ ਰਹਿੰਦੀ,

1. 'ਉਹ ਦਹਿਸ਼ਤ ਦਾ ਮਾਰਿਆ, ਗਧਿਆਂ ਉਤੇ ਡੰਡੇ ਵਰਸਾਉਂਦਾ ਗਰਦ ਵਿਚ ਇਹ ਨੁਕਤੇ ਵਾਂਗ ਸਿਮਟ ਗਿਆ'... (ਮੈਨੂੰ ਟੈਗੋਰ ਬਣਾ ਦੇ ਮਾਂ)

2. ਉਸ ਦੀ ਗੱਲ ਕੋਈ ਨੀ ਕਰਦਾ ਜੋ ਪੰਜਰਾਂ ਸਾਲ ਪਹਿਲਾਂ ਮਰ ਗਿਆ ਸੀ ਤੇ ਉਸ ਦਾ ਸਿਵਾ ਅੱਜ ਤੱਕ ਨਹੀਂ ਬਲਿਆ। (ਦੂਜੀ ਮੌਤ)

ਇਕ ਵਿਅਕਤੀ ਦੀ ਦੂਸਰੇ ਵਿਅਕਤੀ ਪ੍ਰਤੀ ਇਹ ਉਦਾਸੀਨਤਾ ਹੀ ਅੱਜ ਦੇ ਸਮੇਂ ਦਾ ਸਭ ਤੋਂ ਮਾਰੂ ਰੁਝਾਨ ਹੈ। ਇਸ ਉਭਰ ਰਹੇ ਨਵੀਨ ਰੁਝਾਨ ਦੇ ਨਾਲ ਨਾਲ ਮੋਹਨ ਭੰਡਾਰੀ ਦੀ ਕਹਾਣੀ ਇਕ ਅਜਿਹੇ ਮਨੁੱਖ ਨੂੰ ਵੀ ਆਪਣੇ ਕਲੇਵਰ ਵਿਚ ਲੈਂਦੀ ਹੈ ਜੋ ਚੇਤਨ ਹੈ, 'ਇਸ ਸਾਰੇ ਰਾਮ ਰੌਲੇ ਵਿਚ ਇਕ ਮਨੱਖ ਖੜ੍ਹਾ ਰਿਹਾ।' (ਕਾਠ ਦੀ ਲੱਤ) ਇਕ ਮਨੁੱਖ ਦਾ ਇਸ ਪੂਰੇ ਵਿਘਟਨਕਾਰੀ ਸਿਸਟਮ ਵਿਚ ਖੜ੍ਹੇ ਰਹਿਣਾ ਹੀ ਉਸ ਵਿਚਲੇ ਮਾਨਵਵਾਦ ਤੇ ਉਸ ਦੀ ਯਥਾਰਥਕ ਹੋਂਦ ਦੀ ਪ੍ਰਾਪਤੀ ਦੀ ਪ੍ਰਤਿ ਉੱਤਰ ਸਿਰਜਦਾ ਹੈ।

ਪੂੰਜੀਵਾਦੀ ਸਭਿਅਤਾ ਦਾ ਪੂਰਾ ਦਾਰੋਮਦਾਰ ਪੂੰਜੀ ਉੱਪਰ ਟਿਕਿਆ ਹੈ। ਪੂੰਜੀ ਦੀ ਖਪਤ ਅਤੇ ਭਰਪੂਰਤਾ ਦੀ ਆਰਥਿਕਤਾ ਤੇ ਸਮਾਜਕ ਰਿਸ਼ਤਿਆਂ ਦਾ ਤਾਣਾ ਪੇਟਾ ਉਲੀਕਦੀ ਹੈ। ਆਰਥਿਕ ਨਿਰਧਨਤਾ ਤੇ ਸਾਧਨਹੀਣਤਾ ਮਨੁੱਖ ਲਈ ਜਿੱਥੇ ਆਰਥਿਕ ਸੰਕਟਾਂ ਦੀ ਪੇਚੀਦਗੀ ਨੂੰ ਮੁਖਾਤਿਬ ਹੈ ਉੱਥੇ ਮਨੁੱਖ ਵਿਆਹ ਪੱਖੋਂ ਊਣੇ ਰਹਿ ਜਾਣ ਦਾ ਸੰਤਾਪ ਵੀ ਭੋਗਦਾ ਹੈ। ਸਾਧਨਹੀਣਤਾ ਕਾਰਨ ਔਰਤ ਤੋਂ ਵਾਂਝੇ ਹੋਣ ਦੇ ਕਠੋਰ ਯਥਾਰਥ ਨਾਲ ਜੂਝਦਾ ਪਾਤਰ ਔਰਤ ਦੇ ਸਾਥ ਦੀ ਤਤਪਰਤਾ ਨੂੰ ਸੰਤੁਲਿਤ ਕਰਨ ਦੇ ਆਹਰ ਅਤੇ ਘਰ ਬਣਾਉਣ ਦੀ ਅਕਾਂਖਿਆ ਨੂੰ ਸਥਿਰਤਾ ਪ੍ਰਦਾਨ ਕਰਨ ਹਿੱਤ ਉਸਦਾ ਇਸ ਸੁਪਨਈ ਬਦਲ ਸਿਰਜਦਾ ਹੈ,

“ਉਹਨੇ ਮਿੱਟੀ ਦਾ ਮਨਭਾਵਨ ਬਣਾਇਆ। ਉਹਦੀ ਵਹੁਟੀ ਦੀ ਸ਼ਕਲ ਆਪਣੇ ਅੰਦਰ ਉਹ ਉਤਾਰਦਾ ਰਿਹਾ। ਉਹਦੇ ਖਿਆਲਾਂ ਵਿਚ ਇਕ ਔਰਤ ਦੀ ਤਸਵੀਰ ਸਾਕਾਰ ਹੋ ਗਈ। ਉਹਨੇ ਔਰਤ ਦਾ ਇਕ ਬੁੱਤ ਬਣਾਇਆ। ਇਕ ਤੋਂ ਬਾਅਦ ਦੂਜਾ, ਜੋ ਜੋੜੇ ਬੱਚੇ ਬਣਾਏ।

ਹੁਣ ਮਿੱਟੀ ਦੀ ਔਰਤ, ਘੁੰਡ ਕੱਢੀਂ ਉਹਦੇ ਸਾਹਮਣੇ ਬੈਠੀ ਸੀ। ਸੰਤੁਸ਼ਟ ਅਤੇ ਪਰਿਵਾਰਕ ਸੁਖ ਵਿਚ ਮਾਣਮੱਤੀ ! ਤੇ ਉਹਦੇ ਕੋਲ, ਐਨ੍ਹ ਨਾਲ ਲੱਗਕੇ, ਬੈਠਾ ਮੱਟਰੂ ਲੌਂਗਾਂ ਵਾਲੀ ਚਾਹ ਦੀਆਂ ਚੁਸਕੀਆਂ ਲੈ ਰਿਹੈ ਸੀ। (ਮਿੱਟੀ ਦੀ ਔਰਤ)

ਇੱਥੇ ਲੇਖਕ ਇਕ ਸਾਧਾਰਨ ਵਿਅਕਤੀ ਦੀ ਅਤ੍ਰਿਪਤ ਖਾਹਿਸ਼ ਦੀ ਪੂਰਤੀ ਹਿਤ ਕਾਲਪਨਿਕ ਪਰਿਵਾਰ ਸਿਰਜਦਾ ਹੈ ਜਿਸ ਵਿਚ ਪਾਤਰ ਦੀ ਸੰਤੁਸ਼ਟੀ ਪਈ ਹੈ। ਪਰ ਨਾਲ ਦੀ ਨਾਲ ਕਹਾਣੀ ਦੇ ਅਖੀਰ ਵਿਚ ਇਹ ਵਿਕਲਪ ਵੀ ਉਭਰਦਾ ਹੈ ਕਿ ਪਾਤਰ ਦੇ ਅੰਦਰ

ਘਰ ਬਣਾਉਣ ਦੇ ਵਿਕਲਪ ਨੂੰ ਉਸ ਦੀ ਸਾਧਨਹੀਣਤਾ ਖਾਰਜ ਨਹੀਂ ਕਰ ਸਕਦੀ ਤੇ ਇਹ ਵਿਕਲਪ ਹੀ ਉਸ ਅੰਦਰ 'ਮਨੁੱਖ' ਹੋਣ ਦਾ ਅਹਿਸਾਸ ਜਗਾਉਂਦਾ ਹੈ।

ਇਕ ਸਾਧਾਰਣ ਮਨੁੱਖ ਦੀ ਲੋਚਾ ਇਕ ਪੂਰੇ ਪਰਿਵਾਰ ਅਤੇ ਰਿਸ਼ਤਿਆਂ ਦੀ ਸੰਪੂਰਤਾ ਵਿਚ ਪਈ ਹੈ, ਪਰ ਕਈ ਵਾਰ ਪਰਿਵਾਰਕ ਮਸਲਿਆਂ ਕਾਰਨ ਟੁੱਟਦੇ ਵਿਸ਼ਵਾਸ ਅਤੇ ਸਵੈ-ਇਛਿਤ ਯਥਾਰਥ ਦੀ ਪੂਰਤੀ ਹਿਤ ਅਸਾਵੇਂ ਪ੍ਰੇਮ ਸੰਬੰਧ ਰਿਸ਼ਤਿਆਂ ਵਿਚੋਂ ਸਨੇਹ, ਸ਼ਰਧਾ ਤੇ ਸਤਿਕਾਰ ਨੂੰ ਖਾਰਜ ਕਰ ਦਿੰਦੇ ਹਨ। ਮੋਹਨ ਭੰਡਾਰੀ ਦੀ 'ਮਨੁੱਖ ਦੀ ਪੈੜ' ਕਹਾਣੀ ਵੀ ਰਿਸ਼ਤਿਆਂ ਦੇ ਇਸ ਅਸਾਵੇਂਪਣ ਦਾ ਚਿਤਰਨ ਕਰਦੀ ਹੈ। ਕਹਾਣੀ ਦਾ ਪਾਤਰ ਡੁੱਡਾ ਬਸੰਤ ਸਾਰੀ ਉਮਰ ਕਰਤਾਰੇ ਵੈਲੀ ਨੂੰ ਆਪਣੇ ਪਿਓ ਦਾ ਕਾਤਲ ਸਮਝਦਾ ਹੋਇਆ ਆਪਣੀ ਸਾਰੀ ਉਮਰ ਉਸ ਨੂੰ ਕਤਲ ਕਰਨ ਦੀਆਂ ਵਿਉਂਤਾਂ ਵਿਚ ਖਤਮ ਕਰ ਲੈਂਦਾ ਹੈ। ਪਰ ਕਹਾਣੀ ਦੇ ਅਖੀਰ ਵਿਚ ਹੋਇਆ ਯਥਾਰਥ ਦਾ ਵਿਸਫੋਟ ਕਹਾਣੀ ਦੇ ਸਮੁੱਚੇ ਪ੍ਰਵਚਨ ਨੂੰ ਉਲਟਾ ਦਿੰਦਾ ਹੈ, ਜਿੱਥੇ ਡੁੱਡੇ ਬਸੰਤ ਦੇ ਪਿਓ ਦੀ ਕਾਤਲ ਉਸ ਦੀ ਆਪਣੀ ਮਾਂ ਹੀ ਨਿਕਲਦੀ ਹੈ,

''ਓਏ ਤੂੰ ਕਰਤਾਰਾ ਵੈਲੀ ਐਂ, ਓਏ ਸਾਲਿਆ, ਤੂੰ ਖੂਨ ਨਹੀਂ ਕੀਤਾ...ਓਏ ਤੂੰ ... ਭੈਣ ਦਿਆ... ਓਏ ਤੂੰ ਸੱਚੀ ਨਹੀਂ ਮਾਰਿਆ ਬਾਪੂ ਨੂੰ...। ਉਹ ... ਹੋ ... ਮੇਰੀ ਮਾਂ ਨੇ... ਉਸ ਡੈਣ ਨੇ... ਮੈਂ ਕਿਸ ਤੋਂ ਬਦਲਾ ਲਵਾਂ... ਹਾਏ ਓਏ... ਮੈਂ ਬਦਲਾ ਕਿਸ ਤੋਂ ਲਵਾਂ...।'' (ਮਨੁੱਖ ਦੀ ਪੈੜ)

ਅਖੀਰ ਵਿਚ ਹੋਇਆ ਇਹ ਯਥਾਰਥ ਦਾ ਵਿਸਫੋਟ ਡੁੱਡੇ ਬਸੰਤ ਨੂੰ ਆਪਣੀ ਅਤੇ ਸਮਾਜ ਦੀ ਨਜ਼ਰ ਵਿਚ ਬੌਣਾ ਬਣਾ ਦਿੰਦਾ ਹੈ। ਕਹਾਣੀ ਵਿਚਲੇ ਪੂਰੇ ਬਿਰਤਾਂਤਕ ਪ੍ਰਵਚਨ ਵਿਚ ਲੇਖਕ ਡੁੱਡੇ ਬਸੰਤ ਦੇ ਕਰਤਾਰੇ ਵੈਲੀ ਤੋਂ ਬਦਲਾ ਲੈਣ ਦੀਆਂ ਵਿਉਂਤਾ ਬਣਾਉਣ ਅਤੇ ਆਪਣੀ ਸਾਰੀ ਉਮਰ ਇਸ ਇਕ ਮੰਤਵ ਦੇ ਲੇਖੇ ਲਾਉਣ ਦੌਰਾਨ ਉਸ ਦੀ ਤ੍ਰਾਸਦੀ ਅਤੇ ਦਰਦ ਦੀਆਂ ਵੱਖ ਵੱਧ ਪਰਤਾਂ ਨੂੰ ਸਿਰਜਦਾ ਹੈ। ਅਖੀਰ ਵਿਚ ਰਿਸ਼ਤਿਆਂ ਵਿਚਲੀ ਸਚਾਈ ਦੇ ਸਾਹਮਣੇ ਆਉਣ ਤੇ ਅਤੇ ਕਰਤਾਰੇ ਵੈਲੀ ਨੂੰ ਮਾਰ ਕੇ ਸਾਬਤ ਮਨੁੱਖ ਬਣਨ ਦੀ ਉਸ ਦੀ ਲੋਚਾ ਦਮਨ ਪ੍ਰਵਿਰਤੀ ਅਧੀਨ ਵਿਚਰਦੀ ਹੋਈ ਉਸ ਨੂੰ ਬੌਣਾ ਬਣਾ ਜਾਂਦੀ ਹੈ।

'ਉਹਨੂੰ ਲੱਗਿਆ ਜਿਵੇਂ ਉਹ ਇਕ ਨਹੀਂ, ਡੂਢ ਆਦਮੀ ਹੋਵੇ। ਇਕ ਸਾਬਤ ਪੈਰ ਵਾਲਾ ਬੰਦਾ ਤੇ ਦੂਜਾ ਅੱਧਾ ਮਨੁੱਖ। ਬੌਣਾ ਆਦਮੀ। ਨਿੱਕੀ ਪੈੜ ਬੌਣੇ ਮਨੁੱਖ ਦੀ ਹੀ ਤਾਂ ਹੋ ਸਕਦੀ ਹੈ।...

ਸਮੇਂ ਦੀਆਂ ਸੱਟਾਂ ਦਾ ਭੰਨਿਆ, ਉਥੇ ਖੜਾ ਉਹ ਆਪਣੀਆਂ ਪੈੜਾਂ ਵੇਖੀ ਜਾ ਰਿਹਾ ਸੀ।' (ਮਨੁੱਖ ਦੀ ਪੈੜ)

ਆਪਣੇ ਪਿਓ ਦੇ ਕਾਤਲ ਤੋਂ ਬਦਲਾ ਲੈਣ ਦੀ ਪ੍ਰਵਿਰਤੀ ਅਧੀਨ ਤਾਂ ਉਹ ਆਪਣੇ ਆਪ ਨੂੰ ਸੰਪੂਰਨ ਸਮਝਦਾ ਹੈ ਪਰ ਕਾਤਲ ਦੇ ਤੌਰ ਤੇ ਉਸ ਦੀ ਆਪਣੀ ਮਾਂ ਦਾ ਅਸਲ ਰੂਪ ਸਾਹਮਣੇ ਆਉਣ ਨਾਲ ਸਾਰੇ ਰਿਸ਼ਤੇ ਇਕ ਹਾਸ਼ੀਏ ਉੱਪਰ ਖੜ ਜਾਂਦੇ ਹਨ ਜਿੱਥੇ ਉਹ ਆਪਣੇ ਆਪ ਨੂੰ ਸਮਾਜ ਦੀ ਤੇ ਆਪਣੇ ਆਪ ਦੀ ਨਜ਼ਰ ਵਿਚ ਬੌਣਾ ਬਣਿਆ ਮਹਿਸੂਸ ਕਰਦਾ ਹੈ।

ਰਿਸ਼ਤਿਆਂ ਵਿਚਲੀ ਇਹ ਵਿਸੰਗਤੀ ਹੋਰ ਵੀ ਤ੍ਰਾਸਦਿਕ ਤੇ ਵਿਕਰਾਲ ਰੂਪ ਵਿਚ



'ਨੱਥ' ਕਹਾਣੀ ਵਿਚ ਉਭਰ ਕੇ ਸਾਹਮਣੇ ਆਉਂਦੀ ਹੈ। ਜਦੋਂ ਜਗੀਰੂ ਸੋਚ ਅਤੇ ਜਗੀਰਦਾਰੀ ਪ੍ਰਬੰਧ ਦਾ ਨੁਮਾਇੰਦਾ ਇਕ ਬਾਪ ਹੀ ਆਪਣੀ ਧੀ ਨੂੰ ਕੋਠੇ ਤੱਕ ਪਹੁੰਚਾਉਂਦਾ ਹੈ ਅਤੇ ਧੀ ਦੇ ਜਵਾਨ ਹੋਣ ਤੇ ਉਸ ਨਾਲ ਸੰਬੰਧ ਸਥਾਪਿਤ ਕਰਦਾ ਹੈ,

'ਅੰਗੂਰੀ ਦਾ ਜਨਮ ਇਕ ਉੱਚ ਕੁਲ ਪਰਿਵਾਰ 'ਚ ਹੋਇਆ। ਰਾਜਾ ਰਾਮ ਬਾਪ ਉਹਦਾ ਰਜਵਾੜਾਸ਼ਾਹੀ ਦੀ ਰਹਿੰਦ ਖੂੰਹਦ ਸੀ ਪਰ ਫੇਰ ਵੀ ਉਹ 'ਰਾਜਾ ਜੀ' ਕਹਾ ਕੇ ਖੁਸ਼ ਹੁੰਦਾ ਸੀ...

ਰਹਿਮਾ ਕਹਿ ਰਿਹਾ ਸੀ, ''ਜਦੋਂ ਰਾਜਾ ਰਾਮ ਕਾਰ ਵਿਚ ਬੈਠਣ ਲੱਗਿਆ, ਮੈਂ ਦੋਵੇਂ ਹੱਥ ਜੋੜ ਕੇ ਅਰਜ਼ ਗੁਜ਼ਾਰੀ , ''ਰਾਜਾ ਜੀ ਅਸੀਂ ਥੋੜੇ ਪੈਰਾਂ ਦੀ ਧੂੜ ਆਂ... ਸਾਡੀ ਸੇਵਾ 'ਚ ਕਮੀ ਪੇਸ਼ੀ ਰਹਿ ਗਈ ਹੋਵੇ ਤਾਂ ਮਾਫ ਕਰ ਦੇਣਾ। ਮਾਈ ਬਾਪ...।''

ਸੁਣਕੇ ਮੇਰੇ ਮੱਥੇ 'ਚੋਂ ਤਿੱਖੀ ਚੀਸ ਨਿੱਕਲੀ, ਜੋ ਬਿਜਲੀ ਦੇ ਕਰੰਟ ਵਾਂਗ ਮੇਰੇ ਧੁਰ ਅੰਦਰ ਉੱਤਰ ਗਈ। (ਨੱਥ)

ਇਹ ਕਹਾਣੀ ਰਿਸ਼ਤਿਆਂ ਦੇ ਹੋ ਰਹੇ ਪਤਨ ਦੀ ਦਾਸਤਾਨ ਬਣਨ ਦੇ ਨਾਲ ਨਾਲ ਵੇਸਵਾ ਜੀਵਨ ਦੀਆਂ ਵਿਭਿੰਨ ਪਰਤਾਂ ਅਤੇ ਰਜਵਾੜਾਸ਼ਾਹੀ ਨਿਜ਼ਾਮ ਅਧੀਨ ਵਿਚਰ ਰਹੀ ਔਰਤ ਦੀ ਅਸੁਰੱਖਿਅਤ ਸਥਿਤੀ ਨੂੰ ਵੀ ਬਿਆਨ ਕਰਦੀ ਹੈ। ਏਂਗਲਜ਼ ਅਨੁਸਾਰ, ''ਜਮਾਤੀ ਸਮਾਜ ਦੇ ਸਰਮਾਏਦਾਰੀ ਪ੍ਰਬੰਧ ਵਿਚ ਔਰਤ ਪ੍ਰੋਲੇਤਾਰੀ ਹੁੰਦੀ ਹੈ। ਜੋ ਰਿਸ਼ਤਾ ਪਰਜਾ ਤੇ ਨਹਨਤਕਸ਼ ਜਮਾਤ ਦਾ ਤੇ ਪੈਦਾਵਾਰ ਦੀਆਂ ਸ਼ਕਤੀਆਂ ਦਾ ਰਾਜ ਨਾਹ ਹੈ ਉਹੋ ਰਿਸ਼ਤਾ ਔਰਤ ਦਾ ਮਰਦ ਨਾਲ ਹੁੰਦਾ ਹੈ। ' ਇਹੋ ਜਿਹੇ ਸਮਾਜ ਵਿਚ ਔਰਤ ਵਸਤ ਤੋਂ ਵਧ ਕੇ ਕੁਝ ਨਹੀਂ ਹੁੰਦੀ। ਸ਼ੋਸ਼ਿਤ ਵਰਗ ਦਾ ਇਕ ਹਿੱਸਾ ਹੋਣ ਦੇ ਨਾਤੇ ਔਰਤ ਦਾ ਆਪਣਾ ਅਸਤਿਤਵ, ਸੋਚ ਵਿਚਾਰ ਸਭ ਕੁਝ ਮਰਦ ਉੱਪਰ ਹੀ ਨਿਰਭਰ ਹੁੰਦਾ ਹੈ। ਜਾਗੀਰਦਾਰੀ ਪ੍ਰਬੰਧ ਵਿਚ ਪ੍ਰਭੁਤਵ ਦੇ ਅਸਤਿਤਵ ਦੇ ਭੂਪਵਾਦੀ ਸੋਚ ਦਾ ਧਾਰਨੀ ਮਰਦ ਔਰਤ ਨੂੰ ਐਸ਼ੋ ਇਸ਼ਰਤ ਦੀ ਨਜ਼ਰ ਨਾਲ ਹੀ ਭੋਗਦਾ ਤੇ ਰਿਸ਼ਤਿਆਂ ਦਾ ਦਮਨ ਕਰਦਾ ਰਿਹਾ ਹੈ।

ਮੋਹਨ ਭੰਡਾਰੀ ਦੀ ਕਹਾਣੀ ਔਰਤ ਦੀ ਇਸ ਤ੍ਰਾਸਦਿਕ ਤੇ ਵਿਡੰਬਨਾਮਈ ਸਥਿਤੀ ਦੇ ਨਾਲ ਨਾਲ ਇਕ ਅਜਿਹੀ ਔਰਤ ਦਾ ਰੂਪ ਵੀ ਸਾਕਾਰ ਕਰਦੀ ਹੈ ਜੋ ਆਪਣੇ ਅਸਤਿਤਵ ਅਤੇ ਹੱਕਾਂ ਦੀ ਰਾਖੀ ਲਈ ਮਰਦ ਨਾਲ ਬਗਾਵਤ ਵੀ ਕਰ ਸਕਦੀ ਹੈ।

''ਮੈਂ ਤੇਰੇ ਸੀਰਮੇਂ ਪੀ ਜਾਊਂ। ਚੰਨਣ ਦਿਆ ਬੱਚਿਆ... ਵੈਰੀਆਂ...। ਤਮੀਨਿਆਂ.. ਧੀਆਂ ਦੇ ਪੈਸੇ ਵੱਟ ਕੇ ਤੂੰ ਸ਼ਰਾਬ ਪੀਨੈਂ... ਤੈਨੂੰ ਕੱਚੇ ਨੂੰ ਚਬ ਜਾਊਂ।'' ਤਾਰੋ ਚੰਨਣ ਨੂੰ ਕੇਸਾਂ ਤੋਂ ਫੜਕੇ ਅੰਦਰ ਖਿੰਡੇ ਪਏ ਨੋਟਾਂ ਉੱਪਰ ਦੀ ਘੜੀਸਦੀ ਬਾਹਰ ਨੂੰ ਲੈ ਜਾ ਰਹੀ ਸੀ। (ਗਿਲਾ)

ਮੋਹਨ ਭੰਡਾਰੀ ਦੀ ਕਹਾਣੀ ਸਾਧਨ ਵਿਹੂਣੇ ਮਨੁੱਖ ਦੀ ਲੁਪਤ ਹੋ ਰਹੀ ਹੋਂਦ ਅਤੇ ਇਸ ਹੋਂਦ ਨੂੰ ਬਚਾਉਣ ਹਿੱਤ ਉਸ ਦੁਆਰਾ ਸਿਰਜੇ ਗਏ ਵਿਕਲਪਾਂ ਦਾ ਚਿਤਰਨ ਕਰਨ ਦੇ ਨਾਲ-ਨਾਲ ਰਿਸ਼ਤਿਆਂ ਦੀਆਂ ਸੰਗਤੀਆਂ-ਵਿਸੰਗਤੀਆਂ ਵਿਚ ਉਲਝੇ ਤ੍ਰਾਸਦਿਕ ਮਨੁੱਖ ਨੂੰ ਸਿਰਜਤ ਕਰਦੀ ਹੈ ਇਹਨਾਂ ਥੀਮਕ ਪਾਸਾਰਾਂ ਦੇ ਨਾਲ ਨਾਲ ਨਿਮਨ ਮਨੁੱਖ ਦੀ ਰਾਜਸੀ, ਆਰਥਿਕ ਸਥਿਤੀ ਦੇ ਸ਼ੋਸ਼ਣ ਪ੍ਰਤੀ ਚੇਤਨਤਾ ਨੂੰ ਪੰਜਾਬ ਸੰਕਟ ਨਾਲ ਸੰਬੰਧਿਤ ਕਹਾਣੀਆਂ ਵਿਚ ਬਾਖੂਬੀ ਉਸਾਰਿਆ ਗਿਆ ਹੈ,

"ਤੂੰ ਤਾਂ ਕਹਿੰਦਾ ਹੁੰਦਾ ਸੀ ਆਪਾਂ ਇਨਕਲਾਬ ਲਿਆਮਾਂਗੇ। ਹੈਂਅ!! ਹੁਣ ਕਹਿਨਾ ਸਮਾਂ ਆਉਣ ਤੇ ਆਪੇ ਸਭ ਕੁਸ਼ ਠੀਕ ਹੋ ਜੂ... ਧੁਰ ਦਰਗਾਹੀਂ ਲੇਖੇ ਹੋਣਗੇ? ਦੁੱਧ ਦਾ ਦੁੱਧ!! ਸੁੱਕੀ ਪੋਚਾ ਪਾਚੀ ਸੁਰਗਾਂ ਦੇ ਲਾਰੇ। ਇਨਕਲਾਬ!! ਏਸੇ ਆਸ ਤੇ ਅਸੀਂ ਸਾਰੀ ਉਮਰ ਭੱਠ ਝੋਕਦੇ ਰਹੇ ਕੁੱਟ ਖਾਂਦੇ ਰਹੇ। ਇਹ ਕਿਉਂ ਨਹੀਂ ਕਹਿੰਦਾ ਕਿ ਇਸ ਪਾਪ ਦਾ ਮੁਕਾਬਲਾ ਕਰੋ। ਡਟੋ...।' (ਪਾੜ)

'ਪਾੜ ਕਹਾਣੀ ਦੇ ਪਾਤਰ ਹਰਚੰਦ ਦੁਆਰਾ ਇਹਨਾਂ ਇਨਕਲਾਬੀ ਵਿਚਾਰਾਂ ਦਾ ਪ੍ਰਸਤੁਤੀਕਰਨ ਉਸ ਦੀ ਸਮਾਜਕ ਤੇ ਵਿਅਕਤੀਗਤ ਚੇਤਨਤਾ ਦੇ ਪਿਛੇ ਕਾਰਜਸ਼ੀਲ ਲੰਬੇ ਸੰਘਰਸ਼ ਨਾਲ ਜੁੜਿਆ ਹੋਇਆ ਹੈ। ਕਹਾਣੀਆਂ ਵਿਚਲੇ ਪਾਤਰਾਂ ਦੀ ਆਪਣੀ ਹੋਂਦ ਪ੍ਰਤੀ ਇਹੋ ਚੇਤਨਤਾ ਉਹਨਾਂ ਨੂੰ ਨਿਰਾਸ਼ਾ ਵੱਲ ਨਹੀਂ ਧਕੇਲਦੀ ਸਗੋਂ ਹਾਲਾਤ ਅਨੁਕੂਲ ਉਹਨਾਂ ਵਿਚ ਚਿੰਤਨ, ਚੇਤਨਾ ਅਤੇ ਕਰਮਸ਼ੀਲਤਾ ਨੂੰ ਭਰਦੀ ਹੈ। ਉਪਰੋਕਤ ਵਿਚਾਰ ਚਰਚਾ ਦੇ ਆਧਾਰ ਤੇ ਮੋਹਨ ਭੰਡਾਰੀ ਦੀ ਕਹਾਣੀ ਦਾ ਖਾਸਾ 'ਮਨੁੱਖੀ ਧਰਾਤਲ ਨਾਲ ਜੁੜੇ ਵੱਖੋ-ਵੱਖਰੇ ਸਰੋਕਾਰਾਂ ਦੀ ਪ੍ਰਸਤੁਤੀ ਅੰਦਰ ਨਿਹਿਤ ਹੈ। ਇਸ ਲਈ ਉਸ ਦੀਆਂ ਕਹਾਣੀਆਂ ਦੀ ਵਿਚਾਰਧਾਰਕ ਸੁਰ ਇਕ ਅੱਧੇ ਅਤੇ ਨਿਮਨ ਮਨੁੱਖ ਦੀ ਪੂਰਨ ਬਣਨ ਦੀ ਲੋਚਾ ਦੇ ਸਮੂਰਤੀਕਰਨ ਨਾਲ ਸੰਬੰਧ ਰਖਦੀ ਹੈ। ਜਿਸ ਕਾਰਨ ਉਸ ਦੀਆਂ ਕਹਾਣੀਆਂ ਦੇ ਪਾਤਰ ਸੰਘਰਸ਼ਮਈ ਪ੍ਰਸਥਿਤੀਆਂ ਵਿਚ ਵਿਚਰਦੇ ਹੋਏ, ਅਚੇਤ-ਸੁਚੇਤ ਵਿਚਕਾਰ ਸੰਵਾਦ ਰਚਾਉਂਦੇ, ਮਾਨਸਿਕ ਤੌਰ ਤੇ ਟੁੱਟਦੇ -ਵਿਗਸਦੇ , ਪਰੰਪਰਾ -ਨਵੀਨਤਾ ਨਾਲ ਦੋ-ਚਾਰ ਹੁੰਦੇ ਨਵੀਆਂ ਇੱਛਾਵਾਂ, ਨਵੇਂ ਵਿਕਲਪਾਂ ਨੂੰ ਸਮੂਰਤ ਕਰਨ ਦੀ ਇੱਛਾ ਦੇ ਧਾਰਨੀ ਬਣੇ ਆਪੋ ਆਪਣੀ ਜ਼ਿੰਦਗੀ ਦੇ ਮਾਅਨੇ ਨਿਰਧਾਰਤ ਕਰਨ ਦੇ ਯਤਨ ਵਿਚਰਦੇ ਹਨ। ਇੱਥੇ ਹੀ ਲੇਖਕ ਦੀ ਮਾਨਵਵਾਦੀ ਵਿਚਾਰਧਾਰਾ ਦਾ ਕੇਂਦਰ ਬਿੰਦੂ ਪਿਆ ਹੈ ਜੋ ਪਾਤਰਾਂ ਵਿਚ ਸਮਾਜਕ ਤੇ ਸਵੈ ਚੇਤਨਤਾ ਦਾ ਇਕ ਰੂਪ ਸਾਕਾਰ ਕਰਦਾ ਹੋਇਆ ਮਨੁੱਖੀ ਧਰਾਤਲ ਨਾਲ ਜੁੜੇ ਵਿਭਿੰਨ ਸਰੋਕਾਰਾਂ ਨੂੰ ਚਿਤਰਤ ਕਰਦਾ ਹੈ।

### ਹਵਾਲਾ ਪੁਸਤਕਾਂ-


1. ਮੋਹਨ ਭੰਡਾਰੀ ਕਥਾ ਵਾਰਤਾ, ਚੇਤਨਾ ਪ੍ਰਕਾਸ਼ਨ, ਲੁਧਿਆਣਾ
2. ਡਾ. ਧਨਵੰਤ ਕੌਰ ਪੰਜਾਬੀ ਕਹਾਣੀ ਸ਼ਾਸਤਰ , ਚੇਤਨਾ ਪ੍ਰਕਾਸ਼ਨ, ਲੁਧਿਆਣਾ।
3. ਡਾ. ਰਵਿੰਦਰ ਰਵੀ ਪ੍ਰਗਤੀਵਾਦ ਤੇ ਪੰਜਾਬੀ ਸਾਹਿਤ, ਲੋਕਗੀਤ ਪ੍ਰਕਾਸ਼ਨ, ਸਰਹਿੰਦ, 1998
4. ਕੇਸਰ ਸਿੰਘ ਕੇਸਰ ਵਰਗ ਸੰਘਰਸ਼ ਤੇ ਗਲਪ ਸਾਹਿਤ, ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ, 1992


**Marx Engles** **Selected Works, Vol. IV.**


ਪਤਾ: ਰਿਸਰਚ ਸਕਾਲਰ, ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।





## ਦੇਸ ਰਾਜ ਕਾਲੀ ਦੇ ਨਾਵਲ 'ਪਰਨੇਸ਼ਵਰੀ'
## ਉੱਤੇ ਮਾਨਸਾ ਵਿਖੇ ਹੋਈ ਗੋਸ਼ਟੀ




(ਸਾਹਿਤਕ ਗੋਸ਼ਟੀਆਂ ਦੀ ਸਾਰਥਿਕਤਾ ਹਮੇਸ਼ਾ ਰਹੀ ਹੈ ਅਤੇ ਹਮੇਸ਼ਾ ਰਹੇਗੀ, ਉਹ ਗੋਸ਼ਟੀਆਂ ਆਹਮੋ-ਸਾਹਮਣੇ ਤੇ 'ਪਰਿਆ' ਵਿੱਚ ਬੈਠ ਕੇ ਆਪਣੇ ਸਪਸ਼ਟ ਵਿਚਾਰ ਰੱਖਣ ਦੀ ਨਿਸ਼ਾਨਦੇਹੀ ਹਨ। ਕੋਈ ਆਪਣੀ ਗੱਲ ਕਹਿੰਦਾ ਹੈ ਤਾਂ ਜ਼ਰੂਰੀ ਨਹੀਂ ਕਿ ਉਸਦੇ ਮਗਰ ਹੀ ਸਾਰੇ ਲੀਹ 'ਚ ਤੁਰ ਪੈਣ। ਬਹੁਤ ਵਾਰ ਲੀਹ ਪਾਟਦੀ ਹੈ, ਜੋ ਸਾਰਥਕ ਸੰਵਾਦ ਨੂੰ ਜਨਮ ਦਿੰਦੀ ਹੈ। ਅਸੀਂ ਪਿਛਲੇ ਅੰਕਾਂ ਵਿੱਚ ਵੀ ਕੋਸ਼ਿਸ਼ ਕੀਤੀ ਹੈ ਅਤੇ ਅਗਾਂਹ ਵੀ ਕੋਸ਼ਿਸ਼ ਕਰਦੇ ਰਹਾਂਗੇ ਕਿ ਗੋਸ਼ਟੀਆਂ ਵਿੱਚ ਉਠਦੇ ਅਹਿਮ ਸਵਾਲ ਕਿਤੇ ਉਹਨਾਂ ਕਮਰਿਆਂ ਵਿੱਚ ਹੀ ਦਮ ਘੁੱਟ ਕੇ ਨਾ ਮਰ ਜਾਣ। ਇਹ ਸਵਾਲ ਸਾਹਿਤਕ ਹਲਕਿਆਂ 'ਚ ਆਉਣੇ ਚਾਹੀਦੇ ਹਨ ਅਤੇ ਇਹਨਾਂ ਬਾਰੇ ਬਹਿਸ ਅੱਗੇ ਤੁਰਨੀ ਚਾਹੀਦੀ ਹੈ।

ਪਿਛਲੇ ਦਿਨੀਂ ਦੇਸ ਰਾਜ ਕਾਲੀ ਦੇ ਨਾਵਲਾਂ 'ਪਰਨੇਸ਼ਵਰੀ' ਅਤੇ 'ਅੰਤਹੀਣ' ਉੱਤੇ ਮਾਨਸਾ ਅਤੇ ਚੰਡੀਗੜ੍ਹ ਵਿੱਚ ਗੋਸ਼ਟੀਆਂ ਹੋਈਆਂ। ਇਹ ਗੋਸ਼ਟੀਆਂ ਕਾਲੀ ਦੇ ਨਾਵਲਾਂ ਦੇ ਬਹਾਨੇ ਸਾਹਿਤ ਵਿੱਚ ਕਈ ਤਰ੍ਹਾਂ ਦੇ ਸਵਾਲ, ਮਸਲੇ ਲੈ ਕੇ ਆਈਆਂ। ਇਹਨਾਂ ਵਿੱਚ ਦਲਿਤ ਦਾ ਸਵਾਲ, ਦਲਿਤ ਅਤੇ ਗ਼ੈਰ ਦਲਿਤ ਵੱਲੋਂ ਰਚੇ ਦਲਿਤ ਸਾਹਿਤ ਦਾ ਮਸਲਾ, ਦਲਿਤ ਸ੍ਵੈ-ਜੀਵਨੀਆਂ 'ਚ ਤਰਸ ਦੀ ਭਾਵਨਾ, ਪੰਜਾਬੀ ਨਾਵਲ ਅਤੇ ਦਲਿਤ ਮਸਲੇ, ਮਹਾਂ ਸ਼ਕਤੀਆਂ ਦੇ ਅੰਤ ਅਤੇ ਇਨਕਲਾਬ ਦਾ ਮਸਲਾ ਅਤੇ ਪੰਜਾਬੀ ਨਾਵਲਕਾਰੀ, ਪੰਜਾਬੀ ਨਾਵਲ ਦਾ ਨਵਾਂ ਮੁਹਾਂਦਰਾ, ਗਲੋਬੇਲਾਈਜੇਸ਼ਨ, ਪੰਜਾਬ ਦੁਖਾਂਤ ਅਤੇ ਪੰਜਾਬੀ ਨਾਵਲ, ਸਮਕਾਲੀਨ ਸਮਾਜ ਅਤੇ ਪੰਜਾਬੀ ਨਾਵਲ 'ਚ ਖਾਮੋਸ਼ੀ, ਅਸ਼ਲੀਲ ਭਾਸ਼ਾ ਅਤੇ ਭਾਸ਼ਾ ਨਾਲ ਜੁੜੇ ਹੋਰ ਸਵਾਲ, ਕੀ ਸ਼ਬਦਕਾਰੀ-ਭਾਸ਼ਾਕਾਰੀ ਹੀ ਸਾਹਿਤ ਹੁੰਦਾ ਹੈ? ਕੀ ਪੰਜਾਬੀ ਨਾਵਲ ਅਜੇ ਤੱਕ ਉਹੀ ਲੀਕ ਪਿੱਟੀ ਜਾ ਰਿਹਾ ਹੈ? ਇਉਂ ਹੋਰ ਵੀ ਬਹੁਤ ਸਾਰੇ ਮਸਲੇ ਇਹਨਾਂ ਗੋਸ਼ਟੀਆਂ ਵਿੱਚ ਉੱਭਰ ਕੇ ਸਾਹਮਣੇ ਆਏ।

ਅਸੀਂ ਇਹਨਾਂ ਗੋਸ਼ਟੀਆਂ ਦੀ ਸਕਰਿਪਟ ਛਾਪ ਕੇ ਇਹਨਾਂ 'ਚ ਉੱਭਰੇ ਸਵਾਲਾਂ ਨੂੰ ਸਾਹਿਤ ਦੀ ਕਚਹਿਰੀ ਵਿੱਚ ਖੜੇ ਕਰਨੇ ਚਾਹੁੰਦੇ ਹਾਂ। ਇਹ ਬਹੁਤ ਅਹਿਮ ਸਵਾਲ ਹਨ। ਸਾਨੂੰ ਉਮੀਦ ਹੈ ਕਿ ਸਾਡੇ ਲੇਖਕ-ਪਾਠਕ-ਆਲੋਚਕ ਇਹਨਾਂ ਸਵਾਲਾਂ ਬਾਰੇ ਆਪ ਵੀ ਰਾਏ ਜ਼ਰੂਰ ਬਨਾਉਣਗੇ। ਸਾਡੀ ਇਹ ਕੋਸ਼ਿਸ਼ ਰਹੇਗੀ ਕਿ ਹੋਰ ਵੀ ਗੋਸ਼ਟੀਆਂ ਨੂੰ ਪ੍ਰਕਾਸ਼ਿਤ ਕਰੀਏ।

ਪਿਛਲੇ ਦਿਨੀਂ ਕੁਝ ਸੁਹਿਰਦ ਮਿੱਤਰਾਂ ਨੇ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿੱਚ ਮਨਿੰਦਰ ਕਾਂਗ ਦੀ ਕਹਾਣੀ 'ਕੁੱਤੀ ਵਿਹੜਾ' ਬਾਰੇ ਸੰਵਾਦ ਰਚਾਇਆ। ਪਰੰਤੂ ਅਫ਼ਸੋਸ ਕਿ ਉਹਨਾਂ ਇਸ ਸੰਵਾਦ ਨੂੰ ਰਿਕਾਰਡ ਨਹੀਂ ਕੀਤਾ। ਗੱਲ ਦੋ ਚਾਰ ਬੰਦਿਆਂ ਵਿਚ ਸੀਮਤ ਹੋ ਕੇ ਰਹਿ ਗਈ। ਸਾਨੂੰ ਅਜਿਹੇ ਵਕਤ ਨੂੰ ਵਿਚਾਰਾਂ ਨੂੰ ਸੰਭਾਲਣਾ ਚਾਹੀਦਾ ਹੈ। ਜਿਹੜੇ ਦੋਸਤ ਵੀ ਏਨੀ ਮਿਹਨਤ ਨਾਲ ਕਿਸੇ ਰਚਨਾ ਬਾਰੇ ਸੋਚਦੇ ਬੋਲਦੇ ਹਨ, ਉਹਨਾਂ ਦੇ ਵਿਚਾਰ ਪ੍ਰਿੰਟ ਰੂਪ 'ਚ ਸਾਡੇ ਸਾਹਮਣੇ ਜ਼ਰੂਰ ਆਉਣੇ ਚਾਹੀਦੇ ਹਨ। ਪਿਛਲੇ ਅੰਕ 'ਚ ਪਰਗਟ ਸਿੰਘ ਸਿੱਧੂ ਦੀ ਪੁਸਤਕ ਬਾਰੇ ਛਪੀ ਗੋਸ਼ਟੀ ਨੇ ਕਈ ਮਸਲੇ ਖੜੇ ਕੀਤੇ ਅਤੇ ਸਾਹਿਤਕ ਹਲਕਿਆਂ 'ਚ ਚਰਚਾ ਦਾ ਕੇਂਦਰ ਬਣੀ। ਇਸ ਗੋਸ਼ਟੀ ਵਿੱਚ ਪਹਿਲਾ ਪੇਪਰ ਡਾ. ਗੁਰਮੇਲ ਸਿੰਘ ਦਾ ਪੜ੍ਹਿਆ ਗਿਆ। ਜੋ 'ਹਾਸ਼ੀਆ' ਦੇ ਪ੍ਰਥਮ ਅੰਕ ਵਿੱਚ ਪ੍ਰਕਾਸ਼ਿਤ ਹੋਇਆ ਸੀ। ਸਫ਼ਿਆਂ ਦੀ ਕਮੀ ਕਾਰਨ ਅਸੀਂ ਉਸ ਲੇਖ ਨੂੰ ਪੁਨਰ ਪ੍ਰਕਾਸ਼ਿਤ ਕਰਨ ਤੋਂ ਗੁਰੇਜ਼ ਕਰ ਰਹੇ ਹਾਂ ! -ਭਗਵੰਤ ਰਸੂਲਪੁਰੀ)

**ਰਾਜਵਿੰਦਰ ਮੀਰ**-ਮੈਂ ਦੇਸ ਰਾਜ ਕਾਲੀ ਦੇ ਨਾਵਲ ਬਾਰੇ 'ਦੋ ਨੁਕਤਿਆਂ' ਤੇ ਗੱਲ ਕਰਾਂਗਾ। ਪਹਿਲਾ ਨੁਕਤਾ ਹੈ-ਨਾਵਲ ਦੀ ਭਾਸ਼ਾ। ਭਾਸ਼ਾ ਦੀ ਰਾਜਨੀਤੀ ਅਤੇ ਅੱਜ ਦੇ ਹਾਲਾਤ। ਦੂਜਾ ਨੁਕਤਾ ਉਹ ਵੀ ਇਸੇ ਨੁਕਤੇ ਨਾਲ ਜੁੜਿਆ ਹੋਇਆ ਹੈ, ਮੈਂ ਉਸਨੂੰ ਕੁਝ ਫਿਕਰਾਂ ਦੇ ਰੂਪ 'ਚ ਪੇਸ਼ ਕਰਾਂਗਾ। ਭਾਸ਼ਾ ਦੀ ਗੱਲ ਕਰਦਿਆਂ, ਜੇ ਅਸੀਂ ਮਾਰਕਸੀ ਪਰਿਪੇਖ 'ਚ ਵੇਖੀਏ ਤਾਂ ਇੱਕ ਸਵਾਲ ਉੱਠਦਾ ਕਿ ਭਾਸ਼ਾ ਦਾ ਆਪਣਾ ਕਲਾਸ ਕਰੈਕਟਰ ਹੁੰਦਾ ਹੈ? ਨਹੀਂ, ਭਾਸ਼ਾ ਦਾ ਕੋਈ ਕਲਾਸ ਕਰੈਕਟਰ ਨਹੀਂ ਹੁੰਦਾ। ਭਾਸ਼ਾ ਦੇ ਮੁਹਾਵਰੇ ਦਾ ਕਲਾਸ ਕਰੈਕਟਰ ਹੁੰਦਾ ਹੈ। ਭਾਸ਼ਾ ਦੇ ਮੁਹਾਵਰੇ ਦੇ ਜਮਾਤੀ ਚਰਿਤਰ ਨੂੰ ਰਚਨਾਕਾਰ ਪੇਸ਼ ਕਰੇ, ਇਹ ਕਦੇ ਜ਼ਰੂਰੀ ਨਹੀਂ ਹੁੰਦਾ। ਕਈ ਵਾਰ ਤਾਂ ਰਚਨਾਕਾਰ ਆਪਣੀ ਭਾਸ਼ਾ ਦੇ ਜਮਾਤੀ ਚਰਿਤਰ ਬਾਰੇ ਚੇਤਨ ਵੀ ਨਹੀਂ ਹੁੰਦਾ। ਉਸਨੂੰ ਸਮਾਜ ਦੇ ਅੰਤਰ-ਵਿਰੋਧਾਂ ਵਿਚੋਂ ਜਿਸ ਪ੍ਰਕਾਰ ਦਾ ਮੁਹਾਵਰਾ ਹੁੰਦਾ ਹੈ, ਦਿਖਾਈ ਦਿੰਦਾ ਹੈ, ਉਹੋ ਜਿਹਾ ਉਹ ਰਚਨਾ 'ਚ ਪੇਸ਼ ਕਰ ਰਿਹਾ ਹੁੰਦਾ। ਇਸੇ ਕਾਰਨ ਭਾਸ਼ਾ ਦਾ ਇਹ ਮੁਹਾਵਰਾ ਕਿਸ ਤਰ੍ਹਾਂ ਦਾ ਰਾਜਨੀਤਿਕ ਰੂਪ ਲਵੇਗਾ। ਇਸਦੀ ਸੰਭਾਵਨਾ ਨਿਕਟ ਭਵਿੱਖ 'ਚ ਪਈ ਹੁੰਦੀ ਹੈ। ਜਿਵੇਂ ਜਿਵੇਂ ਸਮਾਜ ਦੇ ਅੰਤਰ-ਵਿਰੋਧ ਤਿੱਖੇ ਹੁੰਦੇ ਜਾਂਦੇ ਨੇ। ਰਚਨਾਕਾਰ ਅਤੇ ਸਮਾਜ ਦੇ ਹੋਰ ਲੋਕਾਂ ਦੇ ਵੀ ਤਬਕੇ ਆਪਣੇ ਜਮਾਤੀ ਚਰਿਤਰ ਨੂੰ ਸਪਸ਼ਟ ਕਰਦੇ ਜਾਂਦੇ ਹਨ। ਜਾਂ ਫਿਰ ਇਸਦੀ ਸੰਭਾਵਨਾ ਉਦੋਂ ਹੁੰਦੀ ਹੈ, ਜਦੋਂ ਰਚਨਾਕਾਰ ਆਪਣੀ ਰਚਨਾ ਦੇ ਸੰਭਾਵੀ ਵਿਕਾਸ ਤੋਂ ਸੁਚੇਤ ਹੁੰਦਾ ਹੈ। ਉਹ ਸੁਚੇਤ ਕੋਸ਼ਿਸ਼ਾਂ ਨਾਲ ਉਸਨੂੰ ਭਵਿੱਖ ਵੱਲ ਸੇਧਿਤ ਕਰਨ ਦੀ ਕੋਸ਼ਿਸ਼ ਕਰ ਰਿਹਾ ਹੁੰਦਾ ਹੈ। ਜਿਵੇਂ ਅਸੀਂ ਕਾਲੀ ਦੇ ਇਸ ਨਾਵਲ 'ਪਰਨੇਸ਼ਵਰੀ' ਵਿੱਚ ਵੇਖਾਂਗੇ।

ਇੱਕ ਗੱਲ ਮੈਂ ਕਰਨਾ ਚਾਹੁੰਦਾ ਕਿ ਇਸ ਨਾਵਲ ਬਾਰੇ ਮੈਂ ਇਹ ਮੰਨ ਕੇ ਚੱਲ ਰਿਹਾਂ ਕਿ ਇਹ ਇੱਕ ਨਾਵਲ ਹੈ। ਇਸੇ ਕਰਕੇ ਇਸਦੀ ਸ਼ੈਲੀ, ਕਥਾਨਕ ਜਾਂ ਹੋਰ ਵਿਸਤਾਰ 'ਚ ਜਾਣ ਦੀ ਲੋੜ ਨਹੀਂ ਸਮਝਦਾ। ਦੂਜੀ ਗੱਲ, ਮੈਂ ਉਹ ਕੁਝ ਚੁੱਕਣ ਦੀ ਕੋਸ਼ਿਸ਼ ਕਰ ਰਿਹਾਂ ਕਿ ਜਿਹੜਾ ਕੁੱਝ ਨਾਵਲ ਵਿੱਚ ਨਹੀਂ ਹੈ ਤੇ ਜਿਹੜਾ ਕੁਝ ਇਸ ਨਾਵਲ ਦੇ ਆਉਣ ਦੇ ਨਾਲ ਜੋ ਚਰਚਾ ਛਿੜੀ ਹੈ, ਜਾਣੀ ਨਾਵਲ ਦੇ ਪੜ੍ਹੇ ਜਾਣ ਤੋਂ ਬਾਦ ਦੀ ਗੱਲ, ਮੈਂ ਉਹਨੂੰ ਫੜਨ ਦਾ, ਸਮਝਣ ਦਾ ਯਤਨ ਕਰ ਰਿਹਾ ਹਾਂ।

ਦੂਜਾ ਨੁਕਤਾ, ਭਾਸ਼ਾ ਨਾਲ, ਭੂ ਭਾਗ ਨਾਲ ਜੁੜਕੇ ਕੌਮ ਦਾ ਨੁਕਤਾ ਪੈਦਾ ਹੁੰਦਾ ਹੈ। ਫਿਰ ਕਿਵੇਂ ਉਹ ਕੌਮ ਆਪਣੀ ਭਾਸ਼ਾ ਨੂੰ ਵਰਤਦੀ ਹੈ ਅਤੇ ਲੜਾਈ 'ਚ ਆਪਣਾ ਹਥਿਆਰ ਕਿਵੇਂ ਬਣਾਉਂਦੀ ਹੈ, ਇਹ ਬਹੁਤ ਮਹੱਤਵਪੂਰਨ ਗੱਲ ਹੈ। ਇਹ ਉਹ ਨੁਕਤਾ ਹੈ, ਜਿਸਦੀ ਆਪਾਂ ਸ਼ੁਰੂ 'ਚ ਗੱਲ ਕੀਤੀ ਹੈ ਅਤੇ ਜਿਸ ਨਾਲ ਸਾਡੇ ਕੁਝ ਫਿਕਰ ਤੇ ਕੁਝ ਡਰ ਜੁੜੇ ਹੋਏ ਹਨ। ਭਾਸ਼ਾ ਦੇ ਚਿੰਤਨ ਬਾਰੇ ਗੱਲ ਕਰੀਏ ਕਿ ਕੌਮ ਕਿਵੇਂ ਡਿਵੈਲਪ ਹੁੰਦੀ ਹੈ, ਧਰਮ ਨਾਲ ਭਾਸ਼ਾ ਕਿਵੇਂ ਜੁੜਦੀ ਹੈ। ਮੈਂ ਚਾਹੁੰਦਾ ਹਾਂ ਕਿ ਇਹਨਾਂ ਮਸਲਿਆਂ ਬਾਰੇ ਗੱਲ ਹੋਵੇ। ਬਾਕੀ ਫੇਰ ਗੱਲ ਕਰਾਂਗਾ।

**ਡਾ. ਸਰਬਜੀਤ ਸਿੰਘ**- ਦੋਸਤੋ! ਦੋ ਵਿਦਵਾਨਾਂ ਨੇ ਦੇਸ ਰਾਜ ਕਾਲੀ ਦੇ ਨਾਵਲ 'ਪਰਨੇਸ਼ਵਰੀ' ਬਾਰੇ ਵਿਚਾਰ ਪੇਸ਼ ਕੀਤੇ ਹਨ। ਕਾਲੀ ਦਾ ਜੋ ਇਹ ਨਾਵਲ ਹੈ, ਇਹਦੇ ਨਾਲ ਹੀ ਸ਼ਾਇਦ ਕੁਝ ਦੋਸਤਾਂ ਨੂੰ ਪਤਾ ਹੋਵੇ ਕਿ ਕਾਲੀ ਦੇ ਹੋਰ ਨਾਵਲ 'ਅੰਤਹੀਣ' ਤੇ 'ਪ੍ਰਥਮ ਪੌਰਾਣ' ਜਲਦੀ ਛਪ ਕੇ ਸਾਹਮਣੇ ਆ ਰਹੇ ਨੇ। ਇਸ ਤੋਂ ਪਹਿਲਾਂ ਉਸਦੇ ਕਹਾਣੀ ਸੰਗ੍ਰਹਿ ਵੀ ਛਪਕੇ ਸਾਹਮਣੇ ਆ ਚੁੱਕੇ ਹਨ। ਮੇਰੇ ਲਈ ਮਸਲਾ ਇਹ ਨਾਵਲ ਅਲੱਗ ਹੋਣ ਦਾ ਹੈ, ਕੁਝ ਗੱਲਾਂ ਰਾਜਵਿੰਦਰ ਨੇ ਛੇੜੀਆਂ, ਉਹਨਾਂ ਬਾਰੇ ਵੀ ਗੱਲ ਕਰਾਂਗਾ। ਕਾਲੀ, ਸਾਡੀ ਪੰਜਾਬੀ ਦੀ ਫਿਕਸ਼ਨ ਦੀ ਜੋ ਪਰੰਪਰਾ ਹੈ, ਅਸਲ 'ਚ ਉਹਨੂੰ ਅਕਸੈਪਟ ਹੀ ਨਹੀਂ ਕਰਦਾ। ਚਾਹੇ ਉਹ ਕਹਾਣੀ ਲਿਖ ਰਿਹਾ, ਜਾਂ ਨਾਵਲ ਲਿਖ ਰਿਹਾ। ਤੁਸੀਂ ਇਸ ਨਾਵਲ ਦੀ ਫੌਰਮ ਉੱਤੇ ਗੱਲ ਕਰ ਸਕਦੇ ਹੋ, ਇਸ ਨਾਵਲ ਦੀ ਭਾਸ਼ਾ ਉੱਤੇ ਗੱਲ ਕਰ ਸਕਦੇ ਹੋ। ਇਸ ਨਾਵਲ 'ਚ ਪਾਤਰਾਂ ਦੇ ਸਿਰਜਣ 'ਤੇ ਗੱਲ ਕਰ ਸਕਦੇ ਹੋ। ਇਸ ਨਾਵਲ ਦੀ ਕਿਸੇ ਵੀ ਡਾਈਮੈਂਸ਼ਨ 'ਤੇ ਗੱਲ ਕਰ ਲਵੋ, ਤਾਂ ਕਾਲੀ ਅਸਲ 'ਚ ਪੰਜਾਬੀ ਫਿਕਸ਼ਨ ਨੂੰ ਚੈਲੇਂਜ ਦੇ ਰਿਹਾ। ਸਵਾਲ ਇਹ ਹੈ ਕਿ ਅਸੀਂ ਉਸ ਚੈਲੇਂਜ ਨੂੰ ਕਿਵੇਂ ਪਛਾਨਣਾ ਹੈ। ਦਲਿਤ ਦੇ ਮੁੱਦੇ ਤੋਂ ਪਛਾਨਣਾ, ਉਹਦੇ ਤੋਂ ਪਛਾਣ ਸਕਦੇ ਹੋ। ਭਾਸ਼ਾ ਦੇ ਮੁੱਦੇ ਤੋਂ ਪਛਾਨਣਾ, ਉਹਦੇ ਤੋਂ ਪਛਾਣ ਸਕਦੇ ਹੋ। ਐਟੀਚਿਊਟ ਦੇ ਮਸਲੇ ਤੋਂ ਪਛਾਨਣਾ, ਉਹ ਪਛਾਣ ਸਕਦੇ ਹੋ, ਜਾਂ ਕਿਸੇ ਵੀ ਗੱਲ ਤੋਂ ਵੇਖ ਸਕਦੇ ਹਾਂ। ਪਰ ਇਹ ਗੱਲ ਸਾਨੂੰ



ਮੰਨ ਲੈਣੀ ਚਾਹੀਦੀ ਹੈ ਕਿ ਕਾਲੀ ਦੀ ਜੋ ਫਿਕਸ਼ਨ ਹੈ, ਉਹ ਸਾਡੀ ਪੰਜਾਬੀ ਦੀ ਫਿਕਸ਼ਨ ਦੀ ਪਰੰਪਰਾ ਨੂੰ ਇੱਕ ਤਰ੍ਹਾਂ ਦੇ ਨਾਲ ਚੈਲੇਂਜ ਕਰ ਰਹੀ ਹੈ। ਉਹ ਕਦੇ ਭਾਸ਼ਾ ਦੀ ਪੱਧਰ ਤੇ ਕਦੇ ਕਿਸੇ ਹੋਰ ਪੱਧਰ 'ਤੇ ਕਰਦਾ ਹੈ। ਤੁਸੀਂ ਵੇਖਦੇ ਹੋਵੋਗੇ ਕਿ ਕਾਲੀ ਦੇ ਇਸ ਨਾਵਲ ਵਿੱਚ ਵੀ ਤੇ ਉਹਦੀਆਂ ਕਹਾਣੀਆਂ ਵਿੱਚ ਵੀ ਸਾਡਾ ਜੋ ਪਰੰਪਰਕ ਬਿਰਤਾਂਤ ਹੈ, ਜਿਸ ਬਿਰਤਾਂਤ ਨੂੰ ਪੜ੍ਹਨ ਦੇ ਅਸੀਂ ਆਦੀ ਹਾਂ, ਇਸ ਕਿਸਮ ਦਾ ਬਿਰਤਾਂਤ ਨਾ ਕਾਲੀ ਦੀ ਕਹਾਣੀ ਵਿੱਚ ਹੈ ਤੇ ਨਾ ਹੀ ਨਾਵਲ ਵਿੱਚ ਹੈ। ਤੁਸੀਂ ਨਾਵਲ ਪੜ੍ਹ ਲੈਂਦੇ ਹੋ, ਕਹਾਣੀ ਪੜ੍ਹ ਲੈਂਦੇ ਹੋ, ਕੇ ਕਾਲੀ ਦੀ ਫਿਕਸ਼ਨ ਪੜ੍ਹਨ ਦੇ ਬਾਦ, ਉਸਦੇ ਨਾਵਲ ਜਾਂ ਕਹਾਣੀ ਦਾ ਇਸ ਕਿਸਮ ਦਾ ਇਮੇਜ ਨਹੀਂ ਬਣਾ ਸਕਦੇ, ਜਿਸ ਕਿਸਮ ਦਾ ਰਾਮ ਸਰੂਪ ਅਣਖੀ ਦੇ ਨਾਵਲਾਂ ਨੂੰ ਪੜ੍ਹਨ ਤੋਂ ਬਾਦ ਬਣਾ ਸਕਦੇ ਹੋ। ਅਸਲ 'ਚ ਮੇਰੀ ਸਮਝ 'ਚ ਇਹ ਬਿਰਤਾਂਤ ਰਹਿਤ ਬਿਰਤਾਂਤ ਹੈ ਜੋ, ਜਿਹਨੂੰ ਮੈਂ ਇਹ ਕਹਿਨਾ ਕਿ ਇਹ ਪਰੰਪਰਕ ਬਿਰਤਾਂਤ ਨਹੀਂ ਹੈ, ਤੇ ਕਾਲੀ ਇੱਕ ਬਿਰਤਾਂਤ ਰਹਿਤ ਬਿਰਤਾਂਤ ਸਿਰਜ ਰਿਹਾ। ਕੀ ਇਹ ਪ੍ਰਯੋਗ ਕਰ ਰਿਹਾ? ਜਾਂ ਜਿਹੜਾ ਸਾਡਾ ਅੱਜ ਦਾ ਸਮਾਜ ਹੈ, ਜਿਸ ਵਿੱਚ ਅਸੀਂ ਰਹਿ ਰਹੇ ਹਾਂ, ਉਸ ਨਾਲ ਵੀ ਇਹਦਾ ਕੋਈ ਸੰਬੰਧ ਸੂਤਰ ਬਣਦਾ ਹੈ? ਜਾਂ ਨਹੀਂ ਬਣਦਾ? ਇਹਦੇ ਨਾਵਲਾਂ 'ਚ ਕੋਈ ਰੌਚਕਤਾ ਨਹੀਂ ਹੈ, ਕੋਈ ਦਿਲਚਸਪੀ ਨਹੀਂ ਹੈ, ਪਾਤਰਾਂ 'ਚ ਹੋ ਸਕਦੀ ਹੈ, ਉਹਨਾਂ ਦੀਆਂ ਕਈ ਗੱਲਾਂ 'ਚ ਹੋ ਸਕਦੀ ਹੈ। ਪਰ ਇਸਦੇ ਸਮੁੱਚੇ ਬਿਰਤਾਂਤ 'ਚ ਕੋਈ ਰੌਚਿਕਤਾ ਕੋਈ ਦਿਲਚਸਪੀ, ਕੋਈ ਐਸੀ ਗੱਲ ਬੰਨ੍ਹ ਕੇ ਬਿਠਾਉਣ ਵਾਲੀ ਨਹੀਂ ਹੈ, ਜਿਸ ਕਿਸਮ ਦੀ ਕਦੇ ਨਾਨਕ ਸਿੰਘ ਦੇ ਨਾਵਲਾਂ 'ਚ ਹੁੰਦੀ ਸੀ ਜਾਂ ਈਵਨ ਦੈਨ ਹੁਣ ਤੱਕ ਰਾਮ ਸਰੂਪ ਅਣਖੀ ਦੇ ਸਾਰੇ ਨਾਵਲਾਂ 'ਚ ਹੈ।

ਉਂਝ ਮੈਨੂੰ ਇਹ ਗੱਲ ਲੱਗਦੀ ਹੈ ਕਿ ਗੁਰਦਿਆਲ ਸਿੰਘ ਤੋਂ ਬਾਦ ਪੰਜਾਬੀ ਨਾਵਲ ਵਿੱਚ ਜੇ ਕਿਸੇ ਨੇ ਰੈਪਚਰ ਕਰੀਏਟ ਕੀਤੀ ਹੈ, ਉਹ ਦੇਸ ਰਾਜ ਕਾਲੀ ਹੈ। ਇਹ ਕੋਈ ਫਤਵਾ ਨਹੀਂ ਹੈ, ਇਹ ਮੈਂ ਬਿਲਕੁਲ ਲੌਜਿਕ ਦੇ ਅਧਾਰ 'ਤੇ ਗੱਲ ਕਰ ਰਿਹਾਂ। ਇਹਦੇ 'ਤੇ ਆਪਾਂ ਬਹਿਸ ਕਰ ਸਕਦੇ ਹਾਂ। ਤੁਸੀਂ ਵੇਖੋਗੇ ਕਿ ਕਾਲੀ ਹੈ ਜੋ, ਉਹ ਕਰੈਕਟਰਾਂ ਦੀ ਉਸਾਰੀ ਇਸ ਢੰਗ ਨਾਲ ਕਰਦਾ ਕਿ ਘਟਨਾਵਾਂ ਨੂੰ ਪਿੱਛੇ ਛੱਡ ਦਿੰਦਾ ਹੈ। ਉਹ ਕਰੈਕਟਰਾਂ ਰਾਹੀਂ ਗੱਲ ਕਰਨੀ ਚਾਹੁੰਦਾ। ਤੁਸੀਂ ਵੇਖੋਗੇ ਇਹਦੇ ਕਰੈਕਟਰ ਬਹੁਤ ਸਾਰੇ ਅਜੀਬੋ-ਗ਼ਰੀਬ ਕਿਸਮ ਦੇ ਹਨ। ਇਹਦਾ ਨਵਾਂ ਨਾਵਲ ਜੋ 'ਅੰਤਹੀਣ' ਛਪ ਰਿਹਾ, ਕਾਲੀ ਕਹਿੰਦਾ ਉਹਦੇ ਬਾਰੇ ਕੁਝ ਲਿਖੋ। ਮੈਂ ਉਸ ਨਾਵਲ ਨੂੰ ਅੱਠ-ਨੌਂ ਵਾਰ ਪੜ੍ਹਿਆ। ਨਿੱਤ ਇਹੀ ਕੰਮ ਕਰਦੇ ਆਂ ਵੀਹ-ਪੱਚੀ ਸਾਲ ਤੋਂ। ਪਰ ਮੈਂ ਉਸਨੂੰ ਸਮੁੱਚੇ ਰੂਪ 'ਚ ਕਿਸੇ ਫਾਰਮੂਲੇਸ਼ਨ 'ਚ ਬੰਨ੍ਹ ਕੇ ਪੇਸ਼ ਕਰਾਂ, ਮੈਨੂੰ ਅਜੇ ਤੱਕ ਔਕੜ ਆ ਰਹੀ ਹੈ। ਨਾਵਲ ਗਲਭਗ ਛਪਣ ਵਾਲੀ ਸਥਿਤੀ 'ਚ ਹੈ। ਮੈਨੂੰ ਲੱਗਿਆ ਕਿ ਕਾਲੀ ਅਸਲ 'ਚ ਸਹਿਜ ਪਾਤਰਾਂ 'ਚੋਂ ਵੀ ਉਹਨਾਂ ਦੀ ਜੋ ਅਸਧਾਰਨਤਾ ਹੈ, ਉਹ ਫੜਦਾ ਹੈ। ਚਾਹੇ ਤਕਨੀਕ ਉਸਦੀ ਕੋਈ ਵੀ ਹੋ ਸਕਦੀ ਹੈ। ਚਾਹੇ ਇਸੇ 'ਪਰਨੇਸ਼ਵਰੀ' ਦਾ ਪਾਤਰ ਨੰਜੂ ਹੈ। ਚਾਹ ਉਹਦੇ ਕੋਲ ਪਈ ਹੈ। ਚਾਹ ਠੰਢੀ ਹੋ ਚੁੱਕੀ ਹੈ। ਲੇਕਿਨ ਉਹਦੇ ਦਿਮਾ.ਗ 'ਚ ਕਿੰਨਾ ਕੁਝ ਚੱਲੀ ਜਾ ਰਿਹਾ। ਘੜਮੱਸ ਹੈ। ਕਦੇ ਉਹਨੂੰ ਮਾਂ ਯਾਦ ਆਉਂਦੀ ਹੈ। ਚਾਹੇ ਉਹ ਘਟਨਾਵਾਂ ਨੇ ਜਿੱਥੇ ਬਜ਼ੁਰਗ ਔਰਤ ਦੀ ਪਠਾਣ ਸਹੇਲੀ ਦਾ ਕਤਲ਼ ਹੈ ਤੇ ਉਹ ਉਪਰਾਮ ਹੋ ਜਾਂਦੀ ਹੈ। ਮਤਲਬ ਇਹ ਅਸਧਾਰਨ ਕਿਸਮ ਦੀਆਂ ਗੱਲਾਂ ਨੇ। ਇਹ ਸਹਿਜ ਗੱਲਾਂ ਨਹੀਂ ਹਨ।

ਦੂਜੀ ਗੱਲ, ਜਿਹੜੀ ਰਾਜਵਿੰਦਰ ਨੇ ਭਾਸ਼ਾ ਦੀ ਗੱਲ ਕੀਤੀ ਸੀ, ਸਮਾਜੀ ਇਨਕਲਾਬਾਂ ਦੇ ਦੌਰ ਦੇ ਖ਼ਤਮ ਹੋਣ ਦੀ ਗੱਲ ਕੀਤੀ ਸੀ। ਮੈਂ ਇਸ ਗੱਲ ਨਾਲ ਸਹਿਮਤ ਨਹੀਂ ਹਾਂ। ਮੈਂ ਇਸ ਕਰਕੇ ਸਹਿਮਤ ਨਹੀਂ ਹਾਂ ਕਿ ਸਰਮਾਏਦਾਰੀ ਦੇ ਦੌਰ ਦੇ ਆਉਣ 'ਤੇ ਸਰਮਾਏਦਾਰੀ ਵੀ ਕਈ ਵਾਰ ਫਿਊਡਲਿਜ਼ਮ ਤੋਂ ਹਾਰੀ ਹੈ। ਇਸ ਕਰਕੇ ਇਨਕਲਾਬੀ ਸਮਾਜਵਾਦੀ ਜੋ ਟੁੱਟੇ ਹਨ। ਇਹਦਾ ਮਤਲਬ ਇਹ ਨਹੀਂ ਕਿ ਉਹ ਦੌਰ ਖ਼ਤਮ ਹੋ ਗਏ। ਭਵਿੱਖ ਵਿੱਚ ਮੈਨੂੰ ਲਗਦਾ ਕਿ, ਜਿਵੇਂ ਮਾਰਕਸ ਦਾ ਇੱਕ ਆਰਟੀਕਲ ਹੈ। 'ਓਪਨ ਟਰੇਡ' ਉੱਤੇ, ਉਹ ਖੁੱਲ੍ਹ ਕੇ ਕਹਿੰਦਾ, ਬੈਰੀਅਰ ਦੇ ਟੁੱਟ ਜਾਣ ਦੀਆਂ ਗੱਲਾਂ, ਗਲੋਬੇਲਾਈਜੇਸ਼ਨ ਦੀਆਂ ਗੱਲਾਂ ਜੋ ਅੱਜ ਅਸੀਂ ਕਰਦੇ ਹਾਂ, ਮਾਰਕਸ ਨੇ ਉਸ ਦੌਰ 'ਚ ਕੀਤੀਆਂ ਹੋਈਆਂ ਹਨ। ਉਹ ਕਹਿੰਦਾ ਕਿ ਇਹ ਹੋਣਾ ਹੀ ਹੈ ਸਾਰਾ ਕੁਝ। ਪਰ ਮੈਂ ਇਹਨਾਂ ਦੇ ਹੱਕ 'ਚ ਇਸ ਲਈ ਖੜ੍ਹਦਾਂ ਕਿ ਜੇ ਇਹ ਨਹੀਂ ਹੋਊਗਾ ਤਾਂ ਸਮਾਜ ਵਿੱਚ ਤਬਦੀਲੀਆਂ ਨਹੀਂ ਵਾਪਰਨੀਆਂ। ਸਮਾਜ ਵਿੱਚ ਇਨਕਲਾਬ ਦਾ ਉਹ ਢਾਂਚਾ ਨਹੀਂ ਬਣਨਾ ਹੈ। ਲਤੀਨੀ ਅਮਰੀਕਾ 'ਚ ਹੋਈਆਂ

ਨੇ ਗੱਲਾਂ, ਨੇਪਾਲ ਅੰਦਰ ਹੋਈਆਂ ਨੇ। ਇਹ ਠੀਕ ਹੈ, ਕਿ ਉਹ ਸਰਮਾਏਦਾਰੀ ਨੂੰ ਇੱਕ ਤਰ੍ਹਾਂ ਦਾ ਜਵਾਬ ਤਾਂ ਹੈ, ਲੈਕਿਨ ਅਸੀਂ ਉਹਨਾਂ ਨੂੰ ਸਮਾਜਵਾਦੀ ਮੁਲਕ ਨਹੀਂ ਆਖ ਸਕਦੇ। ਲਤੀਨੀ ਅਮਰੀਕਾ ਦੇ ਕਿਸੇ ਮੁਲਕ ਨੂੰ ਲੈ ਕੇ ਉਹਦੇ ਤੇ ਬਹਿਸ ਕਰ ਸਕਦੇ ਹਾਂ। ਨੇਪਾਲ ਅੰਦਰ ਇਹ ਗੱਲ ਵਾਪਰੀ ਹੈ। ਇਹ ਉਹਨਾਂ ਥਾਵਾਂ 'ਤੇ ਵਾਪਰ ਰਹੀ ਹੈ, ਜਿਹਨਾਂ ਮੁਲਕਾਂ 'ਚ ਰਾਜਾਸ਼ਾਹੀ ਜਾਂ ਫਿਊਡਲਿਜ਼ਮ ਵਰਗੀਆਂ ਗੱਲਾਂ ਪਈਆਂ ਨੇ, ਉੱਥੇ ਵਾਪਰੀਆਂ ਨੇ। ਲੇਕਿਨ ਜਿਹੜੇ ਸਰਮਾਏਦਾਰੀ ਤੋਂ ਬਾਦ ਵਾਲੇ ਇਨਕਲਾਬ ਵਾਪਰਦੇ ਹਨ, ਉਹੋ ਉਹਨਾਂ ਦਾ ਮੂੰਹ ਮੱਥਾ ਸੋਵੀਅਤ ਯੂਨੀਅਨ ਵਰਗਾ ਨਹੀਂ ਹੋਵੇਗਾ। ਜੇ ਚੀਨ 'ਚ ਸਰਵਾਈਵ ਕੀਤਾ ਜਾ ਰਿਹਾ, ਤਾਂ ਇਸ ਕਰਕੇ ਸਰਵਾਈਵ ਕੀਤਾ ਜਾ ਰਿਹਾ, ਕਿਉਂਕਿ ਚੀਨ ਦੀ ਜਿਹੜੀ ਕਮਿਊਨਿਸਟ ਪਾਰਟੀ ਹੈ, ਉਸਨੇ ਆਪਣੇ ਸਮਾਜਵਾਦ ਦਾ ਜੋ ਪੈਟਰਨ ਹੈ, ਉਸਨੂੰ ਉਹਨੇ ਆਪਣੇ ਢੰਗ ਨਾਲ ਢਾਲ੍ਹ ਲਿਆ ਹੈ। ਜੇ ਉਹ ਵੀ ਨਾ ਢਾਲਦਾ, ਸੋਵੀਅਤ ਯੂਨੀਅਨ ਵਾਂਗ ਕਲੈਪਸ ਕਰ ਸਕਦਾ ਸੀ। ਉਹ ਥੋੜ੍ਹਾ ਲੰਬਾ ਸਮਾਂ ਚੱਲ ਸਕਦਾ ਕਿਉਂਕਿ ਉਹਦੇ ਪਿੱਛੇ ਮੌਜ਼ੇ ਤੁੰਗ ਦੀ ਕਲਚਰਲ ਰੇਵੋਲਿਊਸ਼ਨ ਦੀ ਗੱਲ ਵੀ ਪਈ ਹੈ, ਇਹ ਵੀ ਪਿਆ ਹੈ ਕਿ ਉਹਨਾਂ ਮੌਜੂਦਾ ਸਮੇਂ 'ਚ ਆਪਣੇ ਸਮਾਜਵਾਦ ਨੂੰ ਉਦਾਰਵਾਦੀ ਨੀਤੀਆਂ 'ਤੇ ਕਿਵੇਂ ਢਾਲਿਆ, ਇਹ ਵੀ ਕਾਰਨ ਪਏ ਨੇ।

ਇਹ ਗੱਲਾਂ ਤਾਂ ਕਰ ਰਿਹਾਂ ਕਿਉਂਕਿ ਭਵਿੱਖ ਜੋ ਹੈ ਉਹ ਬਹੁਤ ਖਤਰਨਾਕ ਕਿਸਮ ਦਾ ਹੈ। ਇਹ ਠੀਕ ਹੈ ਕਿ ਸਾਡੇ ਸਮਾਜ 'ਚ ਉਹੋ ਜਿਹੀ ਇਨਕਲਾਬੀ ਲਹਿਰ ਨਜ਼ਰ ਨਹੀਂ ਆ ਰਹੀ, ਜੋ ਸੱਠਵਿਆਂ, ਸੱਤਰਵਿਆਂ 'ਚ ਹੁੰਦੀ ਸੀ। ਪਰ ਜੇ ਹਿੰਦੋਸਤਾਨ ਅੰਦਰ ਲਹਿਰ ਨਹੀਂ ਹੈ, ਤਾਂ ਇਹਦਾ ਮਤਲਬ ਇਹ ਨਹੀਂ ਹੈ ਕਿ ਜੋ ਸਮਾਜਵਾਦੀ ਸੁਪਨਾ ਹੈ, ਉਹ ਕਿਤੇ ਮਰ ਜਾਵੇਗਾ। ਇਹ ਗੱਲ ਠੀਕ ਹੈ ਕਿ ਸਰਮਾਏਦਾਰੀ ਨੇ ਦੁਨੀਆਂ ਦੀ ਪੱਧਰ ਤੇ ਉਹ ਗੱਲ ਬਣਾ ਦਿੱਤੀ ਹੈ ਕਿ ਸਰਮਾਏਦਾਰੀ ਤੋਂ ਬਿਨਾਂ ਮਨੁੱਖ ਦੇ ਜ਼ਿੰਦਗੀ ਜਿਊਣ ਦਾ ਦੂਸਰਾ ਰਸਤਾ ਹੀ ਕੋਈ ਨਹੀਂ ਹੈ। ਇਸ ਕਿਸਮ ਦੀ ਮਿੱਥ ਕਰੀਏਟ ਕਰ ਦਿੱਤੀ ਗਈ ਹੈ। ਪਰ ਇਹ ਮਿੱਥ ਬਹੁਤੀ ਦੇਰ ਰਹੇਗੀ ਨਹੀਂ।

ਇਸ ਕਿਸਮ ਦੀ ਸਥਿਤੀ ਦੇ ਵਿੱਚ ਕਾਲੀ ਦਾ ਬਿਰਤਾਂਤ ਜਦੋਂ ਮੈਂ ਪੜ੍ਹਦਾ, ਇਹਦਾ ਨਾਵਲ ਜਾਂ ਕਹਾਣੀ ਪੜ੍ਹਦਾਂ, ਮੈਨੂੰ ਲਗਦਾ ਕਿ ਇਸ ਕਿਸਮ ਦੀ ਟੁੱਟ ਭੱਜ ਵਿੱਚ, ਸਿੱਧੀ ਰੇਖਾ ਵਾਲਾ ਜਾਂ ਰੌਚਕ ਬਿਰਤਾਂਤ ਪੈਦਾ ਹੀ ਨਹੀਂ ਹੋ ਸਕਦਾ। ਇਹ ਟੋਟਿਆਂ ਵਾਲਾ ਹੋਏਗਾ। ਕਾਲੀ ਦੀ ਫਿਕਸ਼ਨ ਵਿੱਚ ਘਟਨਾਵਾਂ ਨਹੀਂ ਘਟਦੀਆਂ ਬਹੁਤੀਆਂ। ਇਹਦਾ ਇੱਕ ਸੈਂਨਟੈਂਸ ਹੀ ਆਪਣੇ ਆਪ 'ਚ ਘਟਨਾ। ਤੁਸੀਂ ਵੇਖੋਗੇ ਕਿ ਇਹਦੀ ਜੋ ਸ਼ੈਲੀ ਹੈ, ਉਹਦੇ 'ਚ ਭਾਸ਼ਾ ਉਪਰ ਇਹਦਾ ਕਿੰਨਾ ਕੰਟਰੋਲ ਹੈ। ਇਹ ਇਕੋ ਸੈਂਨਟੈਂਸ 'ਚ ਹੀ ਜਿਹੜੀ ਅੱਠ-ਦਸ ਸਫ਼ਿਆਂ 'ਚ ਘਟਨਾ ਫੈਲਾਈ ਜਾ ਸਕਦੀ ਹੈ, ਉਹਨੂੰ ਇੱਕ ਸੈਂਨਟੈਂਸ 'ਚ ਨਿਬੇੜ ਦਿੰਦਾ ਹੈ।

ਬਾਕੀ ਗੱਲਾਂ ਹੋਰ ਵੀ ਨੇ। ਵਿੱਚ-ਵਿਚਾਲੇ ਵੀ ਮੈਂ ਆਪਣੀਆਂ ਗੱਲਾਂ ਕਰਾਂਗਾ। ਕਈ ਸਿਧਾਂਤਕ ਮਸਲੇ ਵੀ ਹਨ, ਉਹ ਫਿਰ ਕਿਤੇ ਮੁੱਦਾ ਬਣਾਵਾਂਗੇ। ਇੱਕ ਸੰਕੇਤ ਇਹ ਹੈ ਕਿ ਕਾਲੀ ਜੋ ਨਾਵਲ ਲਿਖ ਰਿਹਾ, ਉਹ ਪੰਜਾਬ ਦੇ ਕਚਲਰਲ ਇਤਿਹਾਸ ਨੂੰ ਆਈਡੈਂਟੀਫਾਈ ਕਰ ਰਿਹਾ। ਉਹ ਕਿਸ ਕਿਸਮ ਦਾ ਹੈ, ਉਹਦੀ ਆਈਡੀਆਲੋਜੀਕਲ ਪਛਾਣ ਕੀਤੀ ਜਾ ਸਕਦੀ ਹੈ ਕਿ ਉਹ ਕਿਸ ਕਿਸਮ ਦਾ ਹੈ, ਪਰੰਤੂ ਉਸਨੂੰ ਨਜ਼ਰ-ਅੰਦਾਜ਼ ਨਹੀਂ ਕੀਤਾ ਜਾ ਸਕਦਾ।

**ਡਾ. ਵੈਰਾਗੀ**-ਸਾਥੀਓ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਨਾਵਲ ਦਾ ਜੋ ਆਰੰਭ ਹੈ, ਜੋ ਸ਼ੈਲੀ ਹੈ, ਉਹ ਭੁਲੇਖਾ ਪਾਉਂਦਾ ਹੈ ਕਿ ਜਿਵੇਂ ਸ਼ਾਇਦ ਗੁਰਦਿਆਲ ਸਿੰਘ ਲਿਖ ਰਿਹਾ ਹੈ। ਮੈਨੂੰ ਇੰਝ ਲੱਗਿਆ ਹੈ। ਹਾਂ, ਜਿੱਥੋਂ ਤੱਕ ਪੰਜਾਬ ਦੇ ਸੱਭਿਆਚਾਰਕ ਇਤਿਹਾਸ ਦਾ ਜੋ ਮਸਲਾ ਉੱਠਿਆ ਹੈ, ਕਿ ਇਹਦੇ ਵਿੱਚ ਮਿੱਥ ਬਹੁਤ ਹੈ। ਹੋ ਸਕਦਾ ਕੁਝ ਇਤਿਹਾਸ ਵੀ ਹੋਵੇ, ਕੀ ਸਾਰੀਆਂ ਦੀਆਂ ਸਾਰੀਆਂ ਮਿੱਥਾਂ ਨੂੰ ਪੰਜਾਬ ਦਾ ਹੀ ਸਭਿਆਚਾਰ ਮੰਨ ਲਈਏ? ਇਹ ਸੱਭ ਤੋਂ ਵੱਡਾ ਸਵਾਲ ਹੈ। ਚਾਹੇ ਨਾਥਾਂ ਦੀ ਗੱਲ ਹੈ, ਜਾਂ ਬਾਦ 'ਚ ਸਾਡੇ ਕੋਲ ਸੂਫੀ ਮੱਤ ਹੈ, ਤੀਜਾ ਬੁੱਧ ਧਰਮ ਹੈ, ਜਲੰਧਰ ਨੂੰ ਅਧਾਰ ਬਣਾਉਣਾ, ਇਸ ਬਾਰੇ ਸਵਾਲ ਨੇ ਕਿ ਦਲਿਤਾਂ ਦਾ ਜੋ ਸੱਭਿਆਚਾਰ ਹੈ, ਉਹ ਮੁੱਖ ਤੌਰ 'ਤੇ ਸੂਫੀਆਂ ਦਾ ਹੈ, ਨਾਥਾਂ ਦਾ ਹੈ, ਜਾਂ ਬੁੱਧ ਦਾ ਹੈ। ਜਾਂ ਇਸ ਤੋਂ ਵੱਖਰਾ ਵੀ ਹੈ ਇਹਨਾਂ ਦਾ ਕੁਝ ਗੁੱਗੇ ਪੀਰ ਨੂੰ ਮੰਨਣਾ, ਲਾਲ ਪੀਰ ਨੂੰ ਮੰਨਣਾ, ਇਹਨਾਂ 'ਚ ਵੱਖਰਾਪਣ ਹੈ। ਇੱਥੇ ਇਹ ਵੀ ਹੈ ਪੰਜਾਬ ਦੇ



ਆਦਿ ਧਰਮੀ ਤੇ ਵਾਲਮੀਕੀ ਭਾਈਚਾਰੇ ਦੇ ਸੱਭਿਆਚਾਰ 'ਚ ਵੀ ਫਰਕ ਰਿਹਾ ਹੈ। ਦੁਆਬੇ 'ਚ ਆਦਿ ਧਰਮੀ ਜ਼ਿਆਦਾ ਰਹੇ ਤੇ ਰਾਜਨੀਤੀ 'ਚ ਵੀ ਭਾਰੂ ਰਹੇ ਹਨ। ਸੰਨ 1925 'ਚ ਮੰਗੂ ਰਾਮ ਨੇ ਐਜੀਟੇਸ਼ਨ ਲੜੀ, ਨਾਵਲ 'ਚ ਵੀ ਸੰਕੇਤ ਹਨ। ਪਰ ਜੋ ਮੰਗੂ ਰਾਮ ਨੇ ਐਜੀਟੇਸ਼ਨ ਲੜੀ, ਲੋਥੀਅਨ ਕਮੇਟੀ ਦੇ ਸਾਹਮਣੇ ਰਿਪੋਰਟ ਪੇਸ਼ ਕੀਤੀ, ਫਿਰ ਰਿਜਰਵੇਸ਼ਨ ਤੋੜੀ, ਵਾਲਮੀਕੀ ਭਾਈਚਾਰੇ 'ਚ ਇਹ ਰੋਸ ਰਿਹਾ ਕਿ ਜਲੰਧਰ ਤੇ ਲਾਹੌਰ ਸੀਟ ਮੰਗੂ ਰਾਮ ਦੇ ਕਹਿਣ 'ਤੇ ਰਿਜ਼ਰਵੇਸ਼ਨ ਤੋੜੀ। ਦੁਆਬੇ 'ਚ ਦੋਵਾਂ ਦਾ ਸੱਭਿਆਚਾਰ ਵੱਖਰਾ ਹੈ।

ਇਥੇ ਇੱਕ ਗੱਲ ਹੋਰ ਹੈ ਕਿ ਦੁਆਬੇ ਦਾ ਆਦਿ ਧਰਮੀ ਵਾਲਮੀਕ ਨਾਲੋਂ ਅੱਗੇ ਹੈ। ਆਰਥਿਕ ਤੌਰ 'ਤੇ ਵੀ। ਸ਼ਾਇਦ ਇਹਨਾਂ ਦਾ ਆਪਸੀ ਮਸਲਾ ਵੀ ਹੋਵੇ। ਪੰਜਾਬ 'ਚ ਵਾਲਮੀਕ ਭਾਈਚਾਰਾ ਮਜ਼ਬੀ ਸਿੱਖ ਕਿਉਂ ਬਣਦਾ ਹੈ? ਇਉਂ ਪੰਜਾਬ ਦੇ ਕਲਚਰ , ਖਾਸ ਕਰਕੇ ਦਲਿਤਾਂ ਦੇ ਕਲਚਰ ਨੂੰ ਸਮਝਣ ਦੀ ਬਹੁਤ ਲੋੜ ਹੈ। ਇਸਦੇ ਨਾਲ ਹੀ ਮੇਰਾ ਸਵਾਲ ਹੈ ਕਿ ਅਸੀਂ ਕਿਉਂ ਇਹ ਮੰਨ ਲਈਏ ਕਿ ਸਿੱਖ ਮੱਤ ਸਿਰਫ ਸਿੱਖਾਂ ਦਾ ਹੀ ਹੈ। ਇਹ ਤਾਂ ਸਾਰੇ ਪੰਜਾਬ ਦਾ ਮੱਤ ਹੈ।

ਇਸ ਨਾਵਲ 'ਚ ਕੁਝ ਹੋਰ ਗੱਲ ਮੈਂ ਪਾਤਰਾਂ ਬਾਰੇ ਕਰਨੀ ਚਾਹੁੰਦਾ ਹਾਂ। ਨੰਜੂ, ਆਪਣੇ ਭਾਈਚਾਰੇ 'ਚ ਬਿਲਕੁਲ ਵੱਖਰੀ ਕਿਸਮ ਦਾ ਸੁਚੇਤ ਪਾਤਰ ਹੈ। ਹਰੇਕ ਥਾਂ 'ਤੇ ਜਿੱਥੇ ਲੋੜ ਪੈਂਦੀ ਹੈ, ਉਹ ਬਹੁੜਦਾ ਹੈ। ਪੁੱਤ ਪੈਦਾ ਕੀਤਾ, ਉਹ ਵੀ ਸੁਚੇਤ ਹੈ। ਪਰ ਜਾਂਦਾ ਕਿੱਥੇ ਹੈ, ਸੰਤ ਲਹੁਕੇ ਕੋਲ, ਬ੍ਰਹਮ ਦਾਸ ਦੀ ਸ਼ਰਨ ਜਾਂਦੇ ਹਨ। ਇਹਨਾਂ ਸੰਤਾਂ ਦੇ ਚਰਨਾਂ 'ਚ ਜਾਣਾ, ਉਸ ਪਾਵਰ ਵਲੋਂ ਜੋ ਕਹਿੰਦਾ ਰਾਜਨੀਤੀ ਨਹੀਂ ਜੜ੍ਹ ਜਾਨਣੀ ਜ਼ਰੂਰੀ ਹੈ, ਉਸਦਾ ਕੀ ਉਦੇਸ਼ ਹੈ। ਰਾਜਨੀਤੀ ਜ਼ਰੂਰੀ ਹੈ ਕਿ ਮਿੱਥ ਉਭਾਰਨਾ? ਨੰਜੂ ਵਰਗੇ ਜਾਗਰੂਕ ਬੰਦੇ ਨੂੰ ਵੀ, ਪਾੜ੍ਹੇ ਨੂੰ ਵੀ, ਲਾਲ ਕੱਪੜਿਆਂ ਵਾਲੇ ਵੱਲੋਂ ਧੱਕੇ ਵੱਜਣੇ ਵੀ ਸਵਾਲੀਆਂ ਨਿਸ਼ਾਨ ਹਨ। ਇਹੋ ਜਿਹੇ ਸੁਚੇਤ ਬੰਦਿਆਂ ਨੂੰ ਧੱਕੇ ਵੱਜਣੇ, ਇਹੋ ਜਿਹੇ ਚੇਤਨ ਲੋਕਾਂ ਨੂੰ ਧੱਕੇ ਵੱਜਣੇ ਤੇ ਡੇਰਿਆਂ 'ਤੇ ਜਾਣਾ ਵੀ ਸਵਾਲ ਹੇਠਾਂ ਆਉਂਦੇ ਹਨ!

ਇਸ ਨਾਵਲ ਦੀ ਇਹ ਪ੍ਰਾਪਤੀ ਹੈ ਕਿ ਜਦੋਂ ਤੱਕ ਧਾਰਮਿਕ ਤੇ ਸੱਭਿਆਚਾਰਕ ਤੌਰ 'ਤੇ ਲੋਕਾਂ ਨੂੰ ਸੁਚੇਤ ਨਹੀਂ ਕੀਤਾ ਜਾਂਦਾ, ਉਦੋਂ ਤੱਕ ਰਾਜਨੀਤਿਕ ਲੜਾਈ ਵੀ ਨਹੀਂ ਲੜੀ ਜਾ ਸਕਦੀ। ਵੈਸੇ ਇਸ ਨਾਵਲ ਦੇ ਸੰਤ ਵੀ ਬਹੁਤ ਸੁਚੇਤ ਹਨ। ਇੱਕ ਦੂਜਾ ਪੱਖ ਇਸ ਨਾਵਲ 'ਚ ਕਾਮਰੇਡਾਂ ਵਾਲਾ ਵੀ ਹੈ ਕਿ ਜਿਹੜੇ ਕਾਮਰੇਡ ਪਰੋਲੇਤਾਰੀ ਨੂੰ ਅਜੇ ਤੱਕ ਨਾਲ ਨਹੀਂ ਜੋੜ ਸਕੇ, ਇਸ ਘਾਟ ਬਾਰੇ ਵੀ ਵਿਸ਼ਲੇਸ਼ਣ ਕਰਨ ਦੀ ਲੋੜ ਹੈ। ਅਖੀਰ 'ਚ ਮੈਂ ਕਹਿਣਾ ਚਾਹੁੰਦਾ ਕਿ ਭਾਰਤ 'ਚ ਜਾਤੀ ਤੇ ਜਮਾਤੀ ਸੰਘਰਸ਼ ਦੀ ਲੋੜ ਹੈ।

**ਗੁਰਪ੍ਰੀਤ**-ਇਸ ਗੋਸ਼ਟੀ ਦੀ ਵੱਖਰਤਾ ਜੋ ਹੈ, ਉਹ ਇਹ ਹੈ ਕਿ ਅਸੀਂ ਮਾਲਵੇ ਵਾਲੇ ਹਾਂ ਤੇ ਮਲਵਈ ਕਲਚਰ 'ਚ ਹਾਂ। ਸਾਡੇ ਡੇਰੇ, ਸਾਡੇ ਸਾਧ ਬਿਲਕੁਲ ਵੱਖਰੇ ਹਨ। ਇਸ ਕਰਕੇ ਬਹੁਤ ਸਾਰੀਆਂ ਗੱਲਾਂ ਕਰਾਂਗੇ ਕਿ ਕਿਵੇਂ ਜੋ ਇਸ ਨਾਵਲ ਦਾ ਪਾੜ੍ਹਾ ਹੈ, ਜੋ ਨਾਇਕ ਵੀ ਹੈ ਤੇ ਸੂਤਰਧਾਰ ਵੀ ਹੈ, ਸਾਰੀ ਆਪਣੀ ਰਾਜਨੀਤੀ ਨੂੰ ਵੀ ਦੱਸਦਾ ਜਾਂਦਾ, ਇਤਿਹਾਸ ਨੂੰ ਕਿਵੇਂ ਲਹੁਕਾ ਦਾਸ ਜੋ ਹੈ, ਉਹਦੇ ਤੋਂ ਬਹੁਤ ਕੁਝ ਸਿਖਦਾ ਹੈ। ਅਸੀਂ ਜਦੋਂ ਕਾਲੀ ਦਾ ਨਾਵਲ ਪੜ੍ਹਦੇ ਹਾਂ ਤਾਂ ਉਹਦੀਆਂ ਜਿਹੜੀਆਂ ਪਹਿਲੀਆਂ ਲਾਈਨਾਂ ਹੀ ਨੇ, ਉਹ ਬਣਾਉਂਦੀਆਂ ਨੇ ਕਿ ਇਹ ਕੁਝ ਲਿਖਿਆ ਜਾ ਰਿਹਾ। ਕੁਝ ਸਿਰਜਿਆ ਜਾ ਰਿਹਾ। ਜਦੋਂ ਕਿ ਕਾਲੀ ਦੀ ਟੈਕਸਟ ਦੇ ਜੋ ਪਾਤਰ ਹਨ, ਉਹਨਾਂ ਰਾਹੀਂ ਹੀ ਸਾਰਾ ਵਾਤਾਵਰਨ, ਸਾਰਾ ਆਲਾ ਦੁਆਲਾ ਸਿਰਜਿਆ ਜਾਂਦਾ ਹੈ ਔਰ ਮੈਨੂੰ ਇਉਂ ਹੀ ਲਗਦਾ ਕਿ ਮੈਂ ਫੋਨ ਤੇ ਸੁਣਦਾ ਹਾਂ। ... ਇਸ ਨਾਵਲ ਦਾ ਜੋ ਤਾਣਾ-ਪੇਟਾ ਹੈ, ਮੈਂ ਸਮਝਦਾਂ ਕਿ ਸਾਡੀਆਂ ਜੋ ਧਾਰਮਿਕ ਆਸਥਾਵਾਂ ਨੇ, ਸਥਾਨਕ ਆਸਥਾਵਾਂ, ਨੇ ਉਹਨਾਂ ਨਾਲ ਜੁੜਿਆ ਹੈ, ਕਿਤੇ ਸਾਰੇ ਲੋਕ ਜਿਹੜੇ ਹਾਂ ਅਸੀਂ, ਮਤਲਵ ਪਾੜ੍ਹਾ ਈਵਨ, ਜਿਹੜਾ ਆਪਦੀਆਂ ਜੜ੍ਹਾਂ ਤਲਾਸ਼ਦਾ, ਉਹ ਵੀ ਉਹਨੂੰ ਮਿਲਦਾ। ਬਹੁਤ ਛੋਟੀਆਂ ਛੋਟੀਆਂ ਤਕਲੀਫਾਂ ਨੇ, ਉਹਨਾਂ ਗੱਲਾਂ ਲਈ ਅਸੀਂ ਕੁਝ ਸਹਾਰਾ ਲੱਭਦੇ ਹਾਂ। ਇਹ ਛੋਟੀਆਂ, ਛੋਟੀਆਂ ਬਹੁਤ ਬਰੀਕ ਗੱਲਾਂ ਨੇ ਇਸ ਨਾਵਲ 'ਚ ਮੈਂ ਚਹੁਨਾ ਕਿ ਆਉਣ ਵਾਲੇ ਬੁਲਾਰੇ ਇਸਨੂੰ ਅਧਾਰ ਬਣਾ ਕੇ ਵੀ ਗੱਲ ਕਰਨ। ਮੇਰੇ ਮਨ ਜਿਹੜੀ ਗੱਲ ਐ ਕਿ ਦੁਆਬੇ ਵਾਲੇ ਜੋ ਲੋਕ ਹਨ, ਜਾਂ ਸੰਤ ਪੇੜਾ ਦਾਸ ਜੀ ਨੇ, ਇਹਨਾਂ ਸਾਰਿਆਂ ਨੂੰ ਅਸੀਂ ਹੀ ਬਣਾਉਂਦੇ ਹਾਂ ਜਾਂ ਇਹ ਸਾਨੂੰ ਬਣਾਉਂਦੇ ਹਨ। ਇਹ ਪਰਸਪਰ ਸੰਬੰਧ ਹੈ। ਔਰ

ਓਧਰਲੇ ਦਲਿਤ ਵੱਖਰੇ ਕਿਉਂ ਹਨ, ਕਿਉਂਕਿ ਦੁਆਬੇ ਦੇ ਲੋਕ, ਉਹਨਾਂ ਦਾ ਕਲਚਰ ਉਹਨਾਂ ਦੀ ਸਮਝ ਉਹਨਾਂ ਦਾ ਗਿਆਨ ਸਾਡੇ ਨਾਲੋਂ ਵੱਖਰਾ ਹੈ। ਔਰ ਇਸੇ ਕਰਕੇ ਉਹਨਾਂ ਦੇ ਸੰਤ ਜਾਂ ਡੇਰੇਦਾਰ (ਪੇੜਾ ਦਾਸ) ਵੱਖਰੇ ਹਨ। ਔਰ ਸਾਡੇ ਵਾਲੇ, ਜੋ ਡੇਰੇ ਸਾਧ ਹਨ, ਅਸੀਂ ਇਹ ਨਹੀਂ ਸੋਚਦੇ ਕਿ ਅਸੀਂ ਜੜ੍ਹਾਂ ਤਲਾਸ਼ਣ ਲਈ ਉਹਨਾਂ ਕੋਲ ਜਾਂਦੇ ਹਾਂ ਜਾਂ ਗਿਆਨ ਪ੍ਰਾਪਤ ਕਰਨ ਲਈ ਜਾਂਦੇ ਹਾਂ। ਸਗੋਂ ਓਹੜ-ਪੋਹੜ ਦੇ ਮਾਮਲੇ 'ਚ ਹੀ ਸਾਡਾ ਸੰਬੰਧ ਰਿਹਾ ਹੈ। ਇਹਨਾਂ ਨੂੰ ਅਸੀਂ ਹੀ ਸਿਰਜਿਆ ਹੈ। ... ਪਹਿਚਾਣ ਦੇ ਮਸਲੇ ਨੂੰ ਲੈ ਕੇ ਜੇ ਮੈਂ ਨਾਵਲ ਦੇ ਅਧਾਰ ਤੇ ਗੱਲ ਕਰਾਂ ਤਾਂ ਪਾਤਰ ਲਿਖਦਾ ਹੈ, 'ਪੁੱਤ ਚਮਾਰਾਂ ਦੇ' ਤਾਂ ਕੀ ਜੋ 'ਪੁੱਤ ਚਮਾਰਾਂ ਦੇ' ਲਿਖਣਾ ਹੈ, ਉਹ 'ਪੁੱਤ ਜੱਟਾਂ ਦੇ' ਲਿਖਣ ਬਰਾਬਰ ਹੀ ਹੈ, ਜਾਂ ਬਹੁਤ ਸਾਰੇ ਕੰਪਲੈਕਸ ਇਸ ਤੋਂ ਉਜਾਗਰ ਹੁੰਦੇ ਹਨ। ਜਿਵੇਂ ਮਨਮੋਹਨ ਨੇ ਇਸ ਨਾਵਲ ਬਾਰੇ ਲਿਖਿਆ ਹੈ, ਉਹ ਗੱਲਾਂ ਵੀ ਵਿਚਾਰਨਯੋਗ ਹਨ, ਮੈਂ ਬੇਨਤੀ ਕਰਾਂਗਾ ਉਹਨਾਂ ਗੱਲਾਂ ਬਾਰੇ ਵੀ ਵਿਚਾਰ ਆਉਣ...

**ਦੇਵਨੀਤ**-ਗੱਲਬਾਤ ਬਹੁਤ ਵਧੀਆ ਚੱਲ ਰਹੀ ਹੈ। ਜਿਹੜੀ ਸੱਭ ਤੋਂ ਵਧੀਆਂ ਗੱਲ ਇੱਥੇ ਛਿੜੀ ਹੈ। ਉਹ ਇਹ ਹੈ ਕਿ ਦੁਆਬੇ ਤੇ ਮਾਲਵੇ ਦਾ ਕਚਲਰ ਹੀ ਵੱਖਰਾ ਹੈ, ਤੇ ਜਦੋਂ ਇਹ ਨਾਵਲ ਪੜ੍ਹਕੇ ਮੈਂ ਵੇਖਿਆ, ਉਦੋਂ ਵੀ ਮੈਂ ਹੈਰਾਨ ਹੋਇਆ, 'ਪਰਨੇਸ਼ਵਰੀ' ਨਾਮ ਹੀ ਮੈਂ ਪਹਿਲੀ ਵਾਰ ਸੁਣਿਆ ਸੀ। ਹੋਰ ਬਹੁਤ ਸਾਰੇ ਫਰਕ ਹਨ, ਜਿਵੇਂ ਪੈਸਲ ਦਾ ਆਉਣਾ, ਬਰੋਲਾਂ, ਇਹ ਸਾਡੇ ਲਈ ਨਵੇਂ ਸ਼ਬਦ ਹਨ। ਘੱਟੋ ਘੱਟ ਦਸ ਸ਼ਬਦ ਉਹ ਹਨ, ਜਿਹੜੇ ਸਾਡੇ ਮਾਲਵੇ 'ਚ ਹੈ ਈ ਨਹੀਂ।

ਦੂਜੀ ਗੱਲ , ਜਿੱਥੋਂ ਮੈਂ ਆਪਣੀ ਗੱਲ ਸ਼ੁਰੂ ਕਰਨੀ ਚਾਹੁੰਦਾ ਕਿ ਕਿਸੇ ਵੀ ਟੈਕਸਟ ਬਾਰੇ, ਜੋ ਕੋਈ ਬੋਲਦਾ ਹੈ, ਉਹ ਨਾ ਸੱਚ ਹੁੰਦਾ ਹੈ ਤੇ ਨਾ ਹੀ ਝੂਠ ! ਇਹਨਾਂ ਦੇ ਵਿਚਕਾਰ ਜਿਹੇ ਹੁੰਦਾ। ਉਹਦੇ ਬੋਲਣ ਵਾਲੇ ਦੀ ਸਬਜੈਕਟਿਵਟੀ ਹੁੰਦੀ ਹੈ। ਐਬਜੈਕਟਿਵਲੀ ਬੋਲਣਾ ਕਾਫ਼ੀ ਔਖਾ ਹੁੰਦਾ ਹੈ। ਜਿਹੜੀ ਵਧੀਆ ਗੱਲ ਮੈਨੂੰ ਲੱਗੀ ਕਿ ਮੈਂ ਜੋ ਕੁਝ ਬੋਲਣਾ ਸੀ, ਉਹ ਡਾ. ਸਰਬਜੀਤ ਬੋਲ ਗਏ। ਪਰੰਤੂ ਫੀਲ ਉਹਨਾਂ ਵੀ ਕੀਤਾ, ਮੈਂ ਵੀ ਫੀਲ ਕੀਤਾ, ਉਹਨੇ ਹੋਰ ਢੰਗ ਨਾਲ ਆਪਣੀ ਗੱਲ ਕੀਤੀ, ਮੈਂ ਹੋਰ ਢੰਗ ਨਾਲ ਕਰਾਂਗਾ।

ਮੈਂ ਤਿੰਨ ਬੋਲੇ ਵਿਦਵਾਨਾ ਬਾਰੇ ਹੀ ਗੱਲ ਕਰ ਲੈਂਦਾ, ਜੋ, ਡਾ. ਗੁਰਮੇਲ ਸਿੰਘ ਦਾ ਮੱਤ ਸੀ, ਉਸ ਨੇ ਬਹੁਤ ਵਧੀਆ ਗੱਲ ਫੜੀ ਹੈ, ਉਹ ਹੈ ਜੜ੍ਹਾਂ ਨਾਲ ਜੁੜਨ ਵਾਲੀ। ਤੇ ਦੂਜੀ ਗੱਲ ਜੋ ਸਿੱਖ ਹੈਜਮਨੀ ਦੀ ਜਾਂ ਸਿੱਖ ਦਾਬੇ ਦੀ ਗੱਲ ਹੈ, ਉਹ ਫੜੀ ਗਈ ਹੈ ਉਸ ਪਰਚੇ 'ਚ ਬਹੁਤ ਚੰਗੀ ਤਰ੍ਹਾਂ। ਬਹੁਤ ਵੱਡੀ ਗੱਲ ਹੈ। ਉਦੋਂ ਬਾਦ ਜੋ ਸਰਬਜੀਤ ਬੋਲਿਆ, ਉਹ ਵਿਲੱਖਣ ਗੱਲ ਹੈ। 'ਰਪਚਰ' ਸ਼ਬਦ ਉਹਨੇ ਵਰਤਿਆ, ਮੈਂ ਵੀ ਕੁਝ ਇਹੋ ਜਿਹਾ ਹੀ ਫੀਲ ਕਰਦਾ ਸੀ, ਜਦੋਂ ਮੈਂ ਕਾਲੀ ਦੀਆਂ ਕਹਾਣੀਆਂ ਪੜ੍ਹਦਾ ਸੀ। ਮੈਨੂੰ ਇੰਝ ਲਗਦਾ ਸੀ ਕਿ ਮੈਂ ਪੰਜਾਬੀ ਦੀ ਕਹਾਣੀ ਪੜ੍ਹ ਰਿਹਾਂ, ਜਾਂ ਕਿਸੇ ਹੋਰ ਭਾਸ਼ਾ ਦੀ? ਇੱਕੋ ਗੱਲ, ਜਿਹੜੀ ਸਰਬਜੀਤ ਦੀ ਗੱਲ ਨਾਲ ਮੈਂ ਸਹਿਮਤ ਨਹੀਂ, ਪਹਿਲਾਂ ਉਹ ਕਰ ਲਵਾਂ, ਉਹ ਇਹ ਕਿ ਕਾਲੀ ਦੇ ਨਾਵਲਾਂ ਕਹਾਣੀਆਂ 'ਚ ਰੌਚਕਤਾ ਨਹੀਂ ਲੱਗਦੀ ਮੈਨੂੰ ਤਾਂ ਰੌਚਕਤਾ ਹੀ ਕਾਲੀ ਦੀਆਂ ਲਿਖਤਾਂ 'ਚ ਲੱਗਦੀ ਹੈ। ਉਹਦਾ ਕਾਰਨ ਇਹ ਹੈ ਕਿ ਅਸੀਂ ਹੋਰ ਅਣਖੀ, ਗੁਰਦਿਆਲ ਸਿੰਘ ਨੂੰ ਬਹੁਤ ਪੜ੍ਹਿਆ ਹੋਇਆ। ਉਹ ਜਿਹੜੀ ਪਰੰਪਰਾ ਹੈ, ਉਸ 'ਚ ਐਂ ਲਗਦਾ ਕਿ ਕਿਹਦਾ ਨਾਵਲ ਪੜ੍ਹ ਰਹੇ ਹਾਂ, ਇਹਦੇ 'ਚ ਇਹ ਗੱਲ ਐ ਜਿਹੇ ਹੋਊਗੀ। ਨਾਨਕ ਸਿੰਘ ਤੋਂ ਲੈ ਕੇ ਅਣਖੀ ਤੱਕ, ਜਿਹਨੂੰ ਸਰਬਜੀਤ ਪਰੰਪਰਕ ਕਹਿੰਦਾ ਹੈ। ਉਹ ਗੱਲਾਂ ਉਹਨਾਂ ਨਾਵਲਾਂ 'ਚ ਹੋਈਆਂ। ਇਸ ਨਾਵਲ ਵਿੱਚ ਜਿਹਨੂੰ ਮੈਂ ਰੌਚਕਤਾ ਕਹਿੰਦਾ, ਉਹ ਇਹ ਹੈ ਕਿ ਜਦੋਂ ਤੁਹਾਡੇ ਕੋਲ ਕੋਈ ਵੱਖਰੀ ਗੱਲ ਹੁੰਦੀ ਹੈ, ਲੀਹ ਤੋਂ ਹਟ ਕੇ ਗੱਲ ਹੁੰਦੀ ਹੈ, ਤਾਂ ਟੈਕਸਟ ਤੁਹਾਡੇ ਲਈ ਇੱਕ ਚੈਲੇਂਜ ਬਣਦੀ ਹੈ। ਤਾਂ ਜਦੋਂ ਤੁਹਾਡੇ ਲਈ ਇੱਕ ਚੈਲੇਂਜ ਬਣਦੀ ਹੈ ਤਾਂ ਤੁਹਾਨੂੰ ਇਹ ਵੀ ਲਗਦਾ ਕਿ ਮੈਂ ਇਹਦੇ 'ਚੋਂ ਕੁਝ ਨਵਾਂ ਸਿੱਖ ਰਿਹਾ ਹਾਂ। ਉਹ ਮੈਨੂੰ ਇਹਦੇ ਨਾਵਲ ਕਹਾਣੀਆਂ 'ਚੋਂ ਗੱਲ ਲੱਭੀ ਹੈ। ਪਰੰਪਰਕ ਲੀਹ ਤੋਂ ਟੁੱਟਣਾ, ਉਹ ਵਧੀਆ ਗੱਲ ਹੈ। ਇਸੇ ਗੱਲ ਨੂੰ ਜੇ ਮੈਂ ਇਵੇਂ ਕਹਾਂ ਕਿ ਇਹ 96 ਪੇਜ ਦਾ ਨਾਵਲ 396 ਪੇਜ਼ ਦਾ ਵੀ ਹੋ ਸਕਦਾ ਸੀ। ਜਿਸਨੂੰ ਸਰਬਜੀਤ ਇਹ ਕਹਿੰਦਾ ਕਿ ਇੱਕ ਸਤਰ 'ਚ ਗੱਲ ਕਰ ਜਾਂਦਾ, ਉਸਨੂੰ ਮੈਂ ਆਪਣੇ ਸ਼ਬਦਾਂ 'ਚ ਕਹਿੰਦਾ ਕਿ 'ਲਾਈਟ ਐਂਡ ਸਾਊਂਡ' ਦੀ ਵਿਧੀ ਵਰਤਦਾ ਹੈ ਕਾਲੀ। ਉਹਦੇ ਮੂਹਰੇ ਪੂਰਾ ਬਿਰਤਾਂਤ ਪਿਆ ਹੈ, ਜਿਵੇਂ



ਅਣਖੀ ਦੇ ਨਾਵਲਾਂ 'ਚ ਉਹ ਕਿਸੇ ਦੀ ਪੂਰੀ ਵਿਰਾਸਤ ਚੁੱਕ ਲੈਂਦਾ ਹੈ, ਜਿਵੇਂ ਉਹ ਪੂਰਾ ਇਤਿਹਾਸ ਚੁੱਕ ਲੈਂਦਾ, ਮੈਂ ਇਹ ਨਹੀਂ ਕਹਿੰਦਾ ਕਿ ਉਹਦੀ ਕੋਈ ਸਾਰਥਿਕਤਾ ਨਹੀਂ, ਜਦੋਂ ਕਿਸੇ ਸਮਾਜ ਦਾ ਵਿਕਾਸ ਅਸੀਂ ਪੜ੍ਹਾਂਗੇ ਤਾਂ ਉੱਥੇ ਅਣਖੀ ਦਾ ਨਾਵਲ ਵੱਧ ਕੰਮ ਦੇਵੇਗਾ, ਉੱਥੇ ਕਾਲੀ ਦਾ ਨਾਵਲ ਨਹੀਂ ਛੇੜਿਆ ਜਾਣਾ, ਕਿਉਂਕਿ ਇਹ ਭਰਿੰਡਾ ਦਾ ਖੱਖਰ ਹੈ। ਉਸ ਤਰ੍ਹਾਂ ਜਦੋਂ ਇਹ 'ਲਾਈਟ ਐਂਡ ਸਾਊਂਡ' ਵਾਲੀ ਤਕਨੀਕ ਵਰਤਦਾ ਹੈ, ਮਤਲਬ ਜਿਹੜੀ ਇਹ ਗੱਲ ਕਹਿਣੀ ਚਾਹੁੰਦਾ, ਸਿਰਫ ਉੱਥੇ ਹੀ ਲਾਈਟ ਮਾਰਦਾ ਹੈ। ਉੱਥੇ ਜਦੋਂ ਲਾਈਟ ਮਾਰਦਾ, ਅਸੀਂ ਉਹਨੂੰ ਫੜ ਲੈਂਦੇ ਹਾਂ। ਇਹ ਵੱਖਰੀ ਗੱਲ ਹੈ ਕਿ ਥਾਂ ਫਿਕਸ ਕਰਦਾ ਹੈ। ਜਿਵੇਂ ਉਦਾਹਰਣ ਵਜੋਂ ਦ੍ਰਿਸ਼ ਇੱਕ, ਦ੍ਰਿਸ਼ ਦੋ ! ਜਦੋਂ ਇਹ ਦ੍ਰਿਸ਼ ਇੱਕ, ਦ੍ਰਿਸ਼ ਦੋ ਕਹਿੰਦਾ ਹੈ, ਤਾਂ ਦ੍ਰਿਸ਼ ਇੱਕ-ਡੇਢ ਪੰਨੇ 'ਚ ਖ਼ਤਮ ਹੋ ਜਾਂਦਾ, ਉਹ ਪੰਜਾਹ ਪੰਨਿਆਂ ਦਾ ਵੀ ਹੋ ਸਕਦਾ ਸੀ। ਇਸ ਤਰ੍ਹਾਂ ਦੀ ਟੈਕਸਟ ਮੈਨੂੰ ਲੱਗੀ ਕਿ ਮੈਨੂੰ ਇਸਨੂੰ ਦੋ ਵਾਰ ਪੜ੍ਹਨਾ ਪਿਆ। ਦੋ ਵਾਰ ਮੈਨੂੰ ਤਾਂ ਪੜ੍ਹਨਾ ਪਿਆ, ਕਿਉਂਕਿ ਇਹ ਮੇਰੇ ਲਈ ਇੱਕ ਨਵੀਂ ਗੱਲ ਸੀ ਕਿ ਹਿੰਦੂ ਕਲਚਰ ਦੇ ਜਿਹੜੇ ਦੇਵੀ-ਦੇਵਤੇ ਹਨ, ਉਹ ਤਾਂ ਪੜ੍ਹੇ-ਸੁਣੇ ਨੇ, ਪਰਨੇਸ਼ਵਰੀ ਨਾਂਅ ਹੀ ਨਹੀਂ ਸੁਣਿਆ ਕਦੇ। ਦੋ ਵਾਰੀ ਮੈਨੂੰ ਕਿਉਂ ਪੜ੍ਹਨਾ ਪਿਆ ਕਿਉਂਕਿ ਅਖੀਰ 'ਤੇ ਜਦੋਂ ਐਂਡ ਹੁੰਦਾ, ਉਹ ਜਦੋਂ ਧੱਕੇ ਵੱਜਣ ਵਾਲੀ ਗੱਲ ਹੁੰਦੀ, ਰਾਵਲ ਬਿਮਾਰ ਹੈ ਤੇ ਪਾੜ੍ਹੇ ਦੀ ਮਾਂ ਉਹਦਾ ਪਤਾ ਲੈ ਕੇ ਆਉਣ ਦੀ ਗੱਲ ਕਹਿੰਦੀ ਹੈ। ਪਰ ਪਾੜ੍ਹਾ ਉਦੋਂ ਪਰਨੇਸ਼ਵਰੀ ਦੀ ਮੂਰਤ ਲਿਆ ਕੇ ਉਹਨੂੰ ਸਥਾਪਤ ਕਰਦਾ ਹੈ। ਸਥਾਪਤ ਸ਼ਬਦ ਜਦੋਂ ਵਰਤਦਾ ਹੈ, ਜਿਸਨੂੰ ਡਾ. ਮਨੋਹਰ ਬਹੁਤ ਵਧੀਆ ਕਹਿੰਦੇ ਹਨ, ਤਾਂ ਮੈਨੂੰ ਉਹ ਨਾਵਲ ਫਿਰ ਦੁਬਾਰਾ ਪੜ੍ਹਨਾ ਪਿਆ, ਕਿ ਇਹ ਤਾਂ ਗੱਲ ਈ ਹੋਰ ਪਾਸੇ ਚਲੀ ਗਈ। ਮੈਨੂੰ ਐਂ ਲੱਗੀ ਗੱਲ ਕਿ ਇਹ ਪਾਤਰ ਕਿੱਥੇ ਤੁਰਿਆ ਫਿਰਦਾ, ਜਿਹੜਾ ਹਸਪਤਾਲ ਜਾਣ ਦੀ ਥਾਂ ਮੂਰਤੀ ਸਥਾਪਤ ਕਰਦਾ ਫਿਰ ਰਿਹਾ ਹੈ। ਫਿਰ ਮੈਨੂੰ ਇਹ ਪਤਾ ਲੱਗਾ ਕਿ ਇਹ ਸਰਾਸਵਤੀ ਦੇ ਨੇੜ ਦੀ ਕੋਈ ਦੇਵੀ ਹੈ। ਉਹਦੇ 'ਚ ਇਹ ਆਪਣੀ ਬੰਦ ਖ਼ਲਾਸੀ ਭਾਲਦਾ ਹੈ।

ਇਸ ਨਾਵਲ ਦੇ ਪਾਜੇਟਿਵ ਪੱਖਾਂ ਤੋਂ ਪਹਿਲਾਂ ਇੱਕੋ ਹੀ ਜੋ ਮੈਨੂੰ ਨੈਗੇਟਿਵ ਪੱਖ ਮਹਿਸੂਸ ਹੁੰਦਾ, ਉਹਦੇ ਬਾਰੇ ਮੈਂ ਗੱਲ ਕਰਨੀ ਚਾਹੁੰਦਾ ਹਾਂ। ਕਿਉਂਕਿ ਦੇਵਨੀਤ ਇਹ ਚਾਹੁੰਦਾ ਕਿ ਐਂ ਹੋਵੇ, ਪਰ ਇਹ ਹੋ ਨਹੀਂ ਸੀ ਸਕਦਾ। ਪਰ ਮੈਂ ਤਾਂ ਇਉਂ ਹੀ ਸੋਚਦਾ ਹਾਂ ਕਿਉਂਕਿ ਕਾਲੀ ਸਾਡਾ ਮਿੱਤਰ ਵੀ ਹੈ। ਜਿਹੜਾ ਕਥਾਨਕ ਇੱਥੇ ਸਿਰਜਿਆ ਗਿਆ, ਉਹਨਾਂ ਘਰਾਂ 'ਚ ਅਸੀਂ ਗਏ ਹੋਏ ਆ। ਉਹ ਘਰਾਂ ਦੀਆਂ ਗਲੀਆਂ, ਉੱਥੇ ਮੱਖੀਆਂ ਦਾ ਭਿਣਕਣਾ ਤੇ ਉਹ ਟਾਹਲੀ ਉਥੋਂ ਦਾ ਸਾਰਾ ਕੁਝ ਅਸੀਂ ਵੇਖਿਆ ਹੋਇਆ, ਉਹ ਮਾਲਵੇ ਦੇ ਕਿਸੇ ਵੀ ਵਿਹੜੇ ਨਾਲੋਂ ਬਦਰਤਰ ਹੈ ਤੇ ਸ਼ਹਿਰ ਦੇ ਵਿੱਚ ਹੈ। ਮਾਲਵੇ 'ਚ ਜਿਹੜੇ ਵਿਹੜੇ ਹਨ, ਉਹਨਾਂ ਦੀਆਂ ਰਹਿਣ ਹਾਲਤਾਂ ਏਨੀਆਂ ਮਾੜੀਆਂ ਨਹੀਂ, ਜਿੰਨੀਆਂ ਮੈਂ ਕਾਲੀ ਦੇ ਘਰ ਦੇ ਆਲੇ-ਦੁਆਲੇ ਦੀਆਂ ਵੇਖੀਆਂ ਹਨ।

ਦੂਜੀ ਗੱਲ ਜਿਹੜੀ ਮੈਨੂੰ ਮਾੜੀ ਲੱਗੀ ਉਹ ਇਹ ਕਿ ਲਾਲ ਸਿੰਘ ਦਿਲ ਦਾ ਜ਼ਿਕਰ ਆਉਂਦਾ। ਉੱਥੇ ਇਹ ਉਹਦੇ ਕੋਲ ਜਾਂਦਾ ਹੈ, ਮੀਟਿੰਗਾਂ ਕਰਦਾ ਹੈ। ਤਾਂ ਉਹ ਕਿਸੇ ਹੋਰ ਪਾਸੇ ਗੱਲ ਹੋਣੀ ਚਾਹੀਦੀ ਸੀ। ਉਹ ਜਾਂ ਤਾਂ ਉਹਨੂੰ ਰੱਦ ਕਰਦਾ ਜਾਂ ਐਕਸੈਪਟ ਕਰਦਾ। ਪਰ ਉਹ ਗੱਲ ਕਿਸੇ ਹੋਰ ਪਾਸੇ ਨਿਕਲ ਗਈ। ਉੱਥੇ ਮੈਨੂੰ ਲਗਦਾ ਕਿ ਉਹ ਕੱਟ ਮਾਰ ਗਿਆ। ਉੱਥੇ ਗੱਲ ਸ਼ਾਇਦ ਜੜ੍ਹਾਂ ਨਾਲ ਜੁੜਨ ਦੀ ਗੱਲ ਹੈ। ਉੱਥੇ ਫਿਰ ਸੋਸ਼ਲ ਸੈਟਅਪ ਨੂੰ ਬਦਲਣ ਦੀ ਗੱਲ ਹੈ। ਜਾਂ ਬਦਲਣ ਦੇ ਰਾਹਾਂ ਦੀ ਗੱਲ ਹੈ। ਪਰ ਇੱਥੇ ਬਦਲ ਸਾਧਾਂ ਕੋਲ ਹੈ। ਜੀਵਨ ਦੇ ਬਦਲਣ ਦੀ ਜੋ ਗੱਲ ਹੈ ਕਿ ਉਹਨਾਂ ਨੇ ਬਦਲ ਲਿਆ ਹੈ। ਅਸੀਂ ਕਹਿੰਦੇ ਹਾਂ ਕਿ ਜਿਹਨਾ ਨੇ ਬਦਲਿਆ ਉਹ ਪਹਾੜ੍ਹਾਂ 'ਚ ਜੰਗਲਾਂ 'ਚ ਕਿਉਂ ਭਗਤੀ ਲਾ ਕੇ ਬੈਠੇ ਹਨ। ਉਹ ਸਮਾਜ ਵਿੱਚ ਜਿਉਂ ਨਹੀਂ ਆਉਂਦੇ...। ਗਏ ਤਾਂ ਉਹ ਇਸੇ ਸੈਟਅਪ ਨੂੰ ਬਦਲਣ ਸੀ। ਫਿਰ ਉੱਥੇ ਜਾ ਕੇ ਬੈਠਣ ਦਾ ਕੀ ਸਹਾਰਾ। ਇਸ ਸਮਾਜ 'ਚ ਆ ਕੇ ਦੱਸਣ ਸਾਨੂੰ ਕਿ ਅਸੀਂ ਆਹ ਬਦਲ ਲਿਆ ਤੇ ਆਹ ਬਦਲੀਏ। ਕਾਲੀ 'ਚ ਮੈਨੂੰ ਇਹ ਲੱਗਿਆ ਕਿ ਇਸਨੂੰ ਉਹ ਰਾਹ ਨਹੀਂ ਸੀ ਅਖ਼ਤਿਆਰ ਕਰਨਾ ਚਾਹੀਦਾ। ਜਦੋਂ ਉਹ ਦਿਲ ਕੋਲ ਜਾਂਦਾ ਹੈ ਤਾਂ ਦਿਲ ਪੰਜਾਬੀ ਦਾ ਇੱਕ ਬਹੁਤ ਵੱਡਾ ਪੋਇਟ ਹੈ। ਉਹਦੇ ਵਿੱਚ ਇਨਕਲਾਬ ਦੇ ਜਾਂ ਸਮਾਜਵਾਦ ਦੇ ਜੋ ਬੀਜ ਨੇ, ਜਾਂ ਉਹਦੇ ਵਿਚ ਜਿਹੜੀ ਅੱਗ ਐ, ਪਾਸ਼ ਨਾਲੋਂ , ਪਾਸ਼ ਦੀ ਕਵਿਤਾ ਦੀ ਜਿਹੜੀ ਅੱਗ ਐ ਉਹ ਉਪਰ ਈ ਪਈ ਐ, ਉਹਦੇ ਸ਼ਬਦ ਹੀ ਗੋਲੀਆਂ ਵਰਗੇ ਨੇ। ਤੇ ਜਿਹੜੀ ਦਿਲ ਦੀ ਕਵਿਤਾ ਹੈ, ਉਹਦੀ ਅੱਗ ਜਿਹੜੀ

ਹੈ, ਉਹ ਬਹੁਤ ਥੱਲੇ ਹੈ ਤੇ ਬਹੁਤ ਖ਼ਤਰਨਾਕ ਹੈ। ਉਹ ਇਨਕਲਾਬ ਲਈ ਬਹੁਤ ਸਹਾਈ ਹੋ ਸਕਦੀ ਹੈ ਤੇ ਉਹਨੂੰ ਫੜਨਾ ਸ਼ਾਇਦ ਮੁਸ਼ਕਿਲ ਲਗਦਾ ਹੈ। ਇਹੀ ਪਾਸ਼ ਤੇ ਦਿਲ 'ਚ ਅੰਤਰ ਵੀ ਕਿਹਾ ਜਾ ਸਕਦਾ ਹੈ।

ਜਿਹੜੀਆਂ ਗੱਲਾਂ ਡਾ. ਵੈਰਾਗੀ ਨੇ ਛੇੜੀਆਂ ਹਨ। ਮੈਨੂੰ ਉਹ ਵੀ ਚੰਗੀਆਂ ਲੱਗੀਆਂ ਹਨ। ਵੈਰਾਗੀ ਨੇ ਇਹ ਗੱਲਾਂ ਛੇੜੀਆਂ ਕਿ ਜਿਹੜਾ ਪੱਤਰਕਾਰ ਹੈ, ਏਨਾ ਸੂਝਵਾਨ ਹੈ, ਨੰਜੂ ਦਾ ਉਹ ਮੁੰਡਾ ਹੈ, ਉਹ ਵੱਖਰੀ ਗੱਲ ਹੋ ਰਹੀ ਹੈ। ਇਸ ਨਾਲ ਇਹ ਨਹੀਂ ਕਿ ਅਣਖੀ ਰੱਦਿਆ ਗਿਆ ਜਾਂ ਗੁਰਦਿਆਲ ਸਿੰਘ ਰੱਦਿਆ ਗਿਆ। ਇਹ ਇੱਕ ਵੱਖਰੀ ਕਿਸਮ ਦੀ ਫਿਕਸ਼ਨ ਐਂ, ਜਿਹੜੀ ਕਿ ਪੰਜਾਬੀ 'ਚ ਅਜੇ ਨਹੀਂ ਆਈ, ਜਿਹਦੇ ਇੱਕ ਹੀ ਵਾਕ 'ਚ ਬਹੁਤ ਸਾਰੀਆਂ ਗੱਲਾਂ ਪਈਆਂ ਹੁੰਦੀਆਂ। ਜਿਹੜੀ ਕਿ ਸਟੀਕ ਹੈ, ਨੀਟ ਹੈ। ਇਹਦੀ ਬਿਨਾ ਪਾਣੀ ਪਾਏ ਸ਼ਰਾਬ ਵਰਗੀ 'ਨੀਟ' ਭਾਸ਼ਾ ਹੈ।

ਮੈਂ ਇੱਕ ਗੱਲ ਹੋਰ ਇਸ ਨਾਵਲ ਦੀ ਭਾਸ਼ਾ -ਸ਼ੈਲੀ ਬਾਰੇ ਗੱਲ ਕਰਨੀ ਹੈ, ਮੈਨੂੰ ਇਹ ਨਹੀਂ ਪਤਾ ਕਿ ਕਿਸੇ ਕਾਸਟ ਦੀ ਕਿਸੇ ਸੋਸਾਇਟੀ ਦੀ ਆਪਣੀ ਭਾਸ਼ਾ ਵੀ ਹੁੰਦੀ ਹੈ, 'ਮੀਰ' ਵੱਲੋਂ ਗੱਲ ਛੇੜਨ ਨਾਲ ਮੇਰੇ ਦਿਮਾਗ 'ਚ ਆ ਗਿਆ ਕਿ ਵਾਕਿਆ ਹੀ, ਹਰ ਸੋਸਾਇਟੀ ਦੀ ਆਪਣੀ ਇੱਕ ਭਾਸਾ ਹੁੰਦੀ ਹੈ। ਉਸ ਭਾਸ਼ਾ ਨੂੰ ਲੇਖਕ ਨੇ ਹਥਿਆਰ ਬਨਾਉਣਾ ਹੁੰਦਾ ਤੇ ਉਹ ਭਾਸ਼ਾ ਕਿਸੇ ਦੂਜੇ ਸਮਾਜ ਦੇ ਉਲਟ ਜਾਂਦੀ ਹੁੰਦੀ ਹੈ। ਜਿਵੇਂ ਜੱਟਾਂ ਦੀ ਭਾਸ਼ਾ ਬਾਣੀਆਂ ਦੇ ਉਲਟ ਜਾਂਦੀ ਹੈ, ਜਿਵੇਂ ਉਹਨਾਂ ਦੇ ਸਿਰ ਕਰਜਾ ਵੀ ਹੁੰਦਾ, ਜੱਟ ਉਸ ਪ੍ਰਤੀ ਰਿਜੈਂਟਮੈਂਟ ਦੀ ਭਾਸ਼ਾ ਵਰਤਦੇ ਹਨ। ਇੱਕ ਭਾਸ਼ਾ ਰਜਿਸਟ ਦੀ ਭਾਸ਼ਾ ਹੁੰਦੀ ਹੈ। ਦਲਿਤ ਜਮਾਤ ਹਾਕਮ ਧਿਰ ਅੱਗੇ ਅੜ ਜਾਂਦੀ ਹੈ, ਉਹ ਰਜਿਸਟ ਕਰਦੀ ਹੈ। ਕਿ ਮੈਂ ਪਿੱਛੇ ਹਟਣ ਵਾਲਾ ਨਹੀਂ, ਰਜਿਸਟ ਕਰਦਾ। ਜਿਹੜੀ ਤਾਂ ਰਜਿਸਟਮੈਂਟ ਦੀ ਭਾਸ਼ਾ ਹੈ, ਉਹ ਤਾਂ ਇਹ ਹੈ ਕਿ ਨਾਵਲ 'ਚ ਦਲਿਤ ਮੇਲੇ 'ਚ ਜਾਂਦੇ ਹਨ, ਉੱਥੇ ਜੱਟਾਂ ਨੇ ਆ ਕੇ ਕਬਜ਼ਾ ਕਰਨਾ ਹੁੰਦਾ। ਉੱਥੇ ਕਈ ਸਵਾਲ ਨੇ, ਪਰਚੀ ਕੱਟੀਏ ਜਾਂ ਨਾ, ਮੇਲਾ ਪੂਰਾ ਹੋਣਾ ਚਾਹੀਦਾ। ਫਿਰ ਇਹ ਹੁੰਦਾ ਕਿ ਕਮੇਟੀਆਂ ਬਣਾਉਂਦੇ ਹਨ। ਨਿਗਾਹ ਰੱਖਦੇ ਹਨ। ਫਿਰ ਉੱਥੇ ਜਾ ਕੇ ਗੱਲ ਧਰਮ ਵਾਲੇ ਪਾਸੇ ਝੁਕ ਜਾਂਦੀ ਹੈ। 'ਚਲੋ ਸ਼ੁਕਰ ਐ ਕਿ ਮੇਲਾ ਨਿਬੜ ਗਿਆ!'' ਜਦੋਂ ਮੈਂ ਇਹਨੂੰ ਰਜੈਂਟਮੈਂਟ ਦੀ ਭਾਸ਼ਾ ਕਹਿੰਦਾ ਤਾਂ ਮੈਨੂੰ ਸੋਸਾਇਟੀ 'ਚ ਉਸ ਵਿਹੜੇ 'ਚ ਇੱਕੋ ਹੀ ਉਹਨਾਂ ਦੀ ਵਿਕਾਸ ਲੜੀ ਹੈ। ਮੈਂ ਮੀਰ ਵਾਂਗ ਜਾਂ ਸਰਬਜੀਤ ਵਾਂਗ ਬਹੁਤ ਉੱਚਾ ਨਹੀਂ ਸੋਚਦਾ, ਮੈਂ ਤਾਂ ਸਧਾਰਨ ਜਿਹਾ ਸੋਚਦਾ ਹਾਂ ਕਿ ਜਦੋਂ ਸੋਸਾਇਟੀ ਦਾ ਰੂਪ ਬੰਦਾ ਵੇਖਦਾ ਹੈ, ਸੁਚੇਤ ਹੁੰਦਾ ਹੈ, ਤਾਂ ਉਹਦੇ ਲਈ, ਇੱਕ ਤਾਂ ਉਹ ਦੋ ਰਾਹ ਦੱਸ ਦੇਣਾ, ਇਹਦੇ ਇਨ ਬਿਟਵੀਨ ਵੀ ਇੱਕ ਰਾਹ ਹੈ। ਉਹ ਮੈਨੂੰ ਲਗਦਾ ਕਿ ਕਿਸੇ ਫੈਮਿਲੀ ਦੀਆਂ ਵਿਕਾਸ ਲੜੀਆਂ ਹੁੰਦੀਆਂ। ਉਹ ਵਿਨਾਸ਼ ਲੜੀਆਂ ਵੀ ਹੋ ਜਾਂਦੀਆਂ। ਇਸ ਨਾਵਲ 'ਚ ਵੀ ਰਾਵਲ ਪਾਤਰ ਦੀ ਵਿਕਾਸ ਲੜੀ, ਵਿਨਾਸ਼ ਲੜੀ ਬਣ ਜਾਂਦੀ ਹੈ। ਉਹਦਾ ਮੁੰਡਾ ਇਸ ਤਰ੍ਹਾਂ ਹੁੰਦਾ ਕਿ ਪੂਰੀ ਪੀੜ੍ਹੀ ਵਿਕਾਸ਼ 'ਚ ਜਾ ਕੇ ਖ਼ਤਮ ਹੋ ਜਾਂਦੀ ਹੈ। ਇੱਕ ਨੰਜੂ ਵਾਲੇ ਪਰਿਵਾਰ ਦੀ ਵਿਕਾਸ ਲੜੀ ਹੈ, ਉਹਦਾ ਬੱਚਾ ਡੁਬਈ ਜਾਂਦਾ, ਉਹਦੇ ਦੋਵੇਂ ਮੁੰਡੇ ਸੈੱਟ ਹੁੰਦੇ ਹਨ, ਉਹ ਵਿਕਾਸ ਲੜੀ ਚੱਲਦੀ ਹੈ, ਸਾਡੇ ਸਮਾਜ ਵਿੱਚ ਵੀ ਇਹ ਵਿਕਾਸ ਲੜੀਆਂ ਚਲਦੀਆਂ ਹਨ। ਇਸ ਵਿਕਾਸ ਲੜੀ ਦੇ ਪਿੱਛੇ ਕੋਈ ਨਾ ਕੋਈ ਨਵੀਂ ਤੇ ਸਾਰਥਕ ਗੱਲ ਪਈ ਹੁੰਦੀ ਹੈ। ਮੈਨੂੰ ਇੰਝ ਲਗਦਾ ਕਿ ਇਸ ਵਿਕਾਸ ਦੀ ਚਿਣਗ ਮਾਂ ਦੇ ਅੰਦਰ ਪਈ ਹੁੰਦੀ ਹੈ। ਮਾਂ ਸੋਚਦੀ ਹੈ ਕਿ ਮੇਰਾ ਪੁੱਤ ਕਿਤੇ ਵਿਕਾਸ ਕਰ ਜਾਵੇ।

ਮੈਂ ਆਪਣੀ ਗੱਲ ਲੰਬੀ ਨਹੀਂ ਕਰਦਾ, ਮੈਂ ਇਹਨੂੰ ਐਂ ਨਿਬੇੜੂੰਗਾ ਕਿ .ਗਲਤੀ ਨਾਲ ਵੈਰਾਗੀ ਇਹ ਕਹਿ ਗਿਆ ਕਿ ਮੈਨੂੰ ਐਂ ਲੱਗਿਆ ਕਿ ਉਹ ਗੁਰਦਿਆਲ ਸਿੰਘ ਲਿਖ ਰਿਹੈ, ਇਹ ਗੁਰਦਿਆਲ ਸਿੰਘ ਨਹੀਂ ਲਿਖ ਰਿਹਾ। ਗੁਰਦਿਆਲ ਸਿੰਘ ਨੂੰ ਇਸ ਨਾਵਲ 'ਚ ਉਲੰਘਿਆ ਜਾ ਰਿਹਾ। ਮੈਂ ਐਂ ਨਹੀਂ ਕਹਿੰਦਾ ਕਿ ਇੱਕਲਾ ਹੀ ਗੁਰਦਿਆਲ ਸਿੰਘ ਸਗੋਂ ਪੰਜਾਬੀ ਦੀ ਜੋ ਪੂਰੀ ਫਿਕਸ਼ਨ ਐਂ, ਉਸ ਤੋਂ ਹੱਟ ਕੇ ਇਹ ਨਾਵਲ । ਕਾਲੀ ਨੇ ਇੱਕ ਲੇਖ ਲਿਖਿਆ ਸੀ, ਮਾਂ ਬਾਰੇ। ਇਹ ਲਕੀਰ 'ਚ ਸੀ। ਮੈਂ ਉਦੋਂ ਇਹਨੂੰ ਕਿਹਾ ਸੀ ਕਿ ਤੂੰ ਇਵੇਂ ਦਾ ਹੀ ਲਿਖੀ, ਪੰਜਾਬੀ 'ਚ ਇਹ ਅੱਗ ਵਰਗੀ ਟੈਕਸਟ ਹੋਵੇਗੀ। ਏਨਾ ਕੋਰਾ ਸੱਚ ਹੋਵੇਗਾ ਕਿ ਬੰਦੇ ਥਰਥਰਾ ਜਾਣਗੇ। ਜਿਹੜੀ ਦੂਜੀ ਗੱਲ ਕਿ ਕਾਲੀ ਜੋ ਦਲਿਤ ਸਾਹਿਤ ਲਿਖਦਾ ਹੈ, ਅਤਰਜੀਤ ਵਾਂਗ ਨਹੀਂ ਲਿਖਦਾ। ਜਾਂ ਹੋਰਾਂ ਵਾਂਗ ਨਹੀਂ ਲਿਖਦਾ। ਜਾਂ 'ਛਾਂਗਿਆ ਰੁੱਖ' ਵਾਂਗੂੰ ਨਹੀਂ ਲਿਖਦਾ। ਉਹਦੇ ਵਿੱਚ ਇਹ ਹੈ ਜਦੋਂ ਅਤਰਜੀਤ



'ਠੂੰਹਾਂ' ਲਿਖਦਾ, ਜਾਂ ਬਲਬੀਰ ਮਾਧੋਪੁਰੀ 'ਛਾਂਗਿਆ ਰੁੱਖ' ਲਿਖਦਾ ਹੈ ਤਾਂ ਉਹਦੇ ਵਿੱਚ ਦਲਿਤ ਜਮਾਤ ਨਾਲ ਸਾਨੂੰ ਇੱਕ ਤਰਸ ਆ ਜਾਂਦਾ। ਦੇ ਆਰ ਬੈਗਿੰਗ 'ਤਰਸ'। ਜਦੋਂ ਉਹ ਤਰਸ ਮੰਗਦੇ ਹਨ, ਤਾਂ ਤਰਸ ਦੀ ਇੱਕ ਸੀਮਾ ਹੁੰਦੀ ਹੈ, ਇਹ ਇੱਕ ਜਜ਼ਬਾ ਹੈ, ਉਹਦੇ ਬਾਦ ਇਹ ਚਲਿਆ ਜਾਂਦਾ। ਟੈਕਸਟ ਜੋ ਹੈ, ਉਹ ਦਲਿਤਾਂ ਲਈ ਤਰਸ ਦੀ ਮੰਗ ਨਹੀਂ ਕਰਦੀ। ਇਹ ਬਹੁਤ ਵਧੀਆਂ ਗੱਲ ਹੈ।

ਆਪਣੀ ਗੱਲ ਮੈਂ ਇੱਥੇ ਹੀ ਖ਼ਤਮ ਕਰਦਾਂ ਕਿ ਕਾਲੀ ਦਾ ਪੰਜਾਬੀ ਫਿਕਸ਼ਨ 'ਚ ਆਉਣਾ, ਸਾਨੂੰ ਬਹੁਤ ਚੰਗਾ ਲੱਗਦਾ ਹੈ। ਸਾਨੂੰ ਇਹ ਲਗਦਾ ਹੈ ਕਿ ਕਿਸੇ ਅੱਛੀ ਟੈਕਸਟ ਦੇ ਪਾਠਕ ਹੋਣਾ ਸਾਡਾ ਸੁਭਾਗ ਹੈ।

**ਭਗਵੰਤ ਰਸੂਲਪੁਰੀ**-ਅੱਜ ਕਾਲੀ ਦੇ ਨਾਵਲ 'ਪਰਨੇਸ਼ਵਰੀ' ਤੇ ਚਰਚਾ ਹੋ ਰਹੀ ਹੈ। ਇਹ ਨਾਵਲ ਮੁੱਖ ਰੂਪ 'ਚ ਉਸ ਦੇ ਆਪਣੇ ਪਿੰਡ ਦੇ ਦੁਆਲੇ ਘੁੰਮਦਾ ਹੈ। ਇਸ ਨਾਵਲ ਦੇ ਕਾਫੀ ਪਾਤਰ ਤੇ ਘਟਨਾਵਾਂ ਮੈਂ ਅੱਖੀ ਦੇਖੀਆਂ ਹੋਈਆਂ ਹਨ, ਕਿਉਂਕਿ ਸਾਡੀ ਸਾਂਝ ਪਿਛਲੇ 15 ਕੁ ਸਾਲਾ ਤੋਂ ਵੱਧ ਹੈ। ਜਦੋਂ ਅਸੀਂ ਇਨ੍ਹਾਂ ਘਟਨਾਵਾਂ ਨਾਲ ਵਿਚਰਦੇ ਹਾਂ ਤਾਂ ਸਾਨੂੰ ਇਹ ਆਮ ਜਿਹੀਆਂ ਲੱਗਦੀਆਂ ਹਨ ਪ੍ਰੰਤੂ ਜਦੋਂ ਨਾਵਲ ਦੀ ਫਾਰਮ 'ਚ ਕਨਵਰਟ ਹੁੰਦੀਆਂ ਹਨ ਤਾਂ ਇਹ ਆਮ ਤੋਂ ਖਾਸ ਬਣ ਜਾਂਦੀਆਂ ਹਨ। ਇਹ ਖਾਸ ਇਸ ਲਈ ਬਣਦੀਆਂ ਹਨ ਕਿ ਲਿਖਣ ਵਾਲਾ ਕਿੰਨਾ ਕੁ ਸਮਰੱਥਾਵਾਨ ਹੁੰਦਾ ਹੈ ਅਤੇ ਉਸ ਦਾ ਵਿਜ਼ਨ ਕਿੰਨਾ ਕੁ ਸਪਸ਼ਟ ਹੁੰਦਾ ਹੈ। ਮੈਂ ਇਹ ਗੱਲ ਕਹਿੰਦਾ ਹਾਂ ਕਿ ਇਸ ਨਾਵਲ 'ਚ ਕਾਲੀ ਦਾ ਵਿਜ਼ਨ ਬਹੁਤ ਸਪਸ਼ਟ ਤੇ ਕਲੀਅਰ ਕੱਟ ਹੈ। ਜਿਨ੍ਹਾਂ ਚਿਰ ਤੁਹਾਡਾ ਵਿਜ਼ਨ ਸਪਸ਼ਟ ਨਹੀਂ ਹੁੰਦਾ, ਤੁਸੀਂ ਵੱਡੀ ਰਚਨਾ ਨਹੀਂ ਕਰ ਸਕਦੇ। ਸਾਡੇ ਬਹੁਤੇ ਨਾਵਲਕਾਰਾਂ ਨੂੰ ਇਹ ਪਤਾ ਹੀ ਨਹੀਂ ਹੁੰਦਾ ਕਿ ਅਸੀਂ ਕਹਿਣਾ ਕੀ ਹੈ ਕਿਸ ਢੰਗ ਨਾਲ ਕਹਿਣਾ ਹੈ ਬਸ ਲੰਮੇ ਲੰਮੇ ਬਿਰਤਾਂਤ ਲਿਖੀ ਤੁਰੇ ਜਾਂਦੇ ਹਨ। ਇਸ ਨਾਵਲ ਦੀ ਇਕ ਹੋਰ ਪ੍ਰਾਪਤੀ ਇਹ ਹੈ ਕਿ ਕਾਲੀ ਨੇ ਸੁਚੇਤ ਹੋ ਕੇ ਦਲਿਤਾਂ ਨੂੰ ਸਿੱਖੀ ਨਾਲੋਂ ਤੋੜ ਕੇ ਪੇਸ਼ ਕੀਤਾ ਹੈ ਇਸ ਲਈ ਉਸ ਨੇ ਹਵਾ 'ਚ ਗੱਲ ਨਹੀਂ ਕੀਤੀ ਬਕਾਇਦਾ ਤਰਕ ਉਸਾਰਿਆਂ ਹੈ ਇਤਿਹਾਸ ਹਵਾਲਿਆ ਨਾਲ। ਪੰਜਾਬੀ ਦਲਿਤ ਸਾਹਿਤ ਦਾ ਵਿਜ਼ਨ ਤਾਂ ਹੀ ਵੱਡਾ ਨਹੀਂ ਕਿਉਂਕਿ ਸਾਡੇ ਦਲਿਤ ਸਾਹਿਤਕਾਰ ਦਲਿਤ ਚੇਤਨਾ ਸਿੱਖੀ 'ਚੋਂ ਲੱਭਦੇ ਆ ਰਹੇ। ਦੂਜੀ ਗੱਲ ਮੈਂ ਇਸ ਦੀ ਭਾਸ਼ਾ ਦੀ ਕਰਨੀ ਹੈ ਕਾਲੀ ਦੀ ਭਾਸ਼ਾ ਤੇ ਬਹੁਤ ਪਕੜ ਹੈ ਉਹ ਗਿਲ੍ਹਾ ਪੀਹਣ ਨਹੀਂ ਪਾਉਂਦਾ ਤੇ ਨਾਂ ਹੀ ਢਿੱਲੀ ਭਾਸ਼ਾ ਵਰਤਦਾ ਹੈ। ਇਸ ਨਾਵਲ ਦੀ ਸ਼ੈਲੀ ਮੂਲੋ ਹੀ ਨਵੀਂ ਤਾਂ ਮੈਂ ਨਹੀਂ ਕਹਿੰਦਾ ਪ੍ਰੰਤੂ ਕਾਲੀ ਵੱਖਰੀ ਸ਼ੈਲੀ ਬਣਾਉਣ ਦੀ ਸੁਚੇਤ ਕੋਸ਼ਿਸ਼ ਜ਼ਰੂਰ ਕਰ ਰਿਹਾ ਹੈ। ਤੀਜੀ ਗੱਲ ਮੈਨੂੰ ਇਹ ਚੰਗੀ ਲੱਗੀ ਕਿ ਕਾਲੀ ਨੇ ਇਸ ਨਾਵਲ 'ਚ ਮਿੱਥਾਂ ਨੂੰ ਤੋੜਿਆ ਹੈ ਤੇ ਨਵੀਂ ਮਿੱਥ ਸਿਰਜੀ ਹੈ ਜੋ ਮਿੱਥ ਦਲਿਤਾਂ ਨੂੰ ਸਿੱਖੀ ਤੋਂ ਨਿਖੇੜਦੀ ਹੈ। ਮਿੱਥ ਤੋੜਨਾ 'ਵੱਡੇ ਸਿਰ' ਹੋਣ ਦੀ ਨਿਸ਼ਾਨੀ ਹੈ। ਇਹ ਨਾਵਲ ਦਲਿਤ ਨਾਵਲ 'ਚ ਵੱਖਰੀ ਸੁਰ ਲੈ ਕੇ ਪਰਵੇਸ਼ ਕਰ ਰਿਹਾ ਹੈ। ਮੇਰੇ ਮਨ 'ਚ ਇਹੋ ਨੁਕਤੇ ਹਨ।

**ਹਰਭਜਨ ਸਿੰਧੂ ਮਾਨਸਾ**-ਦੋਸਤੋ, ਬਹੁਤ ਹੀ ਜਚਵੀਂ ਗੱਲਬਾਤ ਹੋ ਰਹੀ ਹੈ। ਸੰਜੀਦਾ ਦੌਰ ਹੈ। ਮੇਰੀ ਮਜਾਲ ਨਹੀਂ ਹੈ ਕਿ ਇਸ ਤਰ੍ਹਾਂ ਦੇ ਵਿਸ਼ੇ ਤੂੰ ਮੈਂ ਵਧੀਆਂ ਤਰ੍ਹਾਂ ਦਰਸਾ ਸਕਾਂ। ਲੇਕਿਨ ਜਦੋਂ ਆਪਾਂ ਇਹ ਕਹਿ ਦਿੱਤਾ ਕਿ ਇਹ ਰਸਮੀ ਗੱਲਬਾਤ ਨਹੀਂ ਹੈ। ਇਸ ਲਈ ਮੈਂ ਆਪਣੇ ਵਿਚਾਰ ਪੇਸ਼ ਕਰ ਰਿਹਾ ਹਾਂ। ਇਸ ਤਰ੍ਹਾਂ ਦੇ ਵਿਸ਼ੇ ਬਾਰੇ ਜਿਵੇਂ ਰਾਜਵਿੰਦਰ ਮੀਰ ਨੇ, ਭਗਵੰਤ ਰਸੂਲਪੁਰੀ ਨੇ ਜਾਂ ਦੇਸ ਰਾਜ ਕਾਲੀ ਨੇ ਇਹ ਬਹੁਤ ਸੂਝਵਾਨ ਨੇ।

ਮੈਂ ਨਾਨਕ ਸਿੰਘ ਦੇ ਨਾਵਲਾਂ ਤੋਂ ਸਾਹਿਤ ਪੜ੍ਹਨ ਲੱਗਾ ਹਾਂ। ਉਸਤੋਂ ਬਾਅਦ ਜਸਵੰਤ ਸਿੰਘ ਕੰਵਲ ਤੇ ਹੋਰ ਬਹੁਤ ਸਾਰੇ ਲੇਖਕ ਪੜ੍ਹੇ। ਦੇਸ ਰਾਜ ਕਾਲੀ ਦਾ ਨਾਵਲ ਮੈਂ ਉਸ ਲੜੀ 'ਚ ਰੱਖਾਂਗਾ, ਸਭ ਤੋਂ ਪਹਿਲਾਂ ਜਟਿਲ ਨਾਵਲ ਮੈਂ ਪੜ੍ਹਿਆ, ਫਨੇਸ਼ਵਰ ਨਾਥ ਰੇਣੂ ਦਾ 'ਮੈਲਾ ਆਂਚਲ' ਕਬੀਲਿਆਂ ਦੀ ਆਂਚਲਿਕਤਾ 'ਤੇ ਗੱਲ ਸੀ ਉਸ ਵਿਚ। ਉਹਦੀ ਬਹੁਤ ਆਂਚਲਿਤ ਭਾਸ਼ਾ ਸੀ, ਪਰ ਮੈਂ ਉਹਨੂੰ ਪੜ੍ਹਿਆ। ਭਾਸ਼ਾ ਦੇ ਮਸਲੇ 'ਚ ਮੇਰੀਆਂ ਹੋਰ ਖਿੜਕੀਆਂ ਖੁੱਲ੍ਹੀਆਂ। ਫਿਰ ਉਸ ਤੋਂ ਬਾਅਦ ਕੁਝ ਰੂਸੀ ਨਾਵਲ ਪੜ੍ਹੇ। ਕੁਝ ਹੋਰ ਸਮਝ ਬਣੀ। ਜਦੋਂ ਮੈਂ ਦੇਸ ਰਾਜ ਕਾਲੀ ਦਾ ਨਾਵਲ ਪੜ੍ਹਨਾ ਸ਼ੁਰੂ ਕੀਤਾ। ਮੈਨੂੰ ਲੱਗਿਆ ਯਾਰ ਖੁਸ਼ਕ ਜਿਹਾ ਨਾਵਲ ਹੈ। ਸ਼ੁਰੂ ਕਰਨਾ ਈ ਬੜਾ ਮੁਸ਼ਕਿਲ ਹੋ ਗਿਆ ਸੀ। ਇਹਦੇ ਨਾਲ ਮੈਂ ਮੈਤ੍ਰਈ ਪੁਸ਼ਪਾ ਦੇ ਨਾਵਲ 'ਅਲਮਾ ਕਬੂਤਰੀ' ਦੀ ਗੱਲ

ਕਰਾਂਗਾ। ਜੋ ਮੈਂ ਪੜ੍ਹਿਆ। ਰੌਚਕਤਾ ਤੇ ਮੈਂ ਆਪਣੀ ਗੱਲ ਲਿਆ ਰਿਹਾਂ। ਮੈਂ ਕਹਿਨਾ ਪਈ ਏਨੇ ਵੱਡੇ ਵੱਡੇ ਨਾਵਲ ਲਿਖੇ ਜਾ ਚੁੱਕੇ ਹਨ ਤੁਹਾਡੀ ਲਾਈਨ ਅਲੱਗ ਹੋ ਸਕਦੀ ਹੈ, ਤੁਹਾਡੀ ਸੋਚਣੀ ਅਲੱਗ ਹੋ ਸਕਦੀ ਹੈ, ਲੇਕਿਨ ਆਮ ਪਾਠਕ ਨੂੰ ਤੁਸੀਂ ਮਾਈਨਸ ਨਹੀਂ ਕਰ ਸਕਦੇ। ਜੇ ਤੁਸੀਂ ਪ੍ਰਬੁੱਧ ਲੇਖਕਾਂ ਵਾਸਤੇ ਹੀ ਲਿਖਣਾ, ਤਾਂ ਤੁਹਾਡੀ ਮਰਜ਼ੀ ਹੈ। ਲੇਕਿਨ ਜਿਹੜਾ ਤੁਹਾਡਾ ਸਵਾਲ ਹੈ, ਜੋ ਸਬਜੈਕਟ ਹੈ, ਉਹ ਆਮ ਲੋਕਾਂ ਦਾ ਸਬਜੱਕਟ ਹੈ, ਤੁਸੀਂ ਉਹਨਾਂ ਆਮ ਲੋਕਾਂ ਨੂੰ ਸਕੂਲਿੰਗ ਦੇਣੀ ਹੈ। ਉਹਨਾਂ ਨੂੰ ਦੱਸਣਾ ਕਿ ਅਸੀਂ ਕੀ ਸਾਂ, ਸਾਡੀਆਂ ਜੜ੍ਹਾਂ ਕਿਵੇਂ ਨੇ। ਜੇ ਔਖੇ ਨਾਵਲ 'ਚ ਤੁਸੀਂ ਦੇਵੋਗੇ, ਤਾਂ ਕੌਣ ਪੜ੍ਹੇਗਾ ਉਸਨੂੰ। ਜੇ ਕੋਈ ਪੜ੍ਹੂਗਾ ਤਾਂ ਪਚਾਊਗਾ ਕਿਵੇਂ। ਜੇ ਗੱਲ ਉਥੋਂ ਤੱਕ ਪਹੁੰਚਗੀ ਨਹੀਂ ਤਾਂ ਫਿਰ... । ਰੌਚਕਤਾ ਲਾਜ਼ਮੀ ਹੈ। ਹਾਂ ਜਿਵੇਂ ਦੇਵਨੀਤ ਨੇ ਕਿਹਾ ਕਿ ਰੌਚਕਤਾ ਦਾ ਰੂਪ ਅਲੱਗ ਹੋ ਸਕਦਾ । ਮੈਂ ਇਸ ਗੱਲ ਨੂੰ ਮੰਨ ਕੇ ਚੱਲਿਆਂ। ਲੇਕਿਨ ਦੇਸ ਰਾਜ ਕਾਲੀ ਦਾ ਇੱਕ ਅਜਿਹਾ ਨਾਵਲ ਟਕਰਾਇਆ, ਜਿਸ ਵਿਚ ਬਿਲਕੁਲ ਰੌਚਕਤਾ ਨਹੀਂ ਹੈ।

**ਜਸਵੀਰ ਢੰਡ**-ਅਸੀਂ ਜਿਹਨਾਂ ਨੇ ਪੰਜਾਬੀ ਸਾਹਿਤ ਨੂੰ ਨਾਨਕ ਸਿੰਘ ਦੇ ਨਾਵਲਾਂ ਤੋਂ ਸ਼ੁਰੂ ਕੀਤਾ, ਇਸ ਤਰ੍ਹਾਂ ਦੇ ਆਦੀ ਹੋਏ ਪਏ ਹਾਂ ਕਿ ਉਹਨਾਂ ਨਾਵਲਾਂ 'ਚ ਇੱਕ ਕਹਾਣੀ ਰਸ ਹੁੰਦਾ ਸੀ। ਤੇ ਚਾਰ -ਚਾਰ ਸੌ ਪੇਜ ਦੇ ਜੋ ਨਾਵਲ ਸਨ, ਇੱਕ ਜਾਂ ਦੋ ਦਿਨਾਂ 'ਚ ਮੁਕਾ ਦਿੰਦੇ ਸਾਂ। ਅੱਜ ਅਸੀਂ ਦੇਸ ਰਾਜ ਕਾਲੀ ਦੇ ਨਾਵਲ 'ਪਰਨੇਸ਼ਵਰੀ' ਦੇ ਸਨਮੁਖ ਹਾਂ। ਤਾਂ ਕਦੇ ਕਦੇ ਮੈਨੂੰ ਐਂ ਲਗਦਾ ਕਿ ਅਸੀਂ ਜੋ ਪੁਰਾਣੇ ਲੋਕ ਹਾਂ ਸਾਨੂੰ ਇਹ ਨਾਵਲ ਸਮਝ ਨਹੀਂ ਆਉਂਦੇ। ਜਾਂ ਤਾਂ ਇਹ ਸਾਡੇ 'ਚ ਨੁਕਸ ਐ, ਜਾਂ ਲਿਖਣ ਵਾਲੇ 'ਚ ਹੈ। ਕਿਤੇ ਨਾ ਕਿਤੇ ਗੈਪ ਹੈਗਾ।

ਦੇਸ ਸਾਡਾ ਅਜੇ ਵੀ ਜਾਤੀਵਾਦ ਦੀ ਜਕੜ ਤੋਂ ਮੁਕਤ ਨਹੀਂ ਹੋਇਆ। ਸਗੋਂ ਦਿਨੋਂ ਦਿਨ ਇਹ ਸਮੱਸਿਆ ਵਧ ਰਹੀ ਹੈ। ਦਲਿਤਾਂ 'ਚ ਵੀ ਇੱਕ ਕਰੀਮੀ ਲੇਅਰ ਪੇਦਾ ਹੋ ਗਈ ਹੈ। ਉਹ ਆਪਣੇ ਆਪ ਨੂੰ ਛੁਪਾਉਂਦੇ ਹਨ। ਪਰੰਤੂ ਇਹਨਾਂ 'ਚ ਇੱਕ ਵਰਗ ਐਸਾ ਹੋਇਆ, ਲੇਖਕਾਂ ਦਾ ਉਹ ਇਸ ਗੱਲ ਨੂੰ ਬੋਲਡਲੀ ਸਵੀਕਾਰ ਕਰਦੇ ਨੇ ਕਿ ਅਸੀਂ ਦਲਿਤ ਹਾਂ। ਇਸੇ ਨਾਵਲ 'ਚ ਇੱਕ ਥਾਂ 'ਤੇ ਜ਼ਿਕਰ ਹੈ ਕਿ ਮੁੰਡਾ ਆਪਣੇ ਸਕੂਟਰ ਪਿੱਛੇ ਲਿਖਵਾਉਂਦਾ 'ਪੁੱਤ ਚਮਾਰ ਦਾ'। ਇਹ ਬਹੁਤ ਵਧੀਆ ਗੱਲ ਹੈ। ਬਹੁਤ ਸਾਰੀਆਂ ਸ੍ਵੈਜੀਵਨੀਆਂ ਵੀ ਦਲਿਤ ਲੇਖਕਾਂ ਦੀਆਂ ਆਈਆਂ। ਇਹਨਾਂ ਵਿੱਚ ਪ੍ਰੇਮ ਗੋਰਖੀ ਦੀ 'ਇਕ ਗੈਰ ਹਾਜ਼ਰ ਆਦਮੀ' ਲਾਲ ਸਿੰਘ ਦਿਲ ਦੀ 'ਦਾਸਤਾਨ' ਫੇਰ 'ਛਾਂਗਿਆ ਰੁੱਖ' ਓਮ ਪ੍ਰਕਾਸ਼ ਵਾਲਮੀਕੀ ਦੀ 'ਜੂਠ'। ਪਰ ਇਹਨਾਂ 'ਚ ਸਾਰੀ ਗੱਲ ਇਹ ਸੀ ਕਿ ਦਲਿਤਾਂ 'ਤੇ ਜੋ ਅੱਤਿਆਚਾਰ ਹੁੰਦਾ, ਕਿਸ ਤਰ੍ਹਾਂ ਦੁਰਕਾਰਿਆ ਗਿਆ। ਤਾਂ ਮੈਨੂੰ ਉਮੀਦ ਸੀ ਕਿ ਸ਼ਾਇਦ ਇਸ ਨਾਵਲ 'ਚ ਵੀ ਇਸ ਤਰ੍ਹਾਂ ਦਾ ਕੁਝ ਹੋਵੇਗਾ। ਪਰ ਉਸ ਤਰ੍ਹਾਂ ਦਾ ਬਿਰਤਾਂਤ ਨਹੀਂ, ਬਲਕਿ ਇਹ ਵੱਖਰੀ ਕਿਸਮ ਦਾ ਨਾਵਲ ਹੈ।

ਗੱਲ ਮੁੱਖ ਤੌਰ 'ਤੇ ਜੋ ਵਧੀਆ ਲੱਗੀ ਕਿ ਇਹ ਨਾਵਲ ਆਪਣੀਆਂ ਜੜ੍ਹਾਂ ਦੀ ਤਲਾਸ਼ ਕਰਦਾ ਹੈ। ਪਾੜ੍ਹਾ ਪਾਤਰ ਹੈ। ਇਸ ਵਿੱਚ ਇਤਿਹਾਸਕ ਵੇਰਵੇ ਹਨ। ਕੀ ਸਾਡਾ ਇਤਿਹਾਸ ਸੀ? ਕੀ ਸਾਡੇ ਪੁਰਖੇ ਸਨ? ਜਿਹੜੇ ਉਹ ਕਹਿੰਦਾ ਸਾਡੇ ਪੁਰਖੇ ਹਨ, ਪਰਨੇਸ਼ਵਰੀ ਦੇਵੀ ਦੇ ਪਦਮ ਆਸਣ ਥੱਲੇ ਲਤਾੜੇ ਪਏ ਹਨ, ਜਾਂ ਨਪੀੜੇ ਪਏ ਹਨ, ਉਹਨਾਂ ਦੀ ਜੋ ਤਲਵਾਰ ਹੈ, ਉਹਨੂੰ ਜੰਗ ਲੱਗ ਚੁੱਕਾ, ਤੇ ਉਹਨਾਂ ਦੀ ਢਾਲ ਚਿੱਬ-ਖੜਿੱਬੀ ਹੋਈ ਪਈ ਆ। ਇਹ ਉਹਨਾਂ ਦਾ ਇਤਿਹਾਸ ਹੈ। ਉਹਨਾਂ ਨੂੰ ਉੱਠਣਾ ਚਾਹੀਦਾ।

ਇੱਕ ਹੋਰ ਗੱਲ ਇਹਦੇ ਵਿੱਚ ਹੈ ਕਿ ਉਹ ਜਾਗਰੂਕ ਕਰਦਾ ਹੈ ਕਿ 'ਪੜ੍ਹੋ'। ਵਿਦਿਆ ਦੇ ਨਾਲ ਹੀ ਤੁਸੀਂ ਇਸ ਹਨੇਰੇ ਨੂੰ ਕੱਟ ਸਕਦੇ ਹੋ, ਵਿਦਿਆ ਹੀ ਤੁਹਾਡੀ ਗੁਲਾਮੀ ਦੀਆਂ ਜੜ੍ਹਾਂ ਨੂੰ ਕੱਟ ਸਕਦੀ ਹੈ। ਇਹ ਗੱਲ ਸਾਰੇ ਨਾਵਲ ਵਿੱਚ ਮੁੱਖ ਰੂਪ 'ਚ ਸਾਹਮਣੇ ਆਉਂਦੀ ਹੈ। ਬਾਕੀ ਇਸ ਨਾਵਲ 'ਚ ਪੈਚਵਰਕ ਹੈ। ਉਸ ਤਰ੍ਹਾਂ ਪੁਰਾਣੇ ਨਾਵਲਾਂ ਵਰਗੀ ਗੋਂਦ ਨਹੀਂ ਹੈ। ਨਾ ਕਹਾਣੀ ਰਸ ਹੈ। ਟੋਟੇ ਨੇ। ਜਿਸ ਹਿਸਾਬ ਨਾਲ, ਜਿੱਥੇ ਗੱਲ ਸੂਤ ਆਉਂਦੀ ਹੈ, ਉੱਥੇ ਮਿੱਥਾਂ ਇਤਿਹਾਸ ਨੂੰ ਵਰਤਦਾ ਹੈ ਤੇ ਆਪਣੀ ਗੱਲ ਨੂੰ ਸਟ੍ਰੈੱਸ ਕਰਦਾ ਹੈ।

ਇਕ ਗੱਲ ਭਾਸ਼ਾ ਦੀ ਹੈ। ਦੁਆਬੀ ਭਾਸ਼ਾ ਦੇ ਬਹੁਤ ਸਾਰੇ ਨਵੇਂ ਲਫਜ਼ ਇਸ ਵਿੱਚੋਂ ਮੈਂ ਨੋਟ ਕੀਤੇ ਹਨ। ਮਸਲਨ ਛਿੰਦੇ ਦੇ ਪੈਰਾਂ 'ਤੇ ਪਈਆਂ ਕਰੋਈਆਂ। 'ਕਰੋਈਆਂ' ਸ਼ਬਦ, ਚਲਗਲ, ਗਿਆਰੀ, ਆਸਵਾਰੀ,



ਬੋਲ-ਬੁਰਾਲਾ, ਅਚੋਆਈ, ਧਾਹਾ ਪਿੰਜਰ, ਪੈਸਲ਼, ਇਹ ਸ਼ਬਦ ਮੇਰੇ ਲਈ ਨਵੇਂ ਹਨ।

ਬਾਕੀ ਵੈਰਾਗੀ ਸਾਹਿਬ ਵਾਲੀ ਗੱਲ ਕਿ ਪਾੜ੍ਹਾ ਸਾਧਾਂ ਸੰਤਾਂ ਕੋਲ ਜਾਂਦਾ ਹੈ। ਪਰ ਮੈਨੂੰ ਉਹ ਸਾਰੇ ਸੰਤ ਪੜ੍ਹੇ-ਲਿਖੇ ਹੀ ਲੱਗੇ। ਹੈ ਤਾਂ ਸਾਰਾ ਇਹ ਧਾਰਮਿਕ ਅਨੁਸ਼ਠਾਨ ਹੀ, ਉਹ ਭਾਵੇਂ ਅੱਜ ਦੇ ਯੁੱਗ ਪੜ੍ਹਿਆਂ ਵਾਸਤੇ ਵਰਜਿਤ ਹੈ, ਪਰੰਤੂ ਇਸ ਨਾਵਲ 'ਚ ਜੋ ਸੰਤ ਨੇ ਚਾਹੇ ਲਹੁਕਾਦਾਸ ਹੈ, ਪੇੜਾ ਦਾਸ ਹੈ, ਜੋ ਪੇੜਾ ਦਾਸ ਹੈ ਉਹਦਾ ਇਹ ਕਹਿਣਾ ਕਿ ਇੱਕ ਬੰਦਾਂ ਗੱਲਾਂ ਕਰੀ ਜਾਂਦਾ ਕਿ ਪ੍ਰਮਾਤਮਾਂ ਦੀ ਰਜਾ ਬਿਨਾ ਤਾਂ ਪੱਤਾ ਵੀ ਨਹੀਂ ਹਿੱਲਦਾ, ਤਾਂ ਪੇੜਾ ਦਾਸ ਵਿਹੜੇ 'ਚ ਲੱਗੇ ਤੂਤ ਨੂੰ ਹਿਲਾ ਕੇ ਕਹਿ ਦਿੰਦਾ ਕਿ ਆਹ ਲੈ, ਆਪਣੇ ਰੱਬ ਨੂੰ ਕਹਿ ਦਈਂ, 'ਉਹਦੀ ਰਜ਼ਾ ਤੋਂ ਬਿਨਾਂ ਈ ਮੈਂ ਸਾਰੇ ਪੱਤੇ ਹਿਲਾ ਦਿੱਤੇ ਸਨ। ਇਹ ਬਹੁਤ ਤਰਕਸ਼ੀਲ ਗੱਲ ਹੈ। ਬਾਕੀ ਲਹੁਕਾ ਦਾਸ ਵੀ, ਈਵਨ ਅੰਬਿਡਕਰ ਨੂੰ ਵੀ ਪੰਜਾਬ 'ਚ ਸੱਦਦੇ ਹਨ, ਸਾਰੇ ਨਾਵਲ 'ਚ ਪੜ੍ਹਾਈ ਹੀ ਦਲਿਤ ਦੀ ਪੀੜ ਨੂੰ ਕੱਟ ਸਕਦੀ ਹੈ, ਵਿਖਾਇਆ ਗਿਆ ਹੈ।

ਇੱਕ ਗੱਲ ਇਹ ਨੁਕਤਾ ਸੀ ਕਿ ਗ਼ੈਰ ਦਲਿਤ ਵੀ ਦਲਿਤਾਂ ਬਾਰੇ ਲਿਖ ਸਕਦਾ ਤਾਂ ਕਾਲੀ ਹੁਰੀਂ ਕਹਿਣਾ ਕਿ ਜੋ 'ਓਏ ਚੂਹੜਿਆ' ਜਾਂ 'ਓਏ ਚਮਾਰਾ' ਜੋ ਅਸੀਂ ਝੱਲੀ ਹੈ, ਉਸ ਪੀੜ ਨੂੰ ਦੂਸਰਾ ਨਹੀਂ ਲਿਖ ਸਕਦਾ। ਤਾਂ ਦਲਿਤਾਂ ਵਲੋਂ ਆਪਣੇ ਦਰਦ ਨੂੰ ਆਪਣੀ ਪੀੜ ਨੂੰ, ਭੋਗੇ ਯਥਾਰਥ ਨੂੰ ਪੇਸ਼ ਕਰਨਾ ਬਹੁਤ ਵਧੀਆ ਗੱਲ ਹੈ। ਬਾਕੀ ਨਾਵਲ ਦੇ ਅਖੀਰ 'ਚ ਪਾੜ੍ਹਾ ਜਿਸ ਮੂਰਤੀ ਨੂੰ ਸਥਾਪਿਤ ਕਰਦਾ ਹੈ ਤਾਂ ਉਹਦੇ 'ਚ ਜੋ ਗਣਪਤਿ ਹੈ, ਉਹਦੀ ਤਲਵਾਰ ਉਹ ਲਹੂ ਲਿਬੜੀ ਵਿਖਾਉਂਦਾ ਹੈ। ਇਹ ਪ੍ਰਤੀਕ ਖੁੱਲ੍ਹਣਾ ਚਾਹੀਦਾ ਹੈ।

**ਡਾ. ਸਰਬਜੀਤ**-ਮੈਂ ਵਿੱਚ ਹੀ ਗੱਲ ਕਰਨੀ ਚਾਹੁੰਦਾ। ਦੋ ਗੱਲਾਂ ਤਾਂ ਮੇਰੇ ਆਪਣੇ ਲਈ ਬਹੁਤ ਵਧੀਆ ਰਹੀਆਂ, ਇੱਕ ਜਿਹੜੀ ਦੇਵਨੀਤ ਹੁਰਾਂ ਵਾਲੀ ਗੱਲ ਸੀ 'ਲਾਈਟ ਐਂਡ ਸਾਊਂਡ' ਵਾਲੀ ਤੇ ਦੂਸਰੀ ਜਿਹੜੀ ਢੰਡ ਹੁਰਾਂ ਗੱਲ ਕੀਤੀ 'ਪੈਚਵਰਕ' ਵਾਲੀ, ਇਹਨਾਂ ਦੋਵਾਂ ਗੱਲਾਂ ਨਾਲ ਮੈਂ ਬਹੁਤ ਨੇੜਿਉਂ ਸਹਿਮਤ ਹਾਂ। ਗੱਲ ਵਾਰ-ਵਾਰ ਜੋ ਉੱਠ ਰਹੀ ਹੈ, ਜੜ੍ਹਾਂ ਨਾਲ ਜੁੜਨ ਦਾ ਜੋ ਮਸਲਾ, ਮੈਨੂੰ ਲਗਦਾ ਸੀ ਕਿ ਮਿੱਤਰ ਇਸ ਬਾਰੇ ਡੀਟੇਲ ਨਾਲ ਗੱਲ ਕਰਨਗੇ। ਸਵਾਲ ਇਹ ਪੈਦਾ ਜਿਹੜਾ ਪਿਛਲੇ ਸਮੇਂ 'ਚ ਹੋਇਆ, ਇਹ ਕਾਲੀ ਦੀ ਫਿਕਸ਼ਨ 'ਚ ਹੀ ਨਹੀਂ ਹੋ ਰਿਹਾ, ਪੰਜਾਬ ਦੇ ਵਿੱਚ ਜਿਹੜਾ ਲਿਖਿਆ ਜਾ ਰਿਹਾ ਸਾਹਿਤ ਹੈ, ਉਹਦੇ ਵਿੱਚ ਇਕ ਇਸ ਕਿਸਮ ਦਾ ਸਾਹਿਤ ਵੀ ਸਾਹਮਣੇ ਆ ਰਿਹਾ, ਜਿਹੜਾ ਆਪਣੀਆਂ ਜੜ੍ਹਾਂ ਦੀ ਤਲਾਸ਼ ਤੇ ਮਨੁੱਖ ਦੀ ਤਲਾਸ਼ ਨੂੰ ਮੁੜ ਪਰਿਭਾਸ਼ਤ ਕਰ ਰਿਹਾ ਹੈ। ਖ਼ਾਸ ਤੌਰ 'ਤੇ ਤੁਸੀਂ ਮਨਮੋਹਨ ਬਾਵਾ ਦਾ ਨਾਵਲ 'ਯੁੱਧਨਾਦ' ਹੈ ਜੋ, ਉਹ ਇਉਂ ਲੱਗ ਰਿਹਾ ਕਿ ਉਹ ਸਮੁੱਚੀ ਪੰਜਾਬੀਅਤ ਨੂੰ ਮੁੜ ਪਰਿਭਾਸ਼ਤ ਕਰਨ ਦਾ ਮਸਲਾ ਹੈ, ਚਾਹੇ ਉਹ ਮਨਮੋਹਨ ਬਾਵਾ 'ਚ ਹੋਵੇ ਜਾਂ ਸਵਰਾਜਬੀਰ ਦੇ ਨਾਟਕ 'ਕ੍ਰਿਸ਼ਨ' ਦੇ ਵਿੱਚ ਹੋਵੇ, ਜਾਂ ਕਾਲੀ ਦੇ ਨਾਵਲ 'ਪਰਨੇਸ਼ਵਰੀ' 'ਚ ਹੋਵੇ, ਇਹ ਮਸਲਾ ਅੱਜ ਦੇ ਯੁੱਗ 'ਚ ਪੈਦਾ ਕਿਉਂ ਹੋਇਆ? ਸਵਾਲ ਇਹ ਹੈ? ਇਹ ਸਵਾਲ ਵੱਡਾ ਹੈ।

**ਨਿਰੰਜਣ ਬੋਹਾ**-ਦੋਸਤੋਂ, ਪਰਚਿਆਂ ਵਿੱਚ ਵੀ ਤੇ ਗੱਲਬਾਤ ਵਿੱਚ ਵੀ ਇਹ ਗੱਲ ਉਭਰ ਕੇ ਸਾਹਮਣੇ ਆਈ ਹੈ ਕਿ ਦੇਸ ਰਾਜ ਕਾਲੀ ਦਾ ਨਾਵਲ ਕੱਥ ਤੇ ਵੱਥ ਪੱਖੋਂ ਬਿਲਕੁਲ ਨਵਾਂ ਹੈ। ਨਵੀਆਂ ਸਥਾਪਨਾਵਾਂ ਕਾਇਮ ਕਰਦਾ ਹੈ। ਤੇ ਪੁਰਾਣੀਆਂ ਨੂੰ ਤੋੜਦਾ ਹੈ। ਜਦੋਂ ਅੱਜ ਦਾ ਨਵਾਂ ਨਾਵਲ ਇਸ ਯੁੱਗ ਦੀਆਂ ਨਵੀਆਂ ਪਰਵਿਰਤੀਆਂ ਨੂੰ ਦੂਜੀ ਜਾਂ ਤੀਜੀ ਪੀੜ੍ਹੀ ਦੇ ਨਾਵਲਕਾਰਾਂ ਨਾਲੋਂ ਵਧੇਰੇ ਸ਼ਿੱਦਤ ਨਾਲ ਮਹਿਸੂਸ ਕਰ ਰਿਹੈ, ਅਭਿਵਿਅਕਤ ਕਰਨ ਦੀ ਉਹਦੀ ਸਮਰਥਾ ਵੱਧ ਹੈ, ਤਾਂ ਉਹਦਾ ਹੱਕ ਬਣਦਾ ਹੈ ਕਿ ਉਹਨੂੰ ਦੂਜੀ ਜਾਂ ਤੀਜੀ ਪੀੜ੍ਹੀ ਦੇ ਨਾਵਲਕਾਰਾਂ ਨਾਲੋਂ ਵਖਰਿਆ ਕੇ ਨਵੇਂ ਨਾਵਲ ਕਹਿਣ ਦੀ ਪਿਰਤ ਪਾਈ ਜਾਵੇ।

ਮੈਂ ਜੋ 'ਪਰਨੇਸ਼ਵਰੀ' ਦੇ ਪਾਠ 'ਚੋਂ ਮਹਿਸੂਸ ਕੀਤਾ ਹੈ, ਉਹ ਇਹ ਕਿ ਜੋ ਸਾਡੇ ਪਰੰਪਰਕ ਦਲਿਤ ਲੇਖਕ ਹਨ, ਉਹਨਾਂ ਦੇ ਮੁਕਾਬਲੇ ਵਿੱਚ ਕਾਲੀ ਦਾ ਦ੍ਰਿਸ਼ਟੀਕੋਣ ਮੌਲਿਕ ਤੇ ਵੱਖਰਾ ਹੈ। ਇਹ ਨਾਵਲ ਲਾਈਨ ਤੋਂ ਹਟ ਕੇ ਇਹ ਜ਼ਰੂਰੀ ਸਮਝਦਾ ਹੈ ਕਿ ਦਲਿਤ ਸਮਾਜ ਦੀ ਚੇਤਨਾ ਦਾ ਪੱਧਰ ਉੱਚਾ ਚੁੱਕਿਆ ਜਾਵੇ। ਦੂਸਰਾ ਨੁਕਤਾ ਜੋ ਸਾਹਮਣੇ ਆਇਆ, ਗੱਲ ਕਰਨੈਲ ਵੈਰਾਗੀ ਨੇ ਸ਼ੁਰੂ ਕੀਤੀ, ਉਹ ਪਾੜ੍ਹੇ ਦੇ ਡੇਰਿਆਂ 'ਚ ਤੁਰੇ-ਫਿਰਨ ਨੂੰ ਲੈ ਕੇ, ਮੈਂ ਉਹਨੂੰ ਆਪਣੀ ਸਮਝ ਮੁਤਾਬਿਕ ਵੇਖਿਆ ਹੈ ਕਿ ਕਿਸੇ ਵੀ ਮਨੁੱਖ ਨੂੰ ਉਹਦੀ ਧਾਰਮਿਕ ਆਸਥਾ

ਨਾਲੋਂ ਤੋੜਿਆ ਨਹੀਂ ਜਾ ਸਕਦਾ। ਅਸੀਂ ਧਰਮ ਦੇ ਹੱਕ ਜਾਂ ਵਿਰੋਧ ਵਿੱਚ ਜਦੋਂ ਪੈਂਤੜਾ ਲੈਂਦੇ ਹਾਂ ਤਾਂ ਇਹਦੇ 'ਚ ਹੋਰ ਵੀ ਮੁਸਕਿਲਾਂ ਪੇਸ਼ ਆਉਂਦੀਆਂ ਹਨ। ਇਸ ਨਾਵਲ ਵਿੱਚ ਸੰਤ ਲਹੁਕਾ ਦਾਸ, ਪੇੜਾ ਦਾਸ, ਲੋਕਪੱਖੀ ਜਾਂ ਦਲਿਤ ਸਮਾਜ ਦੇ ਚੇਤਨ ਪ੍ਰਤੀਨਿਧ ਹਨ, ਇਸਨੂੰ ਸਮਝਣ ਦੀ ਲੋੜ ਹੈ। ਉਹ ਦਲਿਤ ਰਾਜਨੀਤੀ ਪ੍ਰਤੀ ਵੀ ਚੇਤਨ ਹਨ। ਜੋ ਬ੍ਰਹਮਦਾਸ ਸਿਰਫ ਧਾਰਮਿਕ ਹੁੰਦੇ ਤਾਂ ਉਹਨਾਂ ਨੂੰ ਅੰਬਡੇਕਰ ਨਾਲ ਮੁਲਾਕਾਤ ਕਰਨ ਦੀ ਕੀ ਲੋੜ ਸੀ?

ਨਾਵਲ ਦੇ ਪਾਤਰਾਂ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਵਧੇਰੇ ਪਾਤਰ ਕਈ ਦਬਾਵਾਂ ਨੂੰ ਝੱਲਦੇ ਹਨ, ਆਪਣੀ ਸਾਰਥਕ ਪ੍ਰਤੀਕ੍ਰਿਆ ਨਹੀਂ ਦੇ ਸਕਦੇ, ਜਿਵੇਂ ਰਾਵਲ ਹੈ, ਜਾਗੀ ਹੈ, ਰੋਸ਼ੀ ਹੈ, ਉਹਦੀ ਪਤਨੀ ਹੈ, ਇਸ ਕਰਕੇ ਉਹਨਾਂ ਦੇ ਜੀਵਨ ਵਿੱਚ ਇੱਕ ਬੇਤਰਤੀਬਾਪਣ ਹੈ। ਇੱਕ ਤਣਾਓ ਹੈ। ਇਸਦੇ ਮੁਕਾਬਲੇ ਵਿੱਚ ਨੰਜੂ ਤੇ ਪਾੜ੍ਹਾ ਉਹਨਾਂ ਕੋਲ ਵਿਅਕਤ ਕਰਨ ਦੀ ਸਮਰਥਾ ਹੈ। ਇਹ ਇਸ ਸਮਰਥਾ ਕਰਕੇ ਸਮਾਜਿਕ ਦਬਾਵਾਂ ਦਾ ਸਾਹਮਣਾ ਕਰਦੇ ਹਨ। ਢੰਡ ਜੀ ਨੇ ਗੱਲ ਕੀਤੀ ਸੀ, ਕਿ ਧੱਫੇ ਵੱਜਣਾ, ਗੈਰ ਵਿਗਿਆਨਕ ਹੈ, ਪ੍ਰੰਤੂ ਨੰਜੂ ਦਾ ਪ੍ਰਤੀਕਰਮ ਇੱਥੇ ਬਹੁਤ ਅਗਾਂਹਵਧੂ ਹੈ। ਸ਼ਾਇਦ ਢੰਡ ਜੀ ਨੇ ਧਿਆਨ ਨਹੀਂ ਦਿੱਤਾ। ਉਸਦਾ ਖੁਲਾਸਾ ਵਿਗਿਆਨਕ ਨਜ਼ਰੀਏ ਨਾਲ ਨਾਵਲ ਵਿੱਚ ਕਰ ਦਿੱਤਾ ਜਾਂਦਾ ਹੈ। ਤੀਸਰੀ ਗੱਲ ਜੋ ਨੁਕਤਾ ਸਿੱਧੂ ਸਾਹਬ ਵਲੋਂ ਉਠਾਇਆ ਗਿਆ ਕਿ ਨਾਵਲ 'ਚ ਰੌਚਕਤਾ ਨਹੀਂ। ਸਧਾਰਨ ਪਾਠਕ ਇਸ ਨਾਵਲ ਨੂੰ ਇਸ ਸ਼ਿੱਦਤ ਨਾਲ ਨਹੀਂ ਪੜ੍ਹ ਸਕਦਾ, ਪਰ ਮੇਰਾ ਵਿਚਾਰ ਹੈ ਕਿ ਸਤਹੀ ਬਿਰਤਾਂਤ ਵਾਲੀਆਂ ਰਚਨਾਵਾਂ ਨੂੰ ਵੀ ਅੱਜ ਦੇ ਪਾਠਕ ਵੱਲੋਂ ਨਕਾਰਿਆ ਜਾ ਰਿਹਾ ਹੈ। ਸਾਡਾ ਅੱਜ ਦਾ ਪਾਠਕ ਕੁਝ ਨਾ ਕੁਝ ਨਵਾਂ ਜ਼ਰੂਰ ਚਾਹੁੰਦਾ ਹੈ।

**ਬਲਦੇਵ ਮਿਸਤਰੀ**-ਸਾਹਿਤਕਾਰ ਮਿਤਰੋਂ ! ਜਦੋਂ ਮੈਂ ਕਾਲੀ ਦਾ ਨਾਵਲ ਥੋੜ੍ਹਾ ਜਿਹਾ ਪੜ੍ਹਿਆ ਤਾਂ ਮੈਨੂੰ ਮਨਮੋਹਨ ਬਾਵਾ ਦੀਆਂ ਕਹਾਣੀਆਂ ਯਾਦ ਆਈਆਂ। ਕਿਉਂਕਿ ਇਤਿਹਾਸ ਮਿਥਿਹਾਸ ਬਾਰੇ ਪੰਜਾਬੀ 'ਚ ਉਸੇ ਦੀਆਂ ਹੀ ਕਹਾਣੀਆਂ ਹਨ। ਪਰੰਤੂ ਜਦੋਂ ਮੈਂ ਇਸ ਨਾਵਲ ਦੇ ਦੂਜਾ, ਤੀਜਾ, ਚੌਥਾ ਕਾਂਡ ਪੜ੍ਹਿਆ ਤਾਂ ਉਹ ਕਿਸੇ ਹੋਰ 'ਤੇ ਸਨ, ਜਾਂ ਹੋਰ ਤਰ੍ਹਾਂ ਦੇ ਹਨ। ਮੈਂ ਸੋਚਿਆ ਕਿ ਇਹ ਤਾਂ ਚਿਣਾਈ 'ਚ ਫਰਕ ਰਹਿ ਗਿਆ। ਦੂਜੀ ਗੱਲ, ਜਦੋਂ ਮੈਂ ਇਹ ਪੜ੍ਹਿਆ ਦੋਆਬੇ ਬਾਰੇ ਸੋਚਿਆ, ਅੰਗਰੇਜ਼ਾ ਦੇ ਅੰਡਰ ਹੋਣਾ ਭਾਵੇਂ ਉਦੋਂ ਬਦਕਿਸਮਤ ਸਮਝਿਆ ਜਾਂਦਾ ਸੀ, ਪਰੰਤੂ ਉਹਨਾਂ ਦੀ ਕਿਸਮਤ ਚੰਗੀ ਕਿ ਦੋਆਬਾ ਅੰਗਰੇਜ਼ਾਂ ਦੇ ਅੰਡਰ ਰਿਹਾ। ਇਸੇ ਕਰਕੇ ਦੋਆਬੇ ਦੇ ਦਲਿਤ ਤੋਂ ਸਾਡਾ ਜੱਟ ਪਿੱਛੇ ਹੈ।

ਦੂਜਾ ਇਸ ਨਾਵਲ 'ਚ ਕ੍ਰਿਸ਼ਨ ਦਾ ਮੱਲ ਯੁੱਧ ਵੀ ਆ ਗਿਆ, ਰਾਜੇ ਭੋਜ ਦੀ ਕਥਾ ਵੀ ਆ ਗਈ, ਗੁੱਗੇ ਜਾਹਰ ਪੀਰ ਬਾਰੇ ਵੀ ਆ ਗਿਆ, ਹੋਰ ਵੀ ਬਹੁਤ ਸਾਰੀ ਜਾਣਕਾਰੀ ਦੇਸ ਰਾਜ ਕਾਲੀ ਨੇ ਦੇ ਦਿੱਤੀ। ਪਰ ਫੇਰ ਵੀ ਮੈਂ ਨਾਵਲ ਪੜ੍ਹਦਾ-ਪੜ੍ਹਦਾ ਮੈਨੂੰ ਤਿੰਨ ਕੁ ਵਾਰੀ ਦਿਮਾਗ ਨੂੰ ਰੈਸਟ ਦੇਣ ਵਾਸਤੇ, ਨਾਵਲ ਮੈਨੂੰ ਵਿਚਾਲੇ ਈ ਛੱਡਣਾ ਪਿਆ। ਇੱਕ ਗੱਲ ਹੋਰ ਐ ਕਿ ਕਹਾਣੀ ਲਿਖਣਾ ਹੋਰ ਐ, ਨਾਵਲ ਲਿਖਣਾ ਹੋਰ। ਇਸ ਨਾਵਲ 'ਚ ਦੋ ਪਾਤਰ ਨੇ-ਨੰਜੂ ਤੇ ਪਾੜ੍ਹਾ ਇਹ ਦੋਵੇਂ ਹੀ ਪਾਤਰ ਕ੍ਰਿਆਸ਼ੀਲ ਨੇ, ਹੋਰ ਕੋਈ ਪਾਤਰ ਕ੍ਰਿਆਸ਼ੀਲ ਨਹੀਂ ਹੈ। ਲਹੁਕਾ ਦਾਸ ਹੈ, ਬ੍ਰਹਮ ਦਾਸ ਹੈ, ਡਾਕਟਰ ਅੰਬੇਡਕਰ, ਮੰਗੂ ਰਾਮ ਦਾ ਵੀ ਜ਼ਿਕਰ ਹੈ। ਉਹ ਇਸ ਕਰਕੇ ਹੈ ਕਿ ਇਤਿਹਾਸ ਤਾਂ ਮੰਗੂ ਰਾਮ, ਅੰਬੇਡਕਰ ਨਾਲ ਬਣਦਾ ਹੈ ਤੇ ਮਿਥਿਹਾਸ ਸਾਧਾ ਸੰਤਾਂ ਨਾਲ। ਬਾਕੀ, ਨਾਵਲ ਹੋਰ ਵਿਸਥਾਰ ਦੀ ਮੰਗ ਕਰਦਾ ਹੈ।

ਆਖਰੀ ਗੱਲ ਅੰਮ੍ਰਿਤਾ ਨੂੰ ਕਿਸੇ ਨੇ ਪੁੱਛਿਆ ਕਿ ਤੁਸੀਂ ਚੌਰਾਸੀ ਵੇਲੇ ਕਿਉਂ ਨਾ ਕਵਿਤਾ ਲਿਖੀ? ਕਿਉ ਨਾ ਵਾਰਸ ਸ਼ਾਹ ਨੂੰ ਅਵਾਜ਼ਾ ਮਾਰੀਆਂ? ਉਹਨੇ ਕਿਹਾ, "ਕਵਿਤਾ ਤੇ ਬੱਚਾ ਦੋਵੇਂ, ਦੁਨੀਆਂ ਦੀ ਬੁਨਿਆਦ। ਪਰ ਕਵਿਤਾ ਤੇ ਬੱਚਾ ਦੋਵੇ ਪੈਦਾ ਹੁੰਦੇ ਜੰਮਣ ਪੀੜਾ ਨਾਲ।" ਠੀਕ ਹੈ ਕਿ ਤੁਸੀਂ ਜੰਮਣ ਪੀੜਾ ਹੰਢਾਈਆਂ ਨੇ, ਤੁਸੀਂ ਹੀ ਲਿਖ ਸਕਦੇ ਹੋ। ਤੁਸੀਂ ਦਲਿਤ ਹੋਣ ਦਾ ਦਰਦ ਹੰਢਾਇਆ ਹੈ, ਮੈਂ ਨਹੀਂ ਹੰਢਾਇਆ, ਮੈਂ ਨਹੀਂ ਇਹ ਲਿਖ ਸਕਦਾ। ਦਲਿਤ ਦਾ ਦਰਦ ਦਲਿਤ ਹੀ ਲਿਖ ਸਕਦਾ ਹੈ।

**ਦੇਸ ਰਾਜ ਕਾਲੀ**-ਮੈਂ ਇੱਥੇ ਕੁਝ ਗੱਲਾਂ ਕਰਨੀਆਂ ਚਾਹੁੰਦਾ ਹਾਂ। ਹਾਂ ਇਹ ਹੈ ਕਿ ਲੇਖਕ ਦੀਆਂ ਸੀਮਾਵਾਂ ਹੁੰਦੀਆਂ ਨੇ, ਪਰ ਜਿਹੜਾ ਬੰਦਾ ਸੌ ਪੇਜ਼ ਲਿਖਦਾ ਹੈ, ਉਹ ਸਟਡੀ ਕਰਦਾ ਹੈ, ਔਰ ਮੈਂ ਸਟਡੀ ਕੀਤੀ



ਹੈ। ਮੈਂ ਸੱਤ ਸਾਲ ਤੋਂ ਨਾਵਲ 'ਤੇ ਕੰਮ ਕਰ ਰਿਹਾ ਹਾਂ। ਮੈਂ ਛੇ ਨਾਵਲ ਲਿਖੇ ਹਨ। 2008 'ਚ ਛਾਪ ਦੇਣੇ ਹਨ। ਇਹ ਪਹਿਲਾ ਨਾਵਲ ਸੀ। ਇਹਦੇ ਉੱਤੇ ਕਾਫੀ ਮਿਹਨਤ ਮੈਂ ਕੀਤੀ ਹੈ। ਜਿਵੇਂ ਇੱਥੇ ਗਣਪਤੀ ਦੀ ਗੱਲ ਕੀਤੀ ਗਈ ਹੈ, ਗਣੇਸ਼ ਨੂੰ ਕਹਿੰਦੇ ਹਨ। ਗਣਪਤੀ ਸ਼ੁੱਭ ਦਾ ਪ੍ਰਤੀਕ ਕਦੋਂ ਬਣਦਾ, ਉਹ ਮੈਂ ਤੁਹਾਨੂੰ ਦੱਸਦਾਂ। ਗੁਪਤਿਆਂ ਦੇ ਪੀਰੀਅਡ ਤੋਂ ਪਹਿਲਾਂ ਇਹ ਅਸ਼ੁੱਭ ਦਾ ਪ੍ਰਤੀਕ ਸੀ। ਇਹ ਨੇਟਿਵ ਦੇਵਤਾ ਹੈ। ਟਰਾਈਬਲ ਲੋਕਾਂ ਦਾ ਦੇਵਤਾ ਸੀ। ਬਾਰ੍ਹਵੀਂ ਸਦੀ 'ਚ ਗੁਪਤਿਆਂ ਦੇ ਪੀਰੀਅਡ 'ਚ ਇਸਨੂੰ ਸ਼ੁੱਭ ਦਾ ਪ੍ਰਤੀਕ ਬਣਾ ਕੇ 200 ਫੁੱਟ ਉੱਚੀ ਮੂਰਤੀ ਸਥਾਪਿਤ ਕੀਤੀ ਜਾਂਦੀ ਹੈ। ਇਸ ਤੋਂ ਪਹਿਲਾਂ ਇਹ ਅਸ਼ੁੱਭ ਦਾ ਹੀ ਪ੍ਰਤੀਕ ਸੀ। ਇਸ ਸਾਜ਼ਿਸ਼ ਨੂੰ ਵੀ ਸਮਝਣ ਦੀ ਲੋੜ ਹੈ। ਇਸ ਦੀ ਸਟਡੀ ਕਲਚਰਲ ਹਿਸਟਰੀ ਨੂੰ ਸਮਝਣ ਲਈ ਵੀ ਬਹੁਤ ਜ਼ਰੂਰੀ ਹੈ। ਮਤਬਲ ਕਾਲੇ ਪਾਸੇ ਨੂੰ ਚਿੱਟਾ ਪਾਸਾ ਬਣਾ ਲਿਆ ਗਿਆ। ਸਿੱਖ ਪਰੰਪਰਾ ਵਿੱਚ ਵੀ ਮੈਂ ਗੁਰੂ ਗੋਬਿੰਦ ਸਿੰਘ ਦੇ ਚਿੰਤਨ ਬਾਰੇ ਗੱਲ ਕਰਨੀ ਚਾਹਾਂਗਾ। ਉਹ ਨੇਟਿਵ ਦੇਵਤੇ ਨੂੰ ਲੈ ਕੇ ਆਪਣੇ ਵਿਚਾਰ ਪੇਸ਼ ਕਰ ਰਹੇ ਸਨ। ਉਹ ਬਹੁਤ ਸਪਸ਼ਟ ਸਨ। ਉਹ ਕਹਿ ਰਹੇ ਸਨ, ਦੇਹ ਸ਼ਿਵਾ ਵਰ ਮੋਹੇ ਏਹੋ ! ਉਹ ਛੰਦ ਵੀ ਨੇਟਿਵਾਂ ਵਾਲੇ ਵਰਤਦੇ ਹਨ ! ਜਿਵੇਂ ਚਾਚਰੀ ਛੰਦ ਹੈ, ਭੁਜੰਗ ਧਰਿਓ ਛੰਦ ਹੈ। ਇਹ ਸਾਰੇ ਨੇਟਿਵਾਂ ਵਾਲੇ ਛੰਦ ਹਨ। ਗੁਰੂ ਗੋਬਿੰਦ ਸਿੰਘ ਬਹੁਤ ਸਪਸ਼ਟ ਹਨ। ਉਹ ਕਹਿੰਦੇ ਹਨ- ਕਿਸ਼ਨ, ਬਿਸ਼ਨ ਮੈਂ ਕਭਹੋਂ ਨਾ ਧਿਆਓਂ, ਜੋ ਵਰ ਚਾਹੋਂ, ਸੋ ਤੁਮਤੇ ਪਾਓਂ... !

ਮੈਂ ਜਦੋਂ ਦਲਿਤਾਂ ਦੀ ਕਲਚਰਲ ਹਿਸਟਰੀ ਨੂੰ ਸਮਝ ਰਿਹਾ ਸੀ, ਸਟਡੀ ਕਰ ਰਿਹਾ ਸੀ, ਤਾਂ ਮੈਂ ਦੇਵੀ ਪ੍ਰਸਾਦ ਚਟੋਪਾਧਿਆਇ ਦੀ ਪੁਸਤਕ' ਲੋਕਾਇਤ' ਪੜ੍ਹੀ। ਉਸ ਪੁਸਤਕ ਨੇ ਖਿੜਕੀਆਂ ਖੋਲ੍ਹ ਦਿੱਤੀਆਂ। ਲੋਕਾਇਤ ਸਾੜ ਈ ਦਿੱਤੇ। ਉਹਨਾਂ ਦੇ ਗ੍ਰੰਥ ਸਾੜ ਦਿੱਤੇ। ਪੂਰੇ ਦਾ ਪੂਰਾ ਕਿਵੇਂ ਜਾਤੀਵਾਦ ਆਇਆ। 99 ਪ੍ਰਤੀਸ਼ਤ ਜੋ ਪੌਰਾਣ ਨੇ, ਉਹ ਔਰਤ ਨੂੰ ਤੇ ਦਲਿਤ ਨੂੰ ਕਿਵੇਂ 'ਪਾਪ ਜੋਨੀ' ਕਹਿ ਰਹੇ ਨੇ 'ਤੇ ਭਗਤੀ ਦੇ ਸੰਕਲਪ ਨੂੰ ਪੱਕਿਆਂ ਕਰ ਰਹੇ ਨੇ। ਇਹ ਸਮਝਣ ਦੀ ਲੋੜ ਹੈ। ਪੰਜਾਬ ਵਿੱਚ ਕਿਉਂਕਿ ਕਿਸੇ ਵੀ ਪੌਰਾਣ ਦੀ ਰਚਨਾ ਨਹੀਂ ਹੋਈ, ਇਸ ਲਈ ਇੱਥੇ ਕਾਸਟ ਦਾ ਵਰਤਾਰਾ ਵੱਖਰੀ ਭਾਂਤ ਦਾ ਹੈ। ਹੋਰ ਵੀ ਬਹੁਤ ਸਾਰੇ ਕਾਰਨ ਹਨ, ਜਿਹਨਾਂ ਵਿੱਚੋਂ ਤੁਰਕਾਂ ਦੇ ਪੀਰੀਅਡ 'ਚ ਪੰਜਾਬ ਦੇ ਆਰਥਿਕ ਢਾਂਚੇ ਦੀ ਦੇਣ ਨੂੰ ਵੀ ਸਮਝਿਆ ਜਾਣਾ ਚਾਹੀਦਾ ਹੈ।

ਇਸੇ ਤਰ੍ਹਾਂ ਹੀ 'ਪਰਣੇਸ਼ਵਰੀ' ਹੈ। ਜਿਵੇਂ ਉਹ ਲਹੂ ਲਿਬੜੀ ਤਲਵਾਰ ਹੈ, ਜਿਹੜਾ ਉਹ ਪਾਤਰ ਹੈ, ਉਹ ਉਸ ਗੱਲ ਨੂੰ ਸਥਾਪਿਤ ਕਰਦਾ ਹੈ, ਜਿਸਨੂੰ ਸਥਾਪਿਤ ਕਰਦਾ ਹੈ, ਜਿਸਦੇ ਪੂਰਵਜ ਦੇ ਹੱਥ 'ਚ ਲਹੂ ਲਿਬੜੀ ਤਲਵਾਰ ਤੇ ਚਿੱਬ ਖੜਿੱਬੀ ਢਾਲ ਹੈ। ਉਹ ਹਾਰ ਗਿਆ ਹੈ, ਪਰ ਉਹ ਹਰਿਆ ਹੈ ਲੜਦਾ ਹੋਇਆ। ਤਲਵਾਰ ਨੂੰ ਖੂਨ ਲੱਗਾ ਦੱਸਦਾ ਕਿ ਉਸਨੇ ਮਾਰੇ ਨੇ। ਢਾਲ ਚਿੱਬ ਖੜਿੱਬੀ ਦੱਸਦੀ ਕਿ ਉਸਨੇ ਵਾਰ ਵੀ ਸਹੇ ਹਨ। ਇਹ ਉਹਦਾ ਸਿੰਬਲ ਹੈ। ਉਹਨੇ ਆਤਮ ਸਮਰਪਣ ਨਹੀਂ ਕੀਤਾ ਹੈ। ਪਾੜ੍ਹੇ ਨੂੰ ਆਪਣੀਆਂ ਜੜ੍ਹਾਂ 'ਚੋਂ ਇਹ ਲੱਭਦਾ ਹੈ ਕਿ ਸਾਡੇ ਪੂਰਵਜਾਂ ਨੇ ਆਤਮ ਸਮਰਪਣ ਨਹੀਂ ਕੀਤਾ ਹੈ। ਲੜਦਿਆਂ ਹਾਰ ਗਿਆ, ਤਾਂ ਕੋਈ ਗੱਲ ਨਹੀਂ, ਇਹ ਮੈਟਰ ਨਹੀਂ ਕਰਦਾ। ਪਰ ਉਹਨਾਂ ਆਤਮ ਸਮਰਪਣ ਨਹੀਂ ਕੀਤਾ।

ਦੂਸਰਾ ਜੋ ਸਾਹਿਤ ਹੈ, ਮੈਂ ਪਹਿਲਾਂ ਉਸਨੂੰ ਸਾਹਿਤ ਬਣਨ ਦੇਣ ਦੇ ਹੱਕ 'ਚ ਹਾਂ। ਵਾਲਟਰ ਬੈਂਜਾਮਿਨ ਵਰਗੇ ਵਿਦਵਾਨ ਵੀ ਇਸ ਹੱਕ 'ਚ ਹਨ। ਉਹ ਕਹਿੰਦੇ ਨੇ ਕਿ ਸਾਹਿਤ ਪੌਲੀਟਿਕਸ ਤਾਂ ਹੁੰਦੀ ਹੈ, ਪਰੰਤੂ ਪਹਿਲੀ ਸ਼ਰਤ ਉਸਦਾ ਸਾਹਿਤ ਹੋਣਾ ਹੈ। ਜੋ 'ਪਰਣੇਸ਼ਵਰੀ' ਹੈ, ਮੇਰੇ ਮਨ 'ਚ ਵੀ ਤੇ ਡਿਕਸ਼ਨਰੀ ਦੇ ਮੁਤਾਬਿਕ ਵੀ ਇਹਦੇ ਘੱਟੋ ਘੱਟ ਤੀਹ ਮਤਲਬ ਹਨ। ਉਹ ਵੀ ਵੱਖੋ ਵੱਖ ਤੇ ਬਹੁਤ ਹੀ ਗਹਿਰੇ। ਮੈਂ ਕੋਸ਼ਿਸ਼ ਕੀਤੀ ਹੈ ਕਿ ਪੂਰੇ ਨਹੀਂ ਤਾਂ ਅੱਧੇ ਮਤਲਬ ਜ਼ਰੂਰ ਨਾਵਲ 'ਚੋਂ ਨਿਕਲ ਆਉਣ !


ਬਾਕੀ ਇੱਥੇ ਜੋ ਪਾਤਰਾਂ ਦੇ ਧੱਫੇ ਵੱਜਣੇ, ਜਾਂ ਲਾਲ ਕੱਪੜਿਆਂ ਵਾਲੇ ਵਿਖਾਈ ਦੇਣੇ ਜਾਂ ਪੌਣ ਆਉਣੀ ਨੂੰ ਵਹਿਮ ਭਰਮ ਕਿਹਾ ਗਿਆ ਹੈ, ਮੈਂ ਇਸਨੂੰ ਵਿਗਿਆਨਕ ਤਰੀਕੇ ਨਾਲ ਹੀ ਸਮਝਣ ਦੀ ਕੋਸ਼ਿਸ਼ ਕੀਤੀ ਹੈ। ਇਹ ਮਨੋਰੋਗ ਹਨ, ਜਿਸ 'ਚ ਹਿਸਟਰੀਆ ਵੀ ਹੈ ਅਤੇ ਮਨੁੱਖੀ ਸਰੀਰ 'ਚ ਰੰਗਾਂ ਦੀ ਘਾਟ ਦਾ ਹੋਣਾ ਵੀ ਹੈ ਜਾਂ ਅਸੁੱਰਖਿਆਤਾ ਚੋਂ ਪੈਦਾ ਹੋਈ ਮਾਨਸਿਕ ਕਮਜ਼ੋਰੀ ਵੀ ਹੈ। ਇਹਨਾਂ ਨੂੰ ਵਹਿਮ ਦੀ ਥਾਂ ਤੁਸੀਂ ਬਿਮਾਰੀ ਦੇ

ਰੂਪ 'ਚ ਸਮਝਦੇ ਤਾਂ ਗੱਲ ਹੋਰ ਹੋਣੀ ਸੀ।

(ਇੱਥੋਂ ਬਹੁਤ ਸਾਰੀ ਟੇਪ ਕੱਟੀ ਹੋਈ ਸੀ। ਜਿਸ ਵਿਚ ਡਾ. ਐਸ ਤਰਸੇਮ ਦਾ ਨਾਵਲ ਦੇ ਪੱਖ 'ਚ ਲੰਬਾ ਭਾਸ਼ਣ ਸੀ ਅਤੇ ਨਾਲ ਹੀ ਪ੍ਰੋ. ਅਜਮੇਰ ਔਲਖ ਦੀ ਵਿਦਵਿਤਾ ਭਰਪੂਰ ਗੱਲਾਂ ਵੀ ਸਨ। ਪ੍ਰੰਤੂ ਕੁੱਝ ਗੱਲਾਂ ਰਿਕਾਰਡ ਹੋ ਗਈਆਂ ਹਨ।)

**ਪ੍ਰੋ. ਔਲਖ**-... ਸੋ ਜਿਹਨਾਂ ਲੋਕਾਂ ਦੇ ਸਾਹਮਣੇ ਰਚਨਾ ਰੱਖਣੀ ਹੈ, ਉਹਨਾਂ ਨੂੰ ਧਿਆਨ 'ਚ ਰੱਖਣਾ ਜ਼ਰੂਰੀ ਹੁੰਦਾ ਹੈ। ਇਹ ਵੀ ਨਹੀਂ ਹੈ ਕਿ ਕੋਈ ਗੱਲ ਵਿਸਥਾਰ 'ਚ ਹੀ ਕਰਨੀ ਹੈ, ਕੋਈ ਗੱਲ ਸੰਜਮ ਵਿੱਚ ਵੀ ਕੀਤੀ ਜਾ ਸਕਦੀ ਹੈ। ਜੇ ਲੋੜ ਹੈ ਤਾਂ ਤਾਲਸਤਾਏ ਨੇ ਤਿੰਨ ਹਜ਼ਾਰ ਪੰਨਿਆਂ 'ਚ ਵੀ ਨਾਵਲ ਲਿਖੇ ਹਨ, ਛੋਟੇ ਨਾਵਲ ਵੀ ਲਿਖੇ ਹਨ। ਲੇਕਿਨ ਇਸ ਗੱਲ ਤੋਂ ਸਾਨੂੰ ਬਚਣਾ ਚਾਹੀਦਾ ਕਿ ਇਸ ਨਾਵਲ ਨੂੰ ਵਿਦਵਾਨਾਂ ਨੇ ਪੜ੍ਹਨਾ ਹੈ। ਮੈਂ ਬਹੁਤ ਵਾਰ ਇਹ ਗੱਲ ਕਹਿੰਦਾ ਹੁੰਨਾ ਕਿ ਸਾਨੂੰ ਅਲੋਚਕਾਂ ਨੂੰ ਧਿਆਨ 'ਚ ਰੱਖ ਕੇ ਕੰਮ ਨਹੀਂ ਕਰਨਾ ਚਾਹੀਦਾ। ਸਾਨੂੰ ਆਪਣੇ ਸਾਹਿਤ ਦੇ ਧਰਮ ਦੇ ਤੌਰ 'ਤੇ ਲੋਕਾਂ ਨੂੰ ਧਿਆਨ 'ਚ ਰੱਖ ਕੇ ਲਿਖਣਾ ਚਾਹੀਦਾ ਹੈ। ਤੁਹਾਡਾ ਸਾਰਿਆਂ ਦਾ ਬਹੁਤ ਬਹੁਤ ਧੰਨਵਾਦ !

## ਦੇਸ ਰਾਜ ਕਾਲੀ ਦੇ ਨਾਵਲ 'ਅੰਤਹੀਣ' ਦੇ ਚੰਡੀਗੜ੍ਹ ਵਿਖੇ ਹੋਈ ਗੋਸ਼ਟੀ




**ਡਾ. ਸਰਬਜੀਤ ਸਿੰਘ**-... ਇਉਂ ਭਾਰਤੀ ਇਤਿਹਾਸ ਦੀਆਂ ਗੱਲਾਂ ਸਿੰਬੋਲਿਕ ਕਰਦਾ ਚਲਿਆ ਜਾਂਦਾ। ਔਰ ਉਹ ਜਿਹੜਾ ਸਿੰਬੋਲਿਕ ਆ, ਉਹ ਏਨਾ ਹੈ ਕਿ ਉਹਦੇ ਪਿੱਛੇ ਕਈ ਸਦੀਆਂ ਦਾ ਇਤਿਹਾਸ ਤੇ ਕਈ ਗੱਲਾਂ ਹੋਰ ਪਈਆਂ। ਉਹਦੇ ਨਾਲ ਮੈਨੂੰ ਇਹ ਲਗਦਾ ਕਿ ਕਾਲੀ ਸਾਡੇ ਪੰਜਾਬੀ ਚਿੰਤਨ ਨਾਲ ਵੀ ਤੇ ਪੰਜਾਬੀ ਰਚਨਾ ਨਾਲ ਵੀ ਇਕੋ ਸੰਵਾਦ ਰਚਾ ਰਿਹਾ। ਇਸ ਚੋਂ ਮੈਨੂੰ ਇੱਕ ਲੱਭਿਆ ਕਿ ਜਿਵੇਂ ਮਨਮੋਹਨ ਬਾਵਾ ਦਾ ਨਾਵਲ ਹੈ, 'ਯੁੱਧਨਾਦ' ਉਸ ਵਿੱਚ ਮਿੱਥ ਦੇ ਅਧਾਰ ਉੱਤੇ ਜਿਸ ਤਰ੍ਹਾਂ ਦੀ ਜਨਜਾਤੀਆਂ ਦੀ ਗੱਲ ਕੀਤੀ ਗਈ ਹੈ ਤੇ ਕਾਲੀ ਵੀ ਆਪਣੇ ਇਸ ਨਾਵਲ ਵਿੱਚ, ਇੱਕੀਵਾਂ ਜੋ ਚੈਪਟਰ ਹੈ, ਉਹਦੇ ਵਿੱਚ ਪੰਜਾਬ 'ਚ ਛੋਟੇ ਛੋਟੇ ਗਣਰਾਜਾਂ ਤੋਂ ਲੈ ਕੇ ਹੁਣ ਤੱਕ ਦੇ ਭਿਆਨਕ ਦੌਰ ਤੱਕ ਲਿਆ ਕੇ ਇੱਕ ਗੱਲ ਕਰਦਾ ਕਿ ਅੱਜ ਦਾ ਜਿਹੜਾ ਦੌਰ ਹੈ, ਉਹ ਅਸੁਰੱਖਿਆ ਤੇ ਸੰਵੇਦਨਹੀਣਤਾ ਦਾ ਦੌਰ ਹੈ। ਮੈਨੂੰ ਲੱਗਿਆ ਕਿ ਕਾਲੀ ਦੀ ਟੈਕਸਟ ਵਿੱਚ ਇਹ ਗੱਲ ਬੜੇ ਵੱਡੇ ਢੰਗ ਨਾਲ ਪਈ ਹੈ ਕਿ ਕਾਲੀ ਇਸ ਅਸੁਰੱਖਿਅਤਾ ਦੇ ਦੌਰ 'ਚ ਸੰਵੇਦਨਹੀਣਤਾ ਨੂੰ ਫੜਨ ਲੱਗਿਆ ਹੋਇਆ, ਸੁਰੱਖਿਅਤ ਦੌਰ 'ਚ ਸੰਵੇਦਨਸ਼ੀਲਤਾ ਨਹੀਂ ਫੜ ਰਿਹਾ। ਉਹਦੇ ਬਹੁਤ ਸਾਰੇ ਪਾਤਰ ਤੁਸੀਂ ਵੇਖੋਗੇ, ਜੇ ਉਹ ਖੁਸਰੇ ਨੇ, ਜਾਂ ਜਿਹੜੇ ਵੇਖਣ ਨੂੰ ਲਗਦੇ ਆ ਕਿ ਇਹ ਇਸ ਕਿਸਮ ਦੇ ਨੇ, ਉਹ ਵੱਧ ਸੰਵੇਦਨਸ਼ੀਲ ਹਨ। ਤੇ ਜਿਹੜੇ ਚੰਗੇ-ਭਲੇ ਸਿਵਲ ਬੰਦੇ ਵਿਖਾਈ ਦਿੰਦੇ ਆ, ਉਹ ਸੰਵੇਦਨਹੀਣ ਹਨ। ਇਸ ਨਾਵਲ 'ਚ ਇੱਕ ਸਿਟੀ ਫਾਈਨਾਂਸ 'ਚ ਕੰਮ ਕਰਦੀ ਕੁੜੀ ਹੈ-ਦਿਵਿਆ। ਬੜੀ ਸੰਵੇਦਨਸ਼ੀਲ ਪਾਤਰ ਲੱਗੀ ਉਹ ਮੈਨੂੰ ਹਾਲਾਂਕਿ ਉਹ ਵੇਖਣ ਨੂੰ ਲਗਦੀ ਕਿ ਚੁਲਬੁਲੀ ਜਿਹੀ ਹੈ, ਮੈਸੇਜ ਕਰਦੀ ਹੈ, ਹੋਰ ਗੱਲਾਂ ਕਰਦੀ ਹੈ, ਪਰ ਉਹ ਏਨੀ ਸੰਵੇਦਨਸ਼ੀਲ ਹੈ ਕਿ ਜਿਸ ਮੁੰਡੇ ਦੇ ਨਾਲ ਉਹਦੀ ਮੁਹੱਬਤ ਦੀ ਗੱਲ ਆ, ਤੇ ਜਦੋਂ ਉਹ ਕਿਧਰੇ ਹੋਰ ਚਲਿਆ ਜਾਂਦਾ ਤਾਂ ਉਹਦਾ ਜੀਣਾ ਦੁੱਭਰ ਹੋ ਜਾਂਦਾ। ਇਹ ਗੱਲ ਅਨਾਰਕਿਸਟ ਵੀ ਹੈ। ਕਾਲੀ ਦੀ ਟੈਕਸਟ ਵਿੱਚ ਅਨਾਰਕੀ ਕਿਸਮ ਦੀਆਂ ਗੱਲਾਂ ਵੀ ਹੈਗੀਆਂ ਨੇ। ਪਰ ਉਹ ਏਨੀਆਂ ਸੰਵੇਦਨਸ਼ੀਲ ਗੱਲਾਂ ਨੇ ਜਿਹੜੀਆਂ, ਸੰਵੇਦਨਹੀਣ ਦੌਰ 'ਚ ਕਾਲੀ ਉਹਨਾਂ ਨੂੰ ਇਸ ਢੰਗ ਨਾਲ ਪੇਸ਼ ਕਰਦਾ ਕਿ ਉਹ ਸਮੇਂ,



ਜਾਂ ਉਹ ਪਾਤਰ ਸੰਵੇਦਨਸ਼ੀਲ ਬਚ ਰਹੇ ਤਾਂ, ਜਿਹਨਾਂ ਨੂੰ ਅਸੀਂ ਅੱਜ ਦੇ ਸਮੇਂ 'ਚ ਸਿਵਲ ਸੋਸਾਇਟੀ ਦਾ ਹਿੱਸਾ ਨਹੀਂ ਮੰਨਦੇ। ਇਸ ਕਰਕੇ ਵੀ ਮੈਨੂੰ ਕਾਲੀ ਦਾ ਇਹ ਨਾਵਲ ਵੱਖਰੇ ਢੰਗ ਨਾਲ ਲਿਖਿਆ, ਵੱਖਰੀ ਤਰ੍ਹਾਂ ਦਾ ਨਾਵਲ ਲੱਗਿਆ ਹੈ।

ਇੱਕ ਗੱਲ ਇਹ ਕਿ ਕਾਲੀ ਦੀ ਇਸ ਟੈਕਸਟ ਵਿੱਚ ਵਿਡਬਨਾਂ ਬਹੁਤ ਹੈ। ਹੈ ਤਾਂ ਉਹ ਬੜੀ ਨੈਗੇਟਿਵ ਕਿਸਮ ਦੀ, ਵਿਡੰਬਨਾ ਬਹੁਤ ਹੈ, ਮਤਲਬ ਜੇ ਕਮਿਊਨਿਸਟ ਪਾਤਰ ਹੈ, ਤਾਂ ਉਹਨਾਂ ਦੇ ਅੰਦਰਲੀ ਵਿਡੰਬਨਾ ਹੈ ਕਿ ਇੱਕ ਕਿਰਤੀ ਲਹਿਰ ਨਾਲ ਜੁੜਿਆ ਪਾਤਰ ਹੈ ਤੇ ਉਹ ਕਿਰਤੀ ਦੀ ਕਿਵੇਂ ਲੁੱਟ ਕਰ ਰਿਹਾ ਹੈ, ਇਸ ਤਰ੍ਹਾਂ ਦੀਆਂ ਗੱਲਾਂ ਹਨ। ਬਹੁਤ ਸਾਰੇ ਪਾਤਰ ਪਛਾਣੇ ਜਾਂਦੇ ਨੇ। ਬਹੁਤ ਚੰਗੀ ਤਰ੍ਹਾਂ ਪਛਾਣੇ ਜਾਂਦੇ ਨੇ। ਪਰ ਇਸ ਸਾਰੇ ਕੁਝ ਦੇ ਬਾਵਜੂਦ ਨਾਵਲ ਹੈ ਜੋ, ਇਹ ਮੈਨੂੰ ਲੱਗਿਆ ਕਿ ਅੱਜ ਦੇ ਯੁੱਗ ਦੇ ਵਿੱਚ ਜਿਸ ਕਿਸਮ ਦੀ ਸਥਿਤੀ ਖ਼ਾਸ ਕਰਕੇ ਨੱਬੇ ਤੋਂ ਬਾਦ ਦੀ ਬਣੀ ਹੈ, ਉਸਨੂੰ ਨਾਵਲ ਵਿੱਚ ਜੇ ਪਹਿਲੀ ਵਾਲ ਫੜਿਆ ਹੈ ਤਾਂ ਉਹ ਕਾਲੀ ਨੇ ਫੜਿਆ ਹੈ। ਕਿਉਂਕਿ ਕਹਾਣੀ ਦੇ ਵਿੱਚ ਤਾਂ ਇਹ ਗੱਲ ਪਹਿਲਾਂ ਫੜੀ ਜਾ ਰਹੀ ਹੈ। ਕਾਲੀ ਤੋਂ ਬਿਨਾਂ ਹੋਰ ਬਹੁਤ ਸਾਰੇ ਲੇਖਕ ਹਨ, ਜਿਹੜੇ ਕਹਾਣੀ ਲਿਖ ਰਹੇ ਹਨ, ਪਰ ਨਾਵਲ ਦੇ ਵਿੱਚ ਇਹ ਸਥਿਤੀ ਨਹੀਂ ਸੀ। ਕਾਲੀ ਨੇ ਇਸ ਸਥਿਤੀ ਨੂੰ ਪਹਿਲੀ ਵਾਰ ਫੜਨ ਦਾ ਯਤਨ ਕੀਤਾ। ਕਿਉਂਕਿ ਸਾਡੇ ਕੋਲ ਹੁਣ ਤੱਕ ਦਾ ਜੋ ਪੰਜਾਬੀ ਨਾਵਲ ਹੈ। ਜਿਸਨੂੰ ਮੈਂ ਸਮਝਦਾ ਕਿ ਫਿਕਸ਼ਨ ਠਹਿਰੇ ਹੋਏ ਯਥਾਰਥ ਨੂੰ ਫੜਨ ਵਾਲੀ ਗੱਲ ਹੈ। ਪਰ ਕਾਲੀ ਦੀ ਫਿਕਸ਼ਨ ਠਹਿਰੇ ਹੋਏ ਯਥਾਰਥ ਵਾਲੀ ਨਹੀਂ ਹੈ, ਤਾਂ ਕਾਲੀ ਦੀ ਫਿਕਸ਼ਨ ਬੜੇ ਤਰਲ ਤੇ ਹੁਣ ਦੇ ਸਮਿਆਂ ਦੀ । ਜਿਹੜੀ ਸਥਿਤੀ ਆਉਣ ਵਾਲੇ ਸਮਿਆਂ 'ਚ ਜਾਂ ਤਾਂ ਬਹੁਤ ਭਿਆਨਿਕ ਰੂਪ ਲੈ ਸਕਦੀ ਹੈ ਤੇ ਜਾਂ ਹੋਰ ਕਿਸਮ ਦੀ ਸਥਿਤੀ ਬਣ ਸਕਦੀ ਹੈ। ਬਹੁਤ ਸਾਰੇ ਅਜਿਹੇ ਸੰਕੇਤ ਕਾਲੀ ਵੀ ਆਪਣੇ ਇਸ ਨਾਵਲ ਵਿੱਚ ਕਰਦਾ ਹੈ। ਉਹ ਸੰਕੇਤ ਹਨ ਜੋ ਉਸ ਇਸ 'ਚ ਇੱਕ ਪਾਤਰ ਹੈ, ਇੰਜਨੀਅਰ ਹੈ, ਕਲੇਰ ਸਾਹਿਬ। ਕਾਲੀ ਉਸ ਪਾਤਰ ਨੂੰ ਲਿਆਉਂਦਾ ਤੇ ਦੋ-ਚਾਰ ਸਤਰਾਂ ਉਹਦੇ ਬਾਰੇ ਲਿਖਕੇ ਅੱਗੇ ਚਲਿਆ ਜਾਂਦਾ। ਫੇਰ ਉਹਨੂੰ ਲਿਆਉਂਦਾ ਤੇ ਦੋ ਚਾਰ ਸਤਰਾਂ ਦੇ ਕੇ ਅੱਗੇ ਚਲਿਆ ਜਾਂਦਾ। ਉਹ ਕੀ ਕਰਦਾ। ਉਹਦਾ ਕੋਈ ਕੰਮ ਨਹੀਂ, ਰਿਟਾਇਰ ਹੋਇਆ ਪਿਆ। ਉਹ ਆਪਣੀ ਕੋਈ ਨਾ ਕੋਈ ਮਸ਼ੀਨ ਖੋਲ੍ਹਦਾ ਉਹਨੂੰ ਦੋਬਾਰਾ ਜੋੜ ਲੈਂਦਾ। ਉਹ ਇਸੇ ਕੰਮ ਲੱਗਿਆ ਹੋਇਆ। ਅੰਤ ਉੱਤੇ ਉਹ ਇੱਕ ਪ੍ਰੈੱਸ ਖੋਲ੍ਹਦਾ। ਉਹਦੇ ਤੋਂ ਉਹ ਫਿਰ ਨਹੀਂ ਜੁੜਦੀ। ਮੈਨੂੰ ਇਹ ਲੱਗਿਆ ਕਿ ਜਿਸ ਕਿਸਮ ਦੀ ਮੌਜੂਦਾ ਸਮਾਜ ਦੀ ਸਥਿਤੀ ਬਣੀ ਹੋਈ ਹੈ, ਹੁਣ ਉਹਨੂੰ ਇੰਜਨੀਅਰ ਵੀ, ਜਿਵੇਂ ਉਹਦੇ ਤੋਂ ਪ੍ਰੈਸ ਨਹੀਂ ਜੁੜ ਰਹੀ, ਹੁਣ ਦੀ ਸਿਆਸਤ ਵਿੱਚ ਸੁਮੱਚੇ ਪ੍ਰਬੰਧ ਵਿੱਚ, ਇਸ ਕਿਸਮ ਦੀ ਸਥਿਤੀ ਬਣ ਗਈ ਹੈ। ਇਸ ਗਲੋਬਲਾਈਜੇਸ਼ਨ ਦੇ ਦੌਰ ਵਿੱਚ। ਇਸਨੂੰ ਸਾਂਭਣਾ ਵੀ ਮੁਸ਼ਕਿਲ ਹੋ ਗਿਆ ਹੈ। ਕਿਉਂਕਿ ਇਹ ਗੱਲ ਮੈਂ ਇਸ ਕਰਕੇ ਵੀ ਕਹਿ ਰਿਹਾਂ ਕਿ ਇਹਨੀਂ ਦਿਨੀਂ ਜੋ ਹਿੰਦੋਸਤਾਨ ਦੀ ਰਾਜਨੀਤੀ ਦੀ ਹਾਲਤ ਬਣੀ ਹੋਈ ਹੈ, ਪਰਮਾਣੂ ਸੰਧੀ ਦੇ ਉਪਰ। ਜਿਵੇਂ ਮੁਲਾਇਮ ਸਿੰਘ ਯਾਦਵ ਨੇ ਇਹ ਗੱਲ ਕੀਤੀ ਹੈ, ਉਹਦੇ 'ਚ ਇਹ ਗੱਲ ਵੀ ਆ ਜਾਂਦੀ ਹੈ ਕਿ ਸਿਆਸਤ ਅੱਜ ਦੇ ਸਮਿਆਂ ਦੀ ਨਹੀਂ ਰਹੀ। ਕਾਲੀ ਇਸ ਗੱਲ ਨੂੰ ਸਿੰਬੋਲਿਕ ਰੂਪ 'ਚ ਕਹਿ ਰਿਹਾ ਕਿ ਹੁਣ ਸਿਆਸਤ ਨਹੀਂ ਰਹੀ, ਸਰਮਾਏਦਾਰ ਆਇਆ ਕਰਨਗੇ, ਪੈਸੇ ਲਿਆਇਆ ਕਰਨਗੇ, ਵੋਟਾਂ ਲੈ ਕੇ ਚਲੇ ਜਾਇਆ ਕਰਨਗੇ। ਇਹ ਇੱਥੇ ਇੱਕ ਐਮ ਪੀ ਦੀ ਗੱਲ ਕਰਦਾ ਕਿ ਉਹ ਜਿੱਤਿਆ। ਉਹਨੇ ਲੋਕਾਂ ਨੂੰ ਸ਼ਰਾਬ ਪਿਆਈ। ਗੰਦੀ ਸ਼ਰਾਬ ਪਿਆਈ। ਲੋਕ ਉੱਥੇ ਡਿਗੇ ਪਏ ਨੇ। ਉਹ ਦ੍ਰਿਸ਼ ਜਿਹੜਾ ਕਾਲੀ ਖਿੱਚ ਰਿਹਾ। ਲੋਕ ਡਿਗੇ ਪਏ ਨੇ, ਤੇ ਕੋਲੋਂ ਦੀ ਲਾਲ ਬੱਤੀਆਂ ਵਾਲੀਆਂ ਗੱਡੀਆਂ ਜਾ ਰਹੀਆਂ ਨੇ। ਇਸ ਕਿਸਮ ਦੀ ਸਥਿਤੀ ਹੈ ਜਿਹੜੀ ਮਤਲਬ ਮੈਂ ਪਰਮਾਣੂ ਸੰਧੀ ਵਾਲਾ ਜ਼ਿਕਰ ਇੱਥੇ ਕੀਤਾ, ਉਹ ਸਥਿਤੀ ਬਣੀ ਹੋਈ ਆ। ਉਸ ਸਥਿਤੀ ਨੂੰ ਕਾਲੀ ਨੇ ਜਿਸ ਤੀਖਣਤਾ ਦੇ ਨਾਲ ਫੜਿਆ। ਪੰਜਾਬੀ ਫਿਕਸ਼ਨ ਦੇ ਵਿੱਚ ਖਾਸ ਕਰਕੇ ਨਾਵਲ ਦੇ ਵਿੱਚ ਏਨੇ ਤਿੱਖੇਪਣ ਨਾਲ ਆਪਣੇ ਸਮਕਾਲੀ ਯੁੱਗ ਦੀਆਂ ਬਦਲਦੀਆਂ ਪ੍ਰਸਥਿਤੀਆਂ ਨੂੰ ਸਾਡੇ ਕਿਸੇ ਲੇਖਕ ਨੇ ਨਹੀਂ ਫੜਿਆ। ਇਹ ਮੈਂ ਇਸ ਕਰਕੇ ਨਹੀਂ ਕਹਿੰਦਾ ਕਿ ਕਾਲੀ ਬਹੁਤ ਵੱਡਾ ਨਾਵਲਕਾਰ ਹੈ ਜਾਂ ਕੋਈ ਹੋਰ ਇਸ ਤਰ੍ਹਾਂ ਦੀ ਗੱਲ ਹੈ। ਪਰ ਮੈਂ ਕਾਲੀ ਨੂੰ ਇਸ ਗੱਲ ਦਾ ਕਰੈਡਿਟ ਦੇਣਾ ਚਹੁੰਦਾਂ ਕਿ ਇਸ ਦੌਰ ਨੂੰ ਸਾਡੇ ਬਹੁਤ ਵੱਡੇ ਨਾਵਲਕਾਰ ਤੇ ਬਹੁਤ ਵੱਡੇ ਲੇਖਕ ਹਨ, ਜਿਹੜੇ ਪਿਛਲੇ ਪੰਦਰਾਂ

ਸਾਲਾਂ ਤੋਂ ਚੁੱਪ ਨੇ, ਉਹ ਇਸ ਸਥਿਤੀ ਨੂੰ ਫੜ ਨਹੀਂ ਰਹੇ। ਜੇ ਉਹ ਫੜ ਰਹੇ ਨੇ ਤਾਂ ਪੇਸ਼ ਨਹੀਂ ਕਰ ਪਾ ਰਹੇ। ਕਿਹੜੀਆਂ ਗੱਲਾਂ ਨੇ ਕਿ ਨਾਵਲ ਏਡੀ ਵੱਡੀ ਪੱਧਰ 'ਤੇ ਸਾਡੇ ਸਾਹਮਣੇ ਨਹੀਂ ਆ ਰਿਹਾ। ਜਿਵੇਂ ਕਹਾਣੀਆਂ ਆ ਰਹੀਆਂ ਨੇ। ਸੋ ਕਾਲੀ ਦੀਆਂ ਗੱਲਾਂ ਮੈਨੂੰ ਲਗਦੀਆਂ ਨੇ ਕਿ ਪੰਜਾਬੀ ਨਾਵਲ 'ਚ ਬਣੀ ਹੋਈ ਜਮੂਦ ਦੀ ਸਥਿਤੀ ਨੂੰ ਤੋੜਨ ਵਾਲੀਆਂ ਨੇ। ਹੋਰ ਬਹੁਤ ਸਾਰੇ ਮਿੱਤਰ ਵੀ ਗੱਲਾਂ ਕਰਨਗੇ, ਜੇ ਫੇਰ ਲੋੜ ਪਈ ਤਾਂ ਮੈਂ ਹੋਰ ਵੀ ਗੱਲਾਂ ਕਰਾਂਗਾ। ਤੁਹਾਡਾ ਬਹੁਤ ਧੰਨਵਾਦ !

**ਪ੍ਰੋ. ਨਿਰਮਲ ਦੱਤ**-ਦੋਸਤੋ, ਮੈਂ ਇਹ ਪਹਿਲਾਂ ਹੀ ਕਹਿ ਦੇਣਾ ਚਾਹੁੰਦਾ ਹਾਂ ਕਿ ਮੈਨੂੰ ਇਹ ਨਾਵਲ ਜਚਿਆ ਨਹੀਂ। ਮੇਰਾ ਇੱਥੇ ਆਉਣ ਦਾ ਇੱਕ ਕਾਰਨ ਇਹ ਹੈ ਕਿ ਦੇਸ ਰਾਜ ਕਾਲੀ ਪੰਜਾਬੀ ਸਾਹਿਤ ਦਾ ਬਹੁਤ ਚਰਚਿਤ ਨਾਮ ਹੈ ਤੇ ਮੈਂ ਉਹ ਵੇਖਣਾ, ਮਿਲਣਾ ਚਾਹੁੰਦਾ ਸਾਂ। ਮੇਰਾ ਇਵੇਂ ਦੇ ਸੰਭਾਵਨਾ ਭਰਪੂਰ ਲੇਖਕ 'ਚ ਇੰਟਰੈਸਟ ਵੀ ਹੈ। ਦੂਸਰਾ ਮੈਂ ਚੰਡੀਗੜ੍ਹ 'ਚ ਜੇ ਕਿਸੇ ਆਲੋਚਕ ਨੂੰ ਮੰਨਦਾ ਹਾਂ ਤਾਂ ਉਹਦੇ ਸਰਬਜੀਤ ਤੇ ਡਾ. ਸੁਖਦੇਵ ਸਿੰਘ ਨੂੰ ਮੰਨਦਾ ਹਾਂ। ਇਹ ਜ਼ਰੂਰੀ ਨਹੀਂ ਕਿ ਇਹਨਾਂ ਦੀਆਂ ਗੱਲਾਂ ਨਾਲ ਸਹਿਮਤ ਹੋਇਆ ਜਾਵੇ, ਪਰ ਇਹ ਜਿਹੜੀ ਵੀ ਗੱਲ ਕਰਦੇ ਨੇ ਸਪਸ਼ਟ ਕਰਦੇ ਨੇ। ਮੈਂ ਇਹਨਾਂ ਨੂੰ ਸੁਣਨਾ ਚਾਹੁੰਦਾ। ਇੱਥੇ ਵੀ ਸਰਬਜੀਤ ਦੀ ਬਿਰਤਾਂਤ ਰਹਿਤ ਬਿਰਤਾਂਤ ਵਾਲੀ ਗੱਲ ਨਾਲ ਮੈਂ ਸਹਿਮਤ ਨਹੀਂ ਅਤੇ ਨਾ ਹੀ ਉਸਦੀ ਇਹ ਗੱਲ ਸਮਝ ਪਈ ਕਿ ਸੰਵੇਦਨਸ਼ੀਲ ਪਾਤਰ ਅਨਾਰਕਿਸਟ ਕਿਵੇਂ ਹੋ ਗਿਆ?

ਇਸ ਤੋਂ ਇਲਾਵਾ ਮੈਂ ਤਿੰਨ ਗੱਲਾਂ ਹੋਰ ਕਰਨੀਆਂ ਹਨ। ਪਹਿਲੀ ਗੱਲ ਮੈਂ ਭਾਸ਼ਾ ਬਾਰੇ ਕਰਨੀ ਹੈ। ਇਹ ਬੜੇ ਦੇਰ ਦਾ, ਪੱਛਮ ਤੋਂ ਸ਼ੁਰੂ ਹੋਇਆ ਹੈ ਕਿ ਫਿਕਸ਼ਨ 'ਚ ਉਹੋ ਜਿਹੇ ਸ਼ਬਦ ਵਰਤੋ ਜਿਹੜੇ ਬਹੁਤ ਔਫੈਂਸਿਵ ਤੇ ਇੰਮਪੋਲਾਇਟ ਹੋਣ। ਮੈਂ ਬਹੁਤ ਅੰਗ੍ਰੇਜ਼ੀ ਸਾਹਿਤ ਅਜਿਹਾ ਪੜ੍ਹਿਆ ਹੈ। ਮੈਨੂੰ ਇਹ ਲਗਦਾ ਕਈ ਵਾਰ ਪੰਜਾਬੀ ਨਾਵਲਾਂ 'ਚ ਵੀ ਆਇਆ ਹੈ। ਇਹਦੀ ਇੱਕ ਪਾਤਰ ਆਪਣੀ ਕੁਲੀਗ ਦੇ ਸੁਡੌਲ ਜਿਸਮ ਬਾਰੇ ਗੱਲ ਕਰਦੀ ਹੈ, ਤੇ ਉਹ ਸ਼ਬਦ ਇਸਤੇਮਾਲ ਕਰਦੀ ਉੱਥੇ ! ਨੰਬਰ ਦੋ ਇਹਦੇ 'ਚ ਇੱਕ ਪਾਤਰ ਹੈ, ਉਹ ਇੱਕ ਨੌਕਰਾਣੀ ਨੂੰ ਸਕੂਟਰ ਪਿੱਛੇ ਬਿਠਾ ਕੇ ਲਿਜਾਂਦਾ, ਜਿਸਨੂੰ ਕਾਮਰੇਡ ਪਾਤਰ ਹੁਣ ਐਕਸਪਲਾਇਟ ਕਰ ਰਿਹਾ ਹੈ, ਉਹ ਜਿਵੇਂ ਉਹਦੇ ਪਿੱਛੇ ਸਕੂਟਰ ਦੇ ਪਿੱਛੇ ਬੈਠਣ ਦਾ ਦ੍ਰਿਸ਼ ਹੈ, ਉਹ ਸ਼ਬਦ ਵੀ ਠੀਕ ਨਹੀਂ। ਤੀਜਾ ਪ੍ਰਸੰਗ ਇਹਦੇ 'ਚ ਇਹ ਹੈ ਕਿ ਜਿਹੜਾ ਇਹਦੇ 'ਚ ਇਕੋ ਬਹੁਤ ਮਾਰਮਿਕ ਸੀਨ ਹੈ, ਜਿਹੜਾ ਮਾਂ ਤੇ ਪੁੱਤ ਦਾ ਕਿਡਨੀ ਹਸਪਤਾਲ ਵਾਲਾ ਸੰਵੇਦਨਸ਼ੀਲ ਦ੍ਰਿਸ਼ ਪਕੜਦਾ ਹੈ, ਉਹ ਪੱਤਰਕਾਰ ਯੋਗੀ ਬਹੁਤ ਹੀ ਨਿਪੁੰਸਕ ਕਿਸਮ ਦੀ ਗੱਲ ਕਰਦਾ ਹੈ, ਜਦੋਂ ਆਪਣੇ ਜੀ ਐਮ ਨੂੰ ਗਾਲਾਂ ਕੱਢਦਾ ਹੈ। ਚੌਥਾ ਇਹ ਹੈ ਇੱਕ ਆਹਾਤੇ 'ਚ ਦਾਰੂ ਪੀ ਰਹੇ ਮਿੱਤਰਾਂ 'ਚੋਂ ਬਾਬਿਆਂ ਬਾਰੇ ਰਿਐਕਸ਼ਨ ਹੈ। ਇਹ ਚਾਰ ਪ੍ਰਸੰਗ ਹਨ, ਜਿੱਥੇ ਐਫੈਂਸਿਵ ਤੇ ਇੰਮਪੋਲਾਇਟ ਸ਼ਬਦ ਹਨ। ਮੈਂ ਉਹ ਸ਼ਬਦ ਇੱਥੇ ਨਹੀਂ ਵਰਤ ਸਕਦਾ। ਮੈਂ ਇਹ ਪੁੱਛਦਾ ਚਾਹੁੰਦਾ ਕਿ ਇਹਨਾਂ ਸ਼ਬਦਾਂ ਦੀ ਕੀ ਜ਼ਰੂਰਤ ਸੀ?

**ਡਾ. ਗੁਰਬਚਨ**-ਨਿਰਮਲ ਦੱਤ ਦੇ ਏਨੇ ਫੋਰਸਫੁੱਲ ਲੈਕਚਰ ਤੋਂ ਬਾਦ ਤਾਂ ਸ਼ਾਇਦ ਸਭ ਨੂੰ ਭੁੱਲ ਗਿਆ ਹੋਣਾ ਕਿ ਉਹਨਾਂ ਕੀ ਬੋਲਣਾ ਹੈ। ਏਨਾ ਫੋਰਸਫੁੱਲ ਨਹੀਂ ਹੋਣਾ ਚਾਹੀਦਾ। ਰਾਈਟਿੰਗ ਜੋ ਹੁੰਦੀ ਹੈ, ਉਹ ਮੈਡੀਟੇਸ਼ਨ ਹੁੰਦੀ ਹੈ। ਕਾਲੀ ਮੈਨੂੰ ਚੰਗਾ ਲਗਦਾ ਹੈ। ਮਿਲਣ ਤੋਂ ਪਹਿਲਾਂ ਵੀ ਚੰਗਾ ਲਗਦਾ ਸੀ। ਦਰਅਸਲ ਇਹਨੂੰ ਮੈਂ ਜਦੋਂ ਵੇਖਿਆ, ਨਰਿੰਦਰ ਜੋਸ਼ੀ ਮੇਰਾ ਮਰਹੂਮ ਦੋਸਤ ਮੈਨੂੰ ਯਾਦ ਆ ਗਿਆ। ਜਿਸ ਵੇਲੇ ਇਹ ਮੇਰੇ ਨਾਲ ਗੱਲਾਂ ਕਰਦਾ ਰਿਹਾ, ਇੱਕ ਵਾਰੀ ਇਹਨੂੰ ਮੈਂ ਮੋਟਰ ਸਾਈਕਲ ਚਲਾਉਂਦਿਆਂ ਵੇਖਿਆ। ਤੇ ਮੈਨੂੰ ਲੱਗਾ ਕਿ ਇਸ ਬੰਦੇ 'ਚ ਬੜੀ ਐਨਰਜੀ ਹੈ। ਦਿਕਤ ਹੁਣ ਇਹ ਹੋ ਗਈ ਹੈ ਕਿ ਕਾਲੀ ਦੀ ਐਨਰਜੀ ਪੱਤਰਕਾਰਿਤਾ ਵਿਚ ਚੈਨੇਲਾਈਜ਼ ਹੋ ਚੁੱਕੀ ਹੈ। ਹੁਣ ਉਹੀ ਐਨਰਜੀ ਨਾਲ ਇਹ ਨਾਵਲਕਾਰੀ ਵੱਲ ਵਧਿਆ ਹੈ। ਹੁਣ ਇਹ ਦਿੱਕਤ ਬੜੀ ਹੈ। ਕਾਲੀ ਦੀ ਇਸ ਰਚਨਾ ਜਾਂ ਸਾਰੀਆਂ ਰਚਨਾਵਾਂ ਜਾਂ ਇਹਦੀ ਸਾਰੀ ਪੱਤਰਕਾਰਿਤਾ, ਇੱਕ ਗੱਲੋਂ ਪ੍ਰਭਾਵਿਤ ਕਰਦੀਆਂ ਸਨ, ਤੇ ਇੱਕ ਗੱਲੋਂ ਪ੍ਰਭਾਵਿਤ ਨਹੀਂ ਵੀ ਕਰਦੀਆਂ। ਮੈਨੂੰ ਅਫਸੋਸ ਵੀ ਹੁੰਦਾ ਸੀ, ਜਿਵੇਂ ਨਰਿੰਦਰ ਜੋਸ਼ੀ ਬਾਰੇ ਹੁੰਦਾ ਸੀ ਕਿ ਨਰਿੰਦਰ ਜੋਸ਼ੀ, ਮੈਂ ਕਹਿੰਦਾ ਕਿ ਕੁਝ ਲੋਕ ਜਿਹੜੇ ਨੇ, ਉਹ ਸਮੇਂ ਤੋਂ ਤੇਜ਼ ਦੌੜਨਾ ਚਾਹੁੰਦੇ ਨੇ। ਕੁਝ ਲੋਕ ਇਤਿਹਾਸ ਤੋਂ ਵੀ ਤੇਜ਼ ਦੌੜਨਾ ਚਾਹੁੰਦੇ ਨੇ, ਤੇ ਜਿਹੜੇ ਅਜਿਹੇ ਬੰਦੇ ਹੁੰਦੇ



ਨੇ, ਜਦੋਂ ਉਹ ਸਾਹਿਤਕਾਰੀ ਵੱਲ ਪੈ ਜਾਣ ਤਾਂ ਉਹ ਗੜਬੜ ਕਰ ਸਕਦੇ ਨੇ। ਕਾਲੀ ਵੀ ਇਸ ਰਚਨਾ ਦੀ ਭਾਸ਼ਾ ਵੱਲ ਧਿਆਨ ਦਿਓ, ਸਭ ਤੋਂ ਪਹਿਲਾਂ ਮੈਂ ਭਾਸ਼ਾ ਵੱਲ ਹੀ ਧਿਆਨ ਦਵਾਉਣਾ ਚਾਹੁੰਦਾ ਹਾਂ। ਜਿਹੜੀਆਂ ਗੱਲਾਂ ਨਿਰਮਲ ਦੱਤ ਕਰ ਰਿਹਾ ਸੀ, ਮੈਂ ਉਹਨੂੰ ਬੁਨਿਆਦੀ ਨੁਕਤੇ ਵੱਲ ਲੈ ਕੇ ਆਉਣਾ ਚਾਹੁੰਦਾ ਹਾਂ। ਇਹ ਬਿਰਤਾਂਤ ਦੀ ਜਿਹੜੀ ਭਾਸ਼ਾ ਕਾਲੀ ਨੇ ਸਿਰਜੀ ਹੈ, ਇਹ ਬਿਲਕੁਲ ਹੀ, ਇਸ ਦੀਆਂ ਅਕਾਂਖਿਆਵਾਂ ਨੂੰ ਕੰਟਰਾਡਿਕਟ ਕਰ ਦਿੰਦੀ ਹੈ। ਭਾਸ਼ਾ ਬਹੁਤ ਹੀ ਇਤਰਾਜ਼ਯੋਗ ਹੈ। ਕਾਲੀ ਜੋ ਸਿਰਜਣਾ ਚਾਹੁੰਦਾ ਹੈ, ਭਾਸ਼ਾ ਉਸਨੂੰ ਕੰਟਰਾਡਿਕਟ ਕਰ ਜਾਂਦੀ ਹੈ। ਗੱਲ ਇਹ ਹੈ ਕਿ ਚਾਹੁੰਦਾ ਹੈ ਵੱਖਰਾ ਹੋਣਾ, ਇਹ ਚਾਹੁੰਦਾ ਹੈ ਪੁਰਾਣੇ ਬਿਰਤਾਂਤ ਤੋਂ ਟੁੱਟਣਾ, ਅਸੀਂ ਵੀ ਚਹੁੰਦੇ ਹਾਂ। ਅਸੀਂ ਆਪਣੇ ਬਾਪ-ਦਾਦਾ ਤੋਂ ਬੜੇ ਦੁਖੀ ਹੁੰਦੇ ਹਾਂ। ਪੁਰਾਣੀਆਂ ਗੱਲਾਂ ਕਰੀ ਜਾਂਦੇ ਨੇ। ਜਸਵੰਤ ਸਿੰਘ ਕੰਵਲ ਅਜੇ ਤੀਕ ਨਹੀਂ ਜਾਂਦਾ ਪੰਜਾਬੀਓ ਜੀਣਾ ਹੈ ਕਿ ਮਰਨਾ, ਕਹਿਣਾ ਉਹ ਚਾਹੁੰਦਾ ਸਿੱਖੋ ਜੀਣਾ ਹੈ ਕਿ ਮਰਨਾ। ਉਹੀ ਭਾਸ਼ਾ ਜਿਹੜੀ 'ਲਹੂ ਦੀ ਲੋਅ' ਵਾਲੀ, ਦੁਖੀ ਹੋ ਗਏ ਹਾਂ। ਏਦਾਂ ਦੀ ਭਾਸ਼ਾ ਤੋਂ ਮੁਕਤ ਹੋਣ ਦੀ ਲੋੜ ਸੀ। ਪਰ ਕਾਲੀ ਨੂੰ ਮੈਂ ਭਾਸ਼ਾ ਬਾਰੇ ਬਹੁਤ ਸੁਚੇਤ ਕਰਨਾ ਚਾਹੁੰਦਾ। ਕਿਉਂ ਕਿ ਮੈਂ ਕਹਿੰਨਾ ਕਿ ਰਚਨਾ ਹੈ ਹੀ ਭਾਸ਼ਾਕਾਰੀ। ਰਚਨਾ ਹੈ ਈ ਸ਼ਬਦਕਾਰੀ। ਵਿਚਾਰ ਵੀ ਸ਼ਬਦਾਂ ਦੇ ਰਾਹੀਂ ਹੀ ਬਣਦੇ ਨੇ। ਵਿਚਾਰ ਵੀ ਤਦ ਹੀ ਉੱਤਮ ਬਣਦੇ ਹਨ, ਜੇ ਉੱਤਮ ਵਿਚਾਰਾਂ ਦੇ ਅਨੁਕੂਲ ਭਾਸ਼ਾ ਹੋਵੇ। ਕਾਲੀ ਦੀ ਜਿਹੜੀ ਭਾਸ਼ਾ ਹੈ, ਇਸ ਰਾਹੀਂ ਮੈਂ ਇਹ ਵੇਖਣਾ ਚਾਹੁੰਦਾ ਕਿ ਇਹਦੇ ਕੋਲ ਬਿਰਤਾਂਤ ਦੀ ਵਿਜ਼ਨ ਕੀ ਹੈ।

**ਸੁਸ਼ੀਲ ਦੁਸਾਂਝ**-ਮੇਰੇ ਤੋਂ ਪਹਿਲਾਂ ਪ੍ਰੋ. ਨਿਰਮਲ ਦੱਤ ਤੇ ਡਾ. ਗੁਰਬਚਨ ਹੁਰਾਂ ਬੜੀਆਂ ਮੁੱਲਵਾਨ ਗੱਲਾਂ ਕੀਤੀਆਂ ਹਨ। ਨੰਬਰ ਇੱਕ ਭਾਸ਼ਾ ਦਾ ਮਸਲਾ ਉਭਰ ਰਿਹਾ ਵਾਰ ਵਾਰ, ਕਿ ਪ੍ਰੋ. ਨਿਰਮਲ ਦੱਤ ਜਿਹੜਾ ਸ਼ਬਦ ਅੰਗ੍ਰੇਜ਼ੀ 'ਚ ਤਿੰਨ ਚਾਰ ਵਾਰ ਬੋਲ ਸਕਦੇ ਹਨ, ਉਹਦਾ ਪੰਜਾਬੀ ਸ਼ਬਦ ਇੱਥੇ ਕਿਉਂ ਨਹੀਂ ਬੋਲ ਪਾ ਰਹੇ? ਉਹਦਾ ਕਾਰਨ ਇਹ ਹੈ ਕਿ ਅਸੀਂ ਮੰਨ ਲਿਆ ਕਿ ਪਾਵਰ ਦੀ ਤੇ ਸੱਤਾ ਦੀ ਭਾਸ਼ਾ ਸਿਰਫ ਅੰਗਰੇਜ਼ੀ ਹੈ। ਇਹ ਭਾਸ਼ਾ ਦਾ ਬ੍ਰਾਹਮਣਵਾਦ ਹੈ। ਇਸ ਤੋਂ ਬਚਣ ਦੀ ਲੋੜ ਹੈ। ਪ੍ਰੋ. ਨਿਰਮਲ ਦੱਤ ਤਿੰਨ ਕਿਤਾਬਾਂ ਦਾ ਜ਼ਿਕਰ ਕਰਦੇ ਹਨ, ਤਿੰਨੋਂ ਅੰਗਰੇਜ਼ੀ ਦੀਆਂ। ਪੰਜਾਬੀ 'ਚ ਇਹਨਾਂ ਨੂੰ ਕੋਈ ਕਿਤਾਬ ਅੱਜ ਤੱਕ ਲੱਭੀ ਹੀ ਨਹੀਂ। ਮੈਨੂੰ ਲਗਦੈ ਕਿ ਸਾਨੂੰ ਇੰਝ ਨਹੀਂ ਸੋਚਣਾ ਚਾਹੀਦਾ। ਦੂਸਰੀ ਗੱਲ ਸਮੱਸਿਆ ਇੱਥੇ ਇਹ ਹੈ ਕਿ ਸਾਨੂੰ ਚਸਕੇ ਪੈ ਗਏ ਨੇ ਕਿ ਅਸੀਂ ਜੋ ਪੜ੍ਹੀਏ ਉਹਦੇ 'ਚੋਂ ਸਵਾਦ ਆਵੇ। ਮਜ਼ਾ ਆਵੇ। ਜੇ ਮਜ਼ਾ ਲੈਣਾ ਹੈ ਤਾਂ ਬੱਸ ਸਟੈਂਡ ਤੋਂ ਅਮਿਤ ਪਾਕੇਟ ਬੁੱਕਸ ਦੀਆਂ ਕਿਤਾਬਾਂ ਲੈ ਲਵੋ। ਪਰ ਇਸ ਗੱਲ ਦੀ ਮੈਨੂੰ ਖੁਸ਼ੀ ਹੈ ਇਹ ਦੋਵੇਂ ਬੁਲਾਰੇ ਜਿਸ ਢੰਗ ਨਾਲ ਬੋਲ ਕੇ ਗਏ ਨੇ, ਇਸ ਤੋਂ ਇਹ ਜਾਪਦਾ ਹੈ ਕਿ ਕਾਲੀ ਦੇ ਇਸ ਨਾਵਲ ਨੇ ਇਹਨਾਂ ਨੂੰ ਪਰੇਸ਼ਾਨ ਕੀਤਾ ਹੈ। ਇਹੀ ਕਾਲੀ ਦੇ ਨਾਵਲ ਦੀ ਸਫਲਤਾ ਹੈ। ਉਹ ਇਹੀ ਚਾਹੁੰਦਾ ਸੀ। ਮੈਂ ਕਹਿਨਾ ਕਿ ਜਿੰਨਾ ਸਮਾਂ ਵਿਦਵਾਨਾਂ ਨੇ ਇਸ ਨਾਵਲ ਤੇ ਬੋਲਿਆ ਤੇ ਜਿਸ ਢੰਗ ਨਾਲ ਬੋਲਿਆ ਉਸ ਤੋਂ ਇਹਨਾਂ ਮੰਨ ਲਿਆ ਕਿ ਕਾਲੀ ਦਾ ਨਾਵਲ ਸਫ਼ਲ ਹੈ। ਕਾਲੀ ਨੇ ਸੋਚਿਆ ਸੀ ਕਿ ਲੋਕਾਂ ਨੂੰ ਪਰੇਸ਼ਾਨ ਕਰਨਾ ਹੈ ਤੇ ਪਰੇਸ਼ਾਨ ਉਹੀ ਚੀਜ਼ ਕਰਦੀ ਹੁੰਦੀ ਹੈ, ਜਿਹੜੀ ਸੱਚ ਦੇ ਬਹੁਤ ਜ਼ਿਆਦਾ ਨੇੜੇ ਹੋਵੇ।

ਇਸ ਨਾਵਲ ਵਿੱਚ ਕਾਲਪਨਿਕ ਕੁਝ ਨਹੀਂ। ਯਥਾਰਥਕ ਹੈ ਸਾਰਾ ਕੁਝ ਤੇ ਏਨਾ ਯਥਾਰਥਕ ਹੈ ਕਿ ਜਿਹੜਾ ਸਾਨੂੰ ਐਂ ਲੱਗਦਾ ਕਿ ਇਹ ਤਾਂ ਸਾਡਾ ਸਾਰਾ ਕੁਝ ਤੋੜ ਕੇ ਰੱਖ ਦੇਵੇਗਾ। ਸੋਸਾਇਟੀ 'ਚ ਜੋ ਕੁਝ ਵਾਪਰਦਾ ਹੈ। ਉਹ ਅਸੀਂ ਰੋਜ਼ ਵੇਖਦੇ ਹਾਂ। ਇਹ ਪਾਤਰ ਜੇ ਤੁਸੀਂ ਧਿਆਨ ਨਾਲ ਪੜ੍ਹੋ, ਤੁਹਾਡੇ ਆਲੇ-ਦੁਆਲੇ ਹੀ ਘੁੰਮਦੇ ਨੇ। ਹਿੰਮਤ ਇਹ ਹੈ ਕਿ ਕੋਈ ਉਹਨਾਂ ਨੂੰ ਰਚਨਾ 'ਚ ਲੈ ਕੇ ਆਵੇ। ਮਸਲਾ ਇਹ ਹੈ ਕਿ ਜੋ ਕੁਝ ਅੱਜ ਵਾਪਰ ਰਿਹਾ, ਜੇ ਉਹ ਦਿਵਿਆ ਖੁਦਕੁਸ਼ੀ ਕਰਦੀ ਹੈ, ਜਿਹੜੀ ਦਿਵਿਆ ਨਿਉਡ ਤਸਵੀਰਾਂ ਮੋਬਾਇਲ ਫੋਨ 'ਤੇ ਆਪਣੇ ਦੋਸਤ ਮੁੰਡੇ ਨੂੰ ਵਿਖਾਉਂਦੀ ਹੈ, ਉਹ ਸੰਵੇਦਨਸ਼ੀਲ ਹੈ ਜਾਂ ਬਹੁਤ ਖੋਖਲਾ ਕਿਰਦਾਰ ਹੈ, ਉਹਦੀ ਡਿਵੈਲਪਮੈਂਟ ਕਿਵੇਂ ਹੋਈ ਹੈ, ਇਹ ਵੇਖਣਾ ਪਵੇਗਾ।

ਪਿਛਲੇ ਦਿਨੀਂ ਇੱਕ ਦਿੱਲੀ 'ਚ ਸਰਵੇਖਣ ਕੀਤਾ ਗਿਆ, ਜਿਸ 'ਚ ਵਿਦਿਆਰਥੀਆਂ ਤੋਂ ਉਹਨਾਂ ਦਾ ਰੋਲ ਮਾਡਲ ਪੁੱਛਿਆ ਗਿਆ। 25 ਫੀਸਦੀ ਵਿਦਿਆਰਥੀਆਂ ਨੇ ਆਪਣਾ ਰੋਲ ਮਾਡਲ ਹਿਟਲਰ ਨੂੰ ਦੱਸਿਆ। ਜਿਹੜਾ ਦੇਸ਼ ਰਾਸ਼ਟਰਪਿਤਾ ਦੇ ਨਾਂ ਤੇ ਜਿਉਂਦਾ, ਮਹਾਤਮਾ ਗਾਂਧੀ ਦੇ ਨਾਂਅ ਤੇ, ਅਹਿੰਸਾ ਦੇ ਨਾਂਅ

’ਤੇ ਜਾਂ ਉਹ ਹਿੰਦੋਸਤਾਨ ਜਿਹੜਾ ਭਗਤ ਸਿੰਘ ਦੇ ਨਾਂ ਤੇ ਜਿਉਂਦਾ, ਉਸ ਹਿੰਦੋਸਤਾਨ ਦੇ ਇਕੋ ਕਾਲਜ ਦੇ ਬੱਚੇ ਆਪਣਾ ਰੋਲ ਮਾਡਲ ਹਿਟਲਰ ਦੱਸਣਾ। ਹੁਣ ਵੀ ਤੁਸੀਂ ਜੋ ਭਗਤ ਸਿੰਘ ਦੇ ਸਟਿਕਰ ਵਹਿਕਲਾਂ ’ਤੇ ਲੱਗੇ ਵੇਖਦੇ ਹੋ, ਉਹ ਵੀ ਭਗਤ ਸਿੰਘ ਦੇ ਬੰਬਾਂ ਤੇ ਰਿਵਾਲਵਰ ਤੇ ਮੁੱਛ ਕਰਕੇ ਹੀ ਹਨ, ਉਸਦੀ ਕਿਤਾਬ ਜਾਂ ਵਿਚਾਰਧਾਰਾ ਕਰਕੇ ਨਹੀਂ। ਇਹ ਸੰਕਟ ਕਿਥੋਂ ਪੈਦਾ ਹੁੰਦੇ ਹਨ। ਇਹਨਾਂ ਸੰਕਟਾਂ ਵੱਲ ਕਾਲੀ ਦਾ ਨਾਵਲ ਬਹੁਤ ਹੀ ਸ਼ਿੱਦਤ ਨਾਲ ਸੰਕੇਤ ਕਰਦਾ, ਜਿਹੜਾ ਅਸੀਂ ਫੜ ਨਹੀਂ ਪਾ ਰਹੇ। ਸੋ ਮੇਰੇ ਕਹਿਣ ਦਾ ਮਤਲਬ ਇਹ ਹੈ ਕਿ ਇਹ ਉਸ ਵੇਲੇ ਦਾ ਦੌਰ ਹੈ, 1990 ਦੇ ਦੁਆਲੇ ਦਾ, ਜਿਹੜਾ ਪੰਜਾਬ ਦੀ ਤਬਾਹੀ ਤੋਂ ਬਾਦ, ਪੰਜਾਬ ਦੀ ਮੁੜ ਉਸਾਰੀ ਦਾ ਦੌਰ ਸੀ। ਅਸੀਂ ਉਹ ਦੌਰ ਕਾਲਜਾਂ ਜਥੇਬੰਦੀਆਂ ’ਚ ਕੰਮ ਕਰਦਿਆਂ ਵੇਖਿਆ। ਉਸ ਦੌਰ ’ਚ ਜਿਹੜਾ ਕਮਿਊਨਿਸਟ ਲਗਭਗ 400 ਲੀਡਰਸ਼ਿਪ ਤੇ ਵਰਕਰ ਕਤਲ ਕਰ ਦਿੱਤੇ ਗਏ। ਉਹਦੇ ਅਸਰ ਅੱਜ ਤੱਕ ਤੁਸੀਂ ਵੇਖ ਰਹੇ ਹੋ। ਬਈ ਅੱਜ ਤੱਕ ਵੀ ਪਾਕੇਟਸ ਵਿੱਚ ਤਾਂ ਮੂਵਮੈਂਟਸ ਹੈਗੀਆਂ ਨੇ ਪਰ ਇੱਕ ਬੱਝਵੀਂ ਲਹਿਰ ਕਿਤੇ ਨਹੀਂ। ਇਹ ਨਾਵਲ ਉਸ ਗੱਲ ਵੱਲ ਸੰਕੇਤ ਕਰਦਾ ਹੈ ਕਿ ਭਾਈ ਉਹ ਜਿਹੜੇ ਵਰਤਾਰੇ ਵਾਪਰ ਗਏ, ਉਹਨਾਂ ’ਚੋਂ ਕਿਵੇਂ ਹੁਣ ਬਾਹਰ ਨਿਕਲਣਾ ਹੈ।

ਮੈਨੂੰ ਲਗਦਾ ਹੈ ਕਿ ਇਸ ਨਾਵਲ ਨੇ ਬਹੁਤ ਸਾਰੇ ਮਸਲੇ ਉਠਾਏ ਹਨ। ਇਸ ਵਿੱਚ ਬਹੁਤ ਕੁਝ ਅਣਕਿਹਾ ਹੈ। ਜੇ ਅਸੀਂ ਉਸਨੂੰ ਫੜ ਲਈਏ ਤਾਂ ਫਿਰ ਇਸਦੀ ਭਾਸ਼ਾ, ਇਸਦੀ ਬਿਰਤਾਂਤਕਾਰੀ ਬਾਰੇ ਵੀ ਗੱਲ ਕਰ ਸਕਾਂਗੇ।

**ਪ੍ਰੀਤਮ ਸਿੰਘ**-ਬਹੁਤ ਗੱਲ ਹੋਈ ਹੈ ਭਾਸ਼ਾ ਦੀ। ਜਿਹਨਾਂ ਨੇ ਨਾਵਲ ਨਹੀਂ ਪੜ੍ਹਿਆ ਉਹਨਾਂ ਨੂੰ ਮਹਿਸੂਸ ਨਹੀਂ ਹੋ ਸਕਦਾ ਕਿ ਇਸ ਨਾਵਲ ਵਿੱਚ ਭਾਸ਼ਾ ਦਾ ਕੀ ਇਸਤੇਮਾਲ ਹੋਇਆ ਹੈ। ਲੇਡੀਜ਼ ਬੈਠੀਆ ਨੇ, ਮੈਂ ਉਹਨਾਂ ਤੋਂ ਪਹਿਲਾਂ ਹੀ ਹੱਥ ਜੋੜ ਕੇ ਮੁਆਫੀ ਮੰਗ ਲੈਂਦਾ ਹਾਂ ਕਿਉਂਕਿ ਜੋ ਇਹਦੇ ’ਚ ਭਾਸ਼ਾ ਦਾ ਇਸਤੇਮਾਲ ਹੋਇਆ, ਉਹ ਮੈਂ ਤੁਹਾਡੇ ਸਾਹਮਣੇ ਪ੍ਰਸਤੁਤ ਕਰਨ ਲੱਗਾ ਹਾਂ। ਤੁਸੀਂ ਖ਼ੁਦ ਅੰਦਾਜ਼ਾ ਲਗਾ ਲੈਣਾ। (ਇਥੇ ਸ੍ਰ. ਪ੍ਰੀਤਮ ਸਿੰਘ ਜੀ ਆਪਣੇ ਆਪ ਉੱਤੇ ਕਾਬੂ ਨਹੀਂ ਰੱਖ ਸਕੇ ਅਤੇ ਪੜ੍ਹਕੇ ਆਪੇ ਹੀ ਹੱਸਦੇ ਰਹੇ। ਇਸ ਨਾਲ ਗੱਲ ਰੋਲ-ਘਚੋਲੇ ਵਿੱਚ ਪੈ ਗਈ।) ਫਿਰ ਲੋਕਾਂ ਦੇ ਟੋਕਣ ’ਤੇ ਉਹ ਰੁੱਕ ਗਏ।) ... ਚਲੋ, ਇਸ ਨਾਵਲ ’ਚ ਲੇਖਕ ਆਪਣੀ ਭੂਮਿਕਾ ਪਹਿਲਾਂ ਹੀ ਬੰਨ੍ਹ ਲੈਂਦਾ ਹੈ। ਕੀ ਹੈ ਇਸ ਨਾਵਲ ਨੂੰ ਪੜ੍ਹੋ ਨਾ, ਵੇਖੋ ਤੇ ਮਹਿਸੂਸ ਕਰੋ। ਵਗੈਰ ਪੜ੍ਹਿਆਂ ਮਹਿਸੂਸ ਕਰ ਲਵੋ, ਇਹ ਗੱਲ ਮੇਰੀ ਤਾਂ ਸਮਝ ’ਚ ਨਹੀਂ ਆਈ। ਜਿਹਨਾਂ ਨੇ ਇਸ ਨਾਵਲ ਦੀ ਤਾਰੀਫ਼ ਕੀਤੀ ਹੈ, ਉਹ ਮੈਨੂੰ ਦੱਸਣ ਕਿ ਜੇ ਔਥਰ ਹੀ ਇਹ ਕਹਿੰਦਾ ਕਿ ਇਸ ਨਾਵਲ ਨੂੰ ਪੜ੍ਹੋ ਨਾ, ਵੇਖੋ ਤੇ ਮਹਿਸੂਸ ਕਰੋ, ਇਹ ਕਿਹੜਾ ਤਰੀਕਾ ਹੈ ਕਿ ਵਗੈਰ ਪੜ੍ਹਿਆਂ ਹੀ ਨਾਵਲ ਨੂੰ ਮਹਿਸੂਸ ਕਰੀ ਜਾਓ। ਔਰ ਇਹ ਇਕ ਵਾਰੀ ਨਹੀਂ, ਵਾਰ ਵਾਰ ਆਉਂਦਾ ਹੈ।

ਇੱਕ ਹੋਰ ਕਿ ਲੇਖਕ ਨਾਵਲ ਦੇ ਨੇਰੇਟਿਵ ਨੂੰ ਤੋੜ ਕੇ ਵਿੱਚ ਆ ਕੇ ਵਾਰ ਵਾਰ ਗੱਲ ਕਰਦਾ ਹੈ। ਜਿਵੇਂ ਕਿ ਉਹਦੀ ਭੂਮਿਕਾ ਬੰਨ੍ਹਣੀ ਹੁੰਦੀ ਹੈ। ਲੇਖਕ ਵਾਰ ਵਾਰ ਇੰਟਰਫੀਅਰ ਕਰਦਾ ਆਪਣੇ ਬਿਰਤਾਂਤ ਵਿੱਚ। ਲੇਖਕ ਕੁਮੈਂਟ ਕਰਦਾ ਹੈ ਕਿ ਇਹ ਸਾਨੂੰ ਪਾਤਰਾਂ ਨਾਲੋਂ ਤੋੜਕੇ ਰੱਖ ਰਿਹਾ ਹੈ। ਮੈਂ ਇੱਕ ਅਜੀਬ ਕਿਸਮ ਦੀ ਵਿਧੀ ਵੇਖੀ ਹੈ, ਜਿਹਦੇ ਵਿੱਚ ਲੇਖਕ ਪਾਤਰਾਂ ਨੂੰ ਡਿਵੈੱਲਪ ਨਹੀਂ ਕਰਦਾ, ਹੋਰ ਹੀ ਕਹਾਣੀ ਪਾਈ ਤੁਰਿਆ ਜਾਂਦਾ।

ਖ਼ੈਰ ਮੈਂ ਤੁਹਾਡਾ ਬਹੁਤਾ ਵਕਤ ਨਹੀਂ ਲੈਣਾ ਚਾਹੁੰਦਾ, ਇਹ ਨਾਵਲ ਮੈਂ ਨਵੀਂ ਈ ਕਿਸਮ ਦਾ ਵੇਖਿਆ ਹੈ, ਜਿਹਦੇ ਵਿੱਚ ਨਾਵਲਕਾਰ ਕਹਿੰਦਾ ਹੈ ਕਿ ਇਹ ਨਾਵਲ ਪੜ੍ਹੋ ਨਾ ਘਰਾਂ ਨੂੰ ਜਾਵੋ ਤੇ ਆਪਣਾ ਕੰਮ ਕਰੋ !

**ਨਰਿੰਪਇੰਦਰ ਰਤਨ**-ਦੋਸਤੋ ਅੱਜ ਮੇਰਾ ਬਹੁਤਾ ਮਨ ਤਾਂ ਨਹੀਂ ਸੀ ਕਿ ਮੈਂ ਇਸ ਪੁਸਤਕ ਬਾਰੇ ਗੱਲ ਕਰਾਂ। ਕਿਉਂਕਿ ਕਿਤਾਬ ਪੜ੍ਹ ਤਾਂ ਮੈਂ ਲਈ, ਪਰੰਤੂ ਬਦਕਿਸਮਤੀ ਨਾਲ ਜਿਹੜੀ ਕਾਪੀ ਮੇਰੇ ਕੋਲ ਆਈ ਉਸ ਵਿੱਚੋਂ ਬਹੁਤ ਸਾਰੇ ਪੇਜ਼ ਮਿਸਿੰਗ ਸਨ। ਸੋ ਲਿੰਕ ਟੁੱਟ ਗਿਆ। ਦੂਸਰਾ ਕਾਰਨ ਇਹ ਹੈ ਕਿ ਇਸਦੀ ਭਾਸ਼ਾ ਬਾਰੇ ਜੋ ਮਸਲਾ ਉਠਿਆ ਮੇਰੀ ਇਹ ਧਾਰਨਾ ਹੈ ਕਿ ਇਹ ਏਡਾ ਵੱਡਾ ਕਰਾਈਮ ਨਹੀਂ ਹੈ, ਜੇ ਕਹਾਣੀ ਦੀ ਲੋੜ ਹੈ ਜੇ ਪਾਤਰ ਦੇ ਸੁਭਾਅ ਦੀ ਲੋੜ ਹੈ, ਜੇ ਪਾਤਰ ਚਿਤਰਣ ਵਿੱਚ ਉਸ ਦੀ ਲੋੜ ਹੈ, ਤਾਂ ਇਹ ਸੋ ਕਾਲਡ



ਅਸ਼ਲੀਲ ਸ਼ਬਦ ਵਰਤੇ ਜਾਣੇ ਕੋਈ ਮਾੜੀ ਗੱਲ ਨਹੀਂ। ਸਿਰਫ ਕਲਾਕਾਰੀ ਇਸੇ ਵਿੱਚ ਹੈ ਕਿ ਉਹ ਵਰਤੇ ਜਾ ਕੇ ਵੀ ਤੁਹਾਨੂੰ ਮਹਿਸੂਸ ਨਾ ਹੋਣ। ਮੈਂ ਇਹਦੇ ਵਿੱਚ ਦੋ ਹਿੰਦੀ ਨਾਵਲਾਂ ਦੀਆਂ ਉਦਾਹਰਨਾ ਦਿੰਦਾ। ਦੋਵੇਂ ਬਹੁਤ ਮਹੱਤਵਪੂਰਨ, ਜਾਣੇ ਪਛਾਣੇ ਨਾਮ ਹਨ। ਇੱਕ ਤਾਂ ਰਾਹੀ ਮਸੂਮ ਰਜ਼ਾ ਦਾ ਨਾਵਲ ਹੈ ‘ਆਧਾ ਗਾਓਂ’ ਹੁਣ ਉਸ ਨਾਵਲ ਨੂੰ ਤੁਸੀਂ ਪੜ੍ਹੋਂ, ਜਿਸ ਪੇਂਡੂ ਬੈਕਗਰਾਉਂਡ ਵਿੱਚੋਂ ਉਹ ਆਇਆ ਹੈ। ਜਿਹੋ ਜਿਹੀ ਉਥੋਂ ਦੇ ਲੋਕਾਂ ਦੀ ਭਾਸ਼ਾ ਹੈ। ਬਹੁਤ ਸਹਿਜ ਬੋਲੀ ਹੈ। ਉਹ ਔਰਤਾਂ ਵੀ ਬੜੇ ਸਹਿਜ ਭਾਅ ਉਹ ਭਾਸ਼ਾ ਬੋਲਦੀਆਂ ਨੇ, ਜਿਹੜੀ ਸਾਡੇ ਸਮਾਜ ਵਿੱਚ ਉਸ ਗੱਲ ’ਤੇ ‘ਥੂ ਥੂ’ ਹੋ ਜਾਵੇ। ਇਸੇ ਤਰੀਕੇ ਨਾਲ ਸ੍ਰੀ ਲਾਲ ਸ਼ੁਕਲ ਦਾ ਜਿਹੜਾ ਨਾਵਲ ‘ਟੋਪੀ ਸ਼ੁਕਲ’ ਹੈ। ਉਸ ਨਾਵਲ ਦੇ ਤਾਂ ਇੱਕ ਇੱਕ ਪੈਰ੍ਹੇ ’ਚ ਦਸ ਦਸ ਗਾਲ੍ਹਾਂ ਨੇ। ਔਰ ਉਹ ਤੁਹਾਨੂੰ ਓਪਰੀ ਨਹੀਂ ਲਗਦੀ।

ਬਾਕੀ ਜੋ ਨਾਵਲ ਦੀ ਜੋ ਗੱਲ ਹੈ, ਮੇਰੇ ਵਾਸਤੇ ਤਾਂ ਇਸ ਨਾਵਲ ਨੇ ਆਪਣਾ ਨਾਂਅ ਸਾਰਥਕ ਕੀਤਾ ਹੈ। ਅੰਤਹੀਣ !

**ਕਾਨਾ ਸਿੰਘ**-ਮੈਂ ਸ਼ਾਇਦ ਨਾ ਬੋਲਦੀ। ਪਰੰਤੂ ਉਤਸਾਹਿਤ ਹੋਈ ਹਾਂ। ਮੈਂ ਇਸ ਨਾਵਲ ਤੂੰ ਦੋ ਤਿੰਨ ਵਾਰ ਪੜ੍ਹਨਾ ਸ਼ੁਰੂ ਕੀਤਾ, ਪਰੰਤੂ ਮੈਨੂੰ ਰੌਚਕ ਨਹੀਂ ਲੱਗਾ। ਹਾਂ ਮੈਂ ਇਸ ਗੱਲ ਨਾਲ ਸਹਿਮਤ ਹਾਂ ਕਿ ਇਹ ਰਚਨਾ ਡਿਸਟਰਬ ਕਰਦੀ ਹੈ, ਪਰੰਤੂ ਰੌਚਿਕਤਾ ਜ਼ਰੂਰੀ ਹੈ। ਜੋ ਸ੍ਰ. ਪ੍ਰੀਤਮ ਸਿੰਘ ਨੇ ਜੋ ਆਪਣੇ ਵਿਚਾਰ ਪ੍ਰਗਟਾਏ ਹਨ, ਚਲੋ ਉਹਨਾਂ ਨੂੰ ਲੱਗਾ ਕਿ ਨਾਵਲ ’ਚ ਕੁਝ ਸ਼ਬਦ ਅਸੱਭਿਅਕ ਨੇ, ਪਰੰਤੂ ਉਹ ਇਹਨਾਂ ਅਸੱਭਿਅਕ ਸ਼ਬਦਾਂ ਨੂੰ ਇੱਥੇ ਬਿਆਨ ਕਰਨ ਲਈ ਏਨੇ ਉਤਸੁਕ ਸਨ ਤੇ ਏਨਾ ਆਨੰਦ ਲੈ ਰਹੇ ਸਨ ਕਿ ਹੈਰਾਨੀ ਹੋ ਰਹੀ ਸੀ। ਮੈਨੂੰ ਇਹ ਲਗਦਾ ਕਿ ਸ਼ਾਇਦ ਦੇਸ ਰਾਜ ਕਾਲੀ ਨੇ ਤਾਂ ਲਿਖਣ ਵਕਤ ਆਨੰਦ ਨਾ ਲਿਆ ਹੋਵੇ, ਪਰੰਤੂ ਸ੍ਰ. ਪ੍ਰੀਤਮ ਸਿੰਘ ਨੇ ਪੂਰਾ ਆਨੰਦ ਲਿਆ ਤੇ ਤੁਹਾਡੇ ਨਾਲ ਸ਼ੇਅਰ ਵੀ ਕੀਤਾ।

**ਭੂਸ਼ਨ ਧਿਆਨਪੁਰੀ**-ਮੈਂ ਜੋ ਕਹਾਂਗਾ ਸਾਹਿਤ ਬਾਰੇ ਕਹਾਂਗਾ ਤੇ ਸਾਹਿਤ ਤੋਂ ਬਾਹਰ ਕੁਝ ਨਹੀਂ ਕਹਾਂਗਾ। ਇਹ ਕਿਤਾਬ ਬਹੁਤ ਵੱਖਰੀ ਕਿਸਮ ਦੀ ਕਿਤਾਬ ਹੈ। ਵਿਕੋਲਿਤਰੀ। ਅਲੱਗ। ਇਸ ਕਰਕੇ ਬਹੁਤ ਸਾਰੇ ਦੋਸਤਾਂ ਨੂੰ ਅਜਨਬੀ ਲੱਗਦੀ ਹੈ। ਇਹ ਚੰਗੀ ਗੱਲ ਹੈ। ਇਸ ਤੋਂ ਵੀ ਪਹਿਲਾਂ ਅੰਤਹੀਣ ਤੋਂ ਪਹਿਲਾਂ ਕਾਲੀ ਦਾ ਇੱਕ ਨਾਵਲ ਹੋਰ ਆਇਆ ਹੈ ‘ਪਰਣੇਸ਼ਵਰੀ’। ‘ਪਰਣੇਸ਼ਵਰੀ’ ਦੀ ਲੜੀ ਵਿੱਚ ਹੀ ਹੈ ਇਹ ਦੂਜਾ ਨਾਵਲ। ਜਿਹਨੇ ਉਹ ਪਹਿਲਾਂ ਪੜ੍ਹਿਆ ਹੈ, ਉਹ ਉਸਨੂੰ ਇਸ ਨਾਲ ਜੋੜਕੇ ਵੇਖ ਸਕਦਾ ਹੈ। ਇਹਨਾਂ ਵਿੱਚ ਤੰਦ ਸਾਂਝੀ ਹੈ। ਦੇਸ ਰਾਜ ਕਾਲੀ ਇੱਕ ਖ਼ਾਸ ਮਿਸ਼ਨ ਨੂੰ ਲੈ ਕੇ ਤੁਰਿਆ ਹੈ। ਜੋ ਕਿ ਉਹਦੇ ਜੀਵਨ ਨਾਲ ਜੁੜਿਆ ਹੋਇਆ, ਉਹਦੇ ਵਰਗਿਆਂ ਦੇ ਜੀਵਨ ਨਾਲ ਜੁੜਿਆ ਹੋਇਆ ਵਿਆਪਕ ਤੌਰ ਤੇ ਜੁੜਿਆ ਹੋਇਆ ਤੇ ਬਹੁਤ ਦੇਰ ਤੋਂ ਜੁੜਿਆ ਹੋਇਆ। ਬਹੁਤ ਗੰਭੀਰ ਸਵਾਲ ਨੂੰ ਰੌਲ਼ੇ ਵਿੱਚ ਗੁਆ ਦੇਣਾ ਵੀ ਅਸ਼ਲੀਲਤਾ ਹੈ। ਇੱਕ ਦਲਿਤ ਸਮਾਜ ਵਿੱਚ ਪੈਦਾ ਹੋਇਆ ਵਿਅਕਤੀ ਜਦੋਂ ਆਪਣੇ ਪਿਛਵਾੜੇ ’ਚ ਲਗਾਤਾਰ ਵੇਖਦਾ ਹੈ, ਉਸਨੂੰ ਵਿਹੜਾ ਹੀ ਵਿਹੜਾ ਨਜ਼ਰ ਆਉਂਦਾ ਹੈ ਜਿਹਨਾਂ ਨੇ ਪਰਣੇਸ਼ਵਰੀ ਨਾਵਲ ਨਹੀਂ ਪੜ੍ਹਿਆ ਮੈਂ, ਉਹਨਾਂ ਨੂੰ ਸੰਖੇਪ ’ਚ ਦੱਸਣਾ ਚਾਹੁੰਦਾ ਕਿ ਬਚਪਨ ਵਿੱਚ ਇਸ ਲੇਖਕ ਨੇ ਜੋ ਛੋਟੇ ਹੁੰਦਿਆਂ 8-10 ਸਾਲ ਦੀ ਉਮਰ ਤੱਕ ਵੇਖਿਆ ਹੈ, ਆਪਣੇ ਬਜ਼ੁਰਗਾਂ ਤੋਂ ਸੁਣਿਆ ਹੈ, ਆਪਣੇ ਆਲੇ ਦੁਆਲੇ ਤੋਂ ਸੁਣਿਆ ਜਾਂ ਉਹ ਸਾਰਾ ਕੁਝ ਜੋ ਉਹਦੇ ’ਚ ਆਇਆ, ਉਹਦੇ ਮਨ ਵਿੱਚ ਇੱਕ ਜਗਿਆਸਾ ਪੈਦਾ ਹੋਈ ਕਿ ਇਹ ਕੀ ਹੈ? ਇਹ ਸਾਰਾ ਕੁਝ ਸਾਡੇ ਨਾਲ ਹੀ ਕਿਉਂ ਵਾਪਰ ਰਿਹਾ ਹੈ? ਅਸੀਂ ਏਦਾਂ ਦੇ ਕਿਉਂ ਹਾਂ? ਇਸ ਹਨੇਰੇ ’ਚ ਹੀ ਕਿਉਂ ਹਾਂ ਅਸੀਂ? ਉਸ ਹਨੇਰ੍ਹੇ ਨੂੰ ਬਾਲਟੀਆਂ ਭਰ ਭਰ ਕੇ ਬਾਹਰ ਨਹੀਂ ਸੁਟਿਆ ਜਾ ਸਕਦਾ। ਹਨੇਰ੍ਹੇ ਵਾਸਤੇ ਸੰਘਰਸ਼ ਕਰਨ ਦੀ ਲੋੜ ਨਹੀਂ। ਹਨੇਰ੍ਹੇ ਵਾਸਤੇ ਦੀਵਾ ਜਗਾਉਣ ਦੀ ਲੋੜ ਹੁੰਦੀ ਹੈ. ਤੇ ਉਹ ਦੀਵੇ ਦੀ ਭਾਲ ’ਚ ਉਹ ਜਦੋਂ ਨਿਕਲਦਾ ਹੈ, ਬ੍ਰਹਮ ਸੂਤਰ ਦਾ ਪਹਿਲਾ ਸੂਤਰ ਹੈ, ਅਥਾਤੋ ਬ੍ਰਹਮ ਜਗਿਆਸਾ ! ਕਿ ਸਭ ਤੋਂ ਪਰਮ ਸੱਚ ਜੋ ਹੈ ਉਹ ਕੀ ਹੈ? ਜੇ ਉਸਨੂੰ ਜਾਨਣਾ ਹੈ ਤਾਂ ਸੱਭ ਤੋਂ ਪਹਿਲਾਂ ਜਗਿਆਸਾ, ਪੈਦਾ ਹੋਣੀ ਲਾਜ਼ਮੀ ਹੈ। ਜੇ ਜਗਿਆਸਾ ਹੋ ਗਈ ਤਾਂ ਤੁਰ ਪਵੋਂਗੇ। ਪਹਿਲੇ ਨਾਵਲ ਵਿੱਚ ਜਗਿਆਸਾ ਹੈ, ਜਾਨਣ ਦੀ। ਤੇ ਉਹ ਪਰਣੇਸ਼ਵਰੀ ਦੀ ਮੂਰਤੀ ਨੂੰ ਲੱਭ ਲਿਆਉਂਦਾ ਹੈ। ਪਰਣੇਸ਼ਵਰੀ ਦੇ ਸਿੰਘਾਸਣ ਹੇਠ ਗਾਣੇਸ਼ ਦੱਬੇ ਹੋਏ ਹਨ। ਉਹਦੇ ’ਚ ਕੁਝ

ਸ਼ਬਦ ਵਾਰ ਵਾਰ ਆਉਂਦੇ ਨੇ। ਆਪਣਿਆਂ ਦੀ ਸੇਵਾ ਕਰੋ, ਪਿਤਰਾਂ ਦੀ ਪੂਜਾ ਕਰੋ, ਆਪਣਿਆਂ ਨੂੰ ਪਛਾਣੋ? ਵਾਰ ਵਾਰ ਵਿਰਸੇ ਦੀ ਗੱਲ ਹੈ। ਇੱਕ ਪਾਤਰ ਕਾਮਰੇਡ ਹੈ, ਇਸਨੂੰ ਇਹ ਕਹਿੰਦਾ ਹੈ ਕਿ ਜਿੰਨਾ ਮਰਜ਼ੀ ਵੱਡਾ ਹੋ ਜਾ, ਪਰ ਆਪਣਿਆਂ ਨੂੰ ਨਾ ਭੁੱਲੀ ਆਪਣਿਆਂ ਦੀ ਸੇਵਾ ਕਰੀਂ। ਅਪਣਿਆਂ 'ਚ ਰਹੀਂ। ਮਤਲਬ ਆਪਣੇ ਮੂਲ ਨੂੰ ਨਾ ਭੁੱਲੀਂ। ਬਹੁਤ ਸਾਰੇ ਨੇ ਜਿਹੜੇ ਕੁਝ ਹੋ ਕੇ ਮੂਲ ਨੂੰ ਭੁੱਲ ਜਾਂਦੇ ਨੇ। ਉਹ ਕੁਝ ਹੋਰ ਈ ਹੋ ਜਾਂਦੇ ਨੇ। ਉਹਨਾਂ ਦੀਆਂ ਜੜ੍ਹਾਂ ਨਹੀਂ ਰਹਿੰਦੀਆਂ। ਉਹ ਜੜ੍ਹਹੀਣ ਹੋ ਜਾਂਦੇ ਨੇ।

ਇਸ ਤਰ੍ਹਾਂ ਨਾਲ ਉਹ ਵਿਹੜੇ 'ਚੋਂ ਨਿਕਲਦਾ ਹੈ ਬੰਦਾ, ਇਸ ਜਗਿਆਸਾ ਨੂੰ ਲੈ ਕੇ। ਪੜ੍ਹਦਾ ਹੈ। ਸੁਣਦਾ ਹੈ। ਵੇਖਦਾ ਹੈ, ਮਹਿਸੂਸ ਕਰਦਾ ਹੈ। ਜਦੋਂ ਉਹ ਨਹੀਂ ਵੀ ਪੜ੍ਹ ਸਕਦਾ, ਉਦੋਂ ਉਹ ਵੇਖਦਾ ਹੈ। ਤੇ ਮਹਿਸੂਸ ਕਰਦਾ ਹੈ। ਜਿੱਥੇ ਇਹ ਨਾਵਲ ਨੂੰ ਕਹਿੰਦਾ ਪੜ੍ਹੋ ਨਾ, ਮਹਿਸੂਸ ਕਰੋ, ਉੱਥੇ ਇਹਦਾ ਮਤਲਬ ਇਹ ਹੈ। ਜਿਹੜੇ ਅਨਪੜ੍ਹ ਲੋਕ ਨੇ, ਪੜ੍ਹ ਨਹੀਂ ਸਕਦੇ, ਉਹ ਨਾਵਲ ਨੂੰ ਵੇਖ ਸਕਦੇ ਨੇ। ਸਾਡਾ ਪੁਰਾਣਾ ਕਾਲ ਜੋ ਸੀ ਸ਼ਲਭ ਕਾਲ ਤੇ ਸ਼ਰੋਤਾਕਾਲ ਸੀ। ਸੁਣਦੇ ਸਨ ਤੇ ਵੇਖਦੇ ਸਨ। ਪੜ੍ਹਨ ਵਾਲੇ ਬੰਦੇ ਤਾਂ ਬਹੁਤ ਥੋੜ੍ਹੇ ਸਨ। ਵੇਖਣਾ ਜਦੋਂ ਤੁਸੀਂ ਪੜ੍ਹ ਰਹੇ ਹੁੰਦੇ ਹੋ ਤਾਂ ਮਨ ਦੀਆਂ ਅੱਖਾਂ ਸਾਹਮਣੇ ਕੁਝ ਵੇਖ ਰਹੇ ਹੁੰਦੇ ਹੋ। ਤੇ ਵੇਖਣ ਤੱਕ ਹੀ ਸੀਮਿਤ ਨਾ ਰੱਖੋ। ਮਹਿਸੂਸ ਕਰੋ। ਅਹਿਸਾਸ ਲਿਆਓ ਕਿ ਜੇ ਤੁਸੀਂ ਇਸ ਥਾਂ 'ਤੇ ਹੁੰਦੇ ਤਾਂ ਕੀ ਹੁੰਦੇ। ਇਸ ਤਰ੍ਹਾਂ ਦੇ ਨਾਲ ਜਿਹੜੀ ਇਹ ਇਨਟੈਂਸਟੀ ਹੈ, ਤੀਬਰਤਾ, ਤੀਖ਼ਣਤਾ ਹੈ, ਇਸ ਤਰ੍ਹਾਂ ਦੇ ਨਾਲ ਜੇ ਤੁਸੀਂ ਮਹਿਸੂਸ ਕਰਦੇ ਹੋ ਤਾਂ ਤੁਸੀਂ ਪਾਠ ਦੇ ਵਿੱਚ ਹੋ, ਵਰਤਮਾਨ 'ਚ ਹੋ ਨਹੀਂ ਤਾਂ ਜਾਂ ਤਾਂ ਭਵਿੱਖ ਦੀਆਂ ਤੇ ਜਾਂ ਫਿਰ ਆਹ ਹੋਣਾ ਚਾਹੀਦਾ, ਫਲਾਣੇ ਥਾਂ ਆਹ ਹੈ! ਇਹ ਇਧਰਲੀਆਂ ਓਧਰਲੀਆਂ ਚੀਜ਼ਾਂ ਨਾਲੋਂ ਪੜ੍ਹਦਿਆਂ ਵਰਤਮਾਨ ਰਹਿਣਾ ਬਹੁਤ ਜ਼ਰੂਰੀ ਹੈ।

ਇਹ ਵਿਹੜੇ 'ਚੋਂ ਨਿਕਲਦਾ ਹੈ, ਜਗਿਆਸਾ ਲੈ ਕੇ। ਫਿਰ ਆਉਂਦਾ ਹੈ ਸਮਾਜ ਵਿੱਚ। ਇਹ ਦੂਸਰਾ ਨਾਵਲ ਹੈ 'ਅੰਤਹੀਣ' ਇਹ ਉਹ ਵਿਅਕਤੀ ਜਿਹੜਾ ਜਗਿਆਸਾ ਲੈ ਕੇ ਨਿਕਲਿਆ ਹੈ, ਉਹ ਸਮਾਜ ਵਿੱਚ ਵਿਚਰਦਾ ਹੈ। ਤੇ ਜਿਹੜਾ ਉਹਦਾ ਸਮਾਂ ਹੈ ਉਹ 1984 -85 ਤੋਂ ਲੈ ਕੇ ਸੰਮ 2003--04 ਤੱਕ ਦਾ ਹੈ। ਇਹ ਜ਼ਰਾ ਦੇਖੋ ਇਸ ਸਮੇਂ 'ਚ ਕੀ ਕੀ ਹੋਇਆ। ਜਿਹੜਾ ਨੌਜਵਾਨ ਉਠਿਆ ਹੈ, ਜਿਸਨੂੰ ਆਪਣੇ ਭਵਿੱਖ ਦੀ ਚਿੰਤਾ ਹੈ, ਜਿਹੜਾ ਆਪਣੇ ਬਜ਼ੁਰਗ ਮਾਂ-ਪਿਓ ਬਾਰੇ ਸੋਚਦਾ ਹੈ, ਜਿਸਦਾ ਇੱਕ ਭਰਾ ਕਈ ਕੁਝ ਜੁਗਾੜਾ ਕਰਕੇ ਤਰੱਕੀ ਲਈ ਡੁਬਈ ਗਿਆ ਹੋਇਆ। ਕੋਈ ਪੈਸੇ ਨਹੀਂ ਘੱਲ ਰਿਹਾ। ਪਿਓ ਬਿਮਾਰ ਪਿਆ ਹੋਇਆ। ਮਾਂ ਦੁਖੀ ਹੈ। ਗੁਆਂਢ 'ਚ ਭਰਾਵਾਂ 'ਚ ਲੜਾਈਆਂ ਹੋਈਆਂ ਪਈਆਂ ਨੇ। ਉਹਦੀ ਧੀ ਦਾ ਮਸਲਾ ਪੈਦਾ ਹੋਇਆ ਪਿਆ। ਨੂੰਹ-ਸਹੁਰੇ ਦਾ ਮਸਲਾ ਹੈ। ਮਤਲਬ ਬਹੁਤ ਸਾਰੀਆਂ ਚੀਜ਼ਾਂ ਨੇ ਜਿਹੜੀਆਂ ਉਸਨੂੰ ਉਸ ਪਾਸੇ ਵੱਲ ਲੈ ਜਾ ਰਹੀਆਂ ਨੇ, ਉਹ ਜਕੜਿਆ ਹੋਇਆ ਹੈ। ਉਹ ਉਸ ਜਕੜਨ 'ਚੋਂ ਨਿਕਲਣ ਦੀ ਕੋਸ਼ਿਸ਼ ਕਰ ਰਿਹਾ ਹੈ। ਕਿਵੇਂ? ਦੀਵੇ ਰਾਹੀਂ। ਇੱਕ ਜਾਣਕਾਰੀ ਰਾਹੀਂ ਕਿ ਮੈਂ ਜਾਣਾ ਪਹਿਲਾਂ। ਇੱਕ ਪਾਤਰ ਇੱਕ ਫਿਕਰਾ ਬੋਲਦਾ ਰਾਜ ਕਰਨਾ ਹੈ ਦੀ ਥਾਂ ਆਪਣੀਆਂ ਜੜ੍ਹਾਂ ਨੂੰ ਜਾਨਣਾ ਹੈ। ਇਹ ਮੇਰਾ ਵਿਸ਼ਾ ਹੈ। ਇਹ ਬੜੀ ਵੱਡੀ ਗੱਲ ਹੈ ਕਿ ਰਾਜ ਕਰਨਾ ਹੈ, ਤਾਂ ਕਿਸੇ ਨੂੰ ਹੀਣਾ ਵਿਖਾਉਣ ਦੀ ਗੱਲ ਹੈ। ਗੁਲਾਮ ਕਰਨ ਦੀ ਗੱਲ ਹੈ। ਆਪਣੇ ਆਪ ਨੂੰ ਜਾਨਣਾ ਹੈ, ਆਪਣੀਆਂ ਜੜ੍ਹਾਂ ਨੂੰ ਜਾਨਣਾ ਹੈ। ਇਹ ਜੜ੍ਹਾਂ ਨੂੰ ਜਾਨਣ ਵਾਸਤੇ ਉਹ ਕਿੱਥੇ ਕਿੱਥੇ ਜਾਂਦਾ ਹੈ। ਕਿੰਨੇ ਖੇਤਰ ਨੇ, ਧਰਮ ਦਾ ਖੇਤਰ ਹੈ, ਪੱਤਰਕਾਰੀ ਦਾ ਖੇਤਰ ਹੈ, ਜਾਂ ਸਮਾਜ ਦੇ ਜਿਹੜੇ ਦੂਜੇ ਨੇ, ਜਿਵੇਂ ਅੱਜ ਕੱਲ ਜੋ ਬਾਜ਼ਾਰ ਦੀ ਗੱਲ ਹੈ, ਮੰਡੀ ਦੀ ਗੱਲ ਹੈ, ਫਾਇਨਾਂਸ ਕੰਪਨੀ ਦੀ ਗੱਲ ਹੈ, ਉਹਦੇ 'ਚ ਜੋ ਅਲਟਰਾ ਮਾਡਰਨ ਪਾਤਰ ਨੇ ਜਾਂ ਲੇਖਕ ਜੋ ਕਰ ਰਹੇ ਨੇ, ਤੁਸੀਂ ਵੇਖੋ ਕਿ ਇਸ ਨਾਵਲ ਦੀ ਜੋ ਵਿਧਾ ਹੈ, ਜੋ ਰੂਪ ਹੈ ਉਹ ਕੀ ਬਣਿਆ ਹੋਇਆ । ਇਹ ਨਾਵਲ ਦੇ ਵਿੱਚ ਨਾਟਕ ਹੈ। ਇਸੇ ਕਰਕੇ ਦੇਖਣ ਲਈ ਕਹਿ ਰਿਹਾ ਉਹ। ਤੁਸੀਂ ਵਾਰ ਵਾਰ ਵੇਖੋਗੇ। ਉਹਦੇ ਵਿੱਚ ਸਕਰਿਪਟ ਦੀ ਗੱਲ ਹੈ। ਉਹਦੇ 'ਚ ਦ੍ਰਿਸ਼ ਦੀ ਗੱਲ ਹੈ। ਵਾਰ ਵਾਰ ਕਹਿੰਦਾ ਇਹਨੂੰ ਵੇਖੋ! ਕੋਈ ਸਕਰਿਪਟ ਲਿਖ ਰਿਹਾ, ਕੋਈ ਇਪਟਾ ਨਾਲ ਵੀ ਜੁੜੇ ਹੋਏ ਨੇ। ਇੱਕ ਡਾਇਰੈਕਟਰ ਵੀ ਹੈ ਉਹਨਾਂ 'ਚ ਇੱਕ ਲੇਖਕ, ਹੈ ਸਕਿਰਪਟ ਰਾਈਟਰ ਹੈ। ਉਸ ਵਾਸਤੇ ਗੀਤ ਦੀ ਵੀ ਲੋੜ ਹੈ, ਲਾਈਟ ਦੀ ਵੀ ਲੋੜ ਹੈ। ਉਹ ਸਾਰਾ ਕੁਝ ਸਮਾਨ ਡਰਾਮੇ ਦਾ ਹੈ। ਨਾਟਕ ਦਾ ਹੈ।



(ਇਥੋਂ ਟੇਪ ਮੁੱਕ ਗਈ ਤੇ ਪਾਸਾ ਪਰਤਦਿਆਂ ਕੁਝ ਗੱਲਾਂ ਰਿਕਾਰਡ ਕਰਨੋ ਰਹਿ ਗਈਆਂ)

**ਸ੍ਰੀਮਤੀ ਮਹਿਤਾ**-'ਅੰਤਹੀਣ' ਨਾਵਲ ਬਾਰੇ ਜਿਸ ਤਰ੍ਹਾਂ ਇੱਥੇ ਕਿਰਟੀਸਾਈਜ਼ ਕੀਤਾ ਗਿਆ ਕਿ ਇਹ ਨਾਵਲ ਨਹੀਂ ਹੈ, ਇਸਨੂੰ ਮਹਿਸੂਸ ਕਰਨ ਵਾਲੀ ਗੱਲ, ਮੈਨੂੰ ਲੱਗਿਆ ਕਿ ਇਹ ਇਸ ਰਚਨਾ ਦਾ ਬਹੁਤ ਹੀ ਮਹੱਤਵਪੂਰਨ ਹਿੱਸਾ ਹੈ। ਉਹ ਇਹ ਕਿ ਇਸਨੂੰ ਮਹਿਸੂਸ ਕਰੋ, ਇਹਨੂੰ ਵੇਖੋ! ਪੜ੍ਹੋ ਨਹੀਂ, ਦਾ ਮਤਲਬ ਇਹ ਨਹੀਂ ਕਿ ਤੁਸੀਂ ਪੜ੍ਹੋ ਹੀ ਨਾ। ਕਿਉਂ ਕਿ ਜੇ ਲੇਖਕ ਨੇ ਲਿਖਿਆ ਹੈ ਕਿ 'ਨਾ ਪੜ੍ਹੋ' ਤਾਂ ਜਿਹੜਾ ਪਾਠਕ ਜੇ ਪੜ੍ਹੀ ਜਾ ਰਿਹਾ ਤਾਂ ਇਹਦਾ ਮਤਲਬ ਕਿ ਪੜ੍ਹਨ ਵਾਲੀ ਗੱਲ ਤਾਂ ਹੈ ਹੀ। ਉਹਦੇ ਵਿੱਚ ਇਹ ਹੈ ਤਾਂ ਹੀ ਪਾਠਕ ਉਹਦੇ ਨਾਲ ਨਾਲ ਤੁਰਦਾ ਜਾ ਰਿਹਾ। ਭਾਸ਼ਾ ਬਾਰੇ ਬਹੁਤ ਕੁਝ ਕਿਹਾ ਗਿਆ, ਮੈਂ ਸਿਰਫ ਇਹ ਕਹਾਂਗੀ ਕਿ ਇਹ ਕੋਈ ਅਸ਼ਲੀਲਤਾ ਵਾਲੀ ਗੱਲ ਨਹੀਂ ਹੈ। ਮੈਨੂੰ ਵਿਧੀ ਦੇ ਪੱਖੋਂ ਇਹ ਨਾਵਲ ਇੱਕ ਨਵਾਂ ਤਜਰਬਾ ਲੱਗਾ ਹੈ। ਇਸ ਕਰਕੇ ਵੀ ਇਸ ਕਿਤਾਬ ਵੱਲ ਵਿਸ਼ੇਸ਼ ਧਿਆਨ ਜਾਂਦਾ ਹੈ। ਜੇ ਇਸਨੇ ਪਾਠਕ ਦਾ ਧਿਆਨ ਰਿਝਾਈ ਰੱਖਿਆ ਤਾਂ ਉਤਮ ਰਚਨਾ ਹੈ। ਇਸ ਨਾਵਲ ਵਿੱਚ ਬਹੁਤ ਸਾਰੇ ਮਸਲੇਂ ਛੋਹੇ ਹੋਏ ਨੇ। ਕਿਤੇ-ਕਿਤੇ ਮੈਨੂੰ ਇਉਂ ਲੱਗਿਆ ਕਿ ਇਹ ਨਾਵਲ 'ਦ ਮੇਕਿੰਗ ਆਫ ਏ ਨਾਵਲ' ਹੈ ਕਿ ਨਾਵਲ ਕਿਸ ਤਰ੍ਹਾਂ ਬਣਦਾ ਹੈ। ਆਮ ਅਸੀਂ ਇੱਥੇ ਆਲੋਚਨਾ ਕਰ ਰਹੇ ਸਾਂ ਕਿ ਇਹਦੇ 'ਚ ਪਾਤਰ ਉਸਾਰੀ ਨਹੀਂ ਕੀਤੀ। ਲੇਖਕ ਵਾਰ ਵਾਰ ਆਉਂਦਾ ਹੈ ਤੇ ਦਖਲ ਦਿੰਦਾ ਹੈ। ਮੈਂ ਕਹਿੰਦੀ ਹਾਂ ਕਿ ਲੇਖਕ ਜਿੱਥੇ ਵੀ ਆਉਂਦਾ ਹੈ, ਬਹੁਤ ਮਹੱਤਵਪੂਰਨ ਥਾਂ ਤੇ ਆਉਂਦਾ ਹੈ ਅਤੇ ਬਹੁਤ ਹੀ ਮਹੱਤਵਪੂਰਨ ਗੱਲ ਕਹਿ ਕਰ ਕੇ ਜਾਂਦਾ ਹੈ। ਉਹ ਕਈ ਖੱਪੇ ਪੂਰੇ ਕਰਦਾ ਹੈ। ਉਹ ਤਾਂ ਬਹੁਤ ਚੰਗੀ ਵਿਧੀ ਨਾਲ ਇਹਨਾਂ ਨਿਭਾਇਆ ਹੈ। ਕਿਉਂਕਿ ਅਸੀਂ ਗਿਝੇ ਹੋਏ ਹਾਂ, ਪੁਰਾਣੇ ਨਾਵਲਾਂ ਦੀ ਪਾਤਰ ਉਸਾਰੀ ਤੇ ਹੋਰ ਕਈ ਕੁਝ ਦੇ। ਇਸ ਲਈ ਨਵਾਂ ਹਜ਼ਮ ਕਰਨਾ ਮੁਸ਼ਕਿਲ ਜਾਪਦਾ ਹੈ।

**ਡਾ. ਪ੍ਰੇਮ ਸਿੰਘ**-ਜਿਹੜਾ ਸਾਹਿਤ ਆਪਣੇ ਅੰਦਰ ਝਾਤੀ ਮਾਰਨ ਦੀ ਸਮਰਥਾ ਨਹੀਂ ਬਖਸ਼ਦਾ, ਮੈਂ ਸਮਝਦਾ ਕਿ ਉਹ ਸਾਹਿਤ ਬਹੁਤ ਕਮਜ਼ੋਰ ਸਾਹਿਤ ਹੈ। ਹੁਣ ਸੁਸ਼ੀਲ ਨੇ ਕਾਲੀ ਦੇ ਨਾਵਲ ਨੂੰ ਕਿਹਾ ਕਿ ਡਿਸਟਰਬ ਜ਼ਰੂਰ ਕਰਦਾ ਹੈ। ਮੈਂ ਆਪਣੇ ਤੌਰ 'ਤੇ ਕਹਿੰਦਾ ਕਿ ਮੈਂ ਡਿਸਟਰਬ ਨਹੀਂ ਹੋਇਆ, ਚੌਕਿਆ ਜ਼ਰੂਰ ਹਾਂ। ਚੌਕਿਆ ਇਸ ਕਰਕੇ ਕਿ ਕੁਛ ਕਰੈਕਟਰਜ਼ ਅਤੇ ਕੁਛ ਤਰ੍ਹਾਂ ਦੀ ਜ਼ਿੰਦਗੀ ਬਾਰੇ, ਇਹਨਾਂ ਨੇ ਕੁਝ ਇਸ ਢੰਗ ਨਾਲ ਪੇਸ਼ ਕੀਤਾ ਹੈ, ਕਿਉਂਕਿ ਉਹਨਾਂ ਦਾ ਨਾਰਮਲ ਰੂਪ ਸਧਾਰਨ ਤੌਰ 'ਤੇ ਸਾਡੇ ਨਾਵਲਾਂ ਵਿੱਚ ਨਹੀਂ ਮਿਲਦਾ, ਇਸ ਕਰਕੇ ਉਹ ਪਰਟੀਕੁਲਰ ਗੱਲ ਤੁਹਾਨੂੰ ਚੌਂਕਾ ਦਿੰਦੀ ਹੈ। ਪਰ ਇਸ ਨਾਵਲ 'ਚ ਮੈਨੂੰ ਕੋਈ ਨਵੀਂ ਗੱਲ ਲੱਗੀ ਨਹੀਂ।

**ਮੋਹਨ ਭੰਡਾਰੀ**-ਤੁਹਾਡੀਆਂ ਸਾਰਿਆਂ ਦੀਆਂ ਗੱਲਾਂ ਸੁਣਕੇ ਮੇਰੇ ਦਿਮਾ.ਗ 'ਚ ਇਸ ਨਾਵਲ ਬਾਰੇ ਪੰਜ-ਸੱਤ ਗੱਲਾਂ ਆਉਂਦੀਆਂ ਨੇ। ਇੱਕ ਤਾਂ ਇਹ ਹੈ ਕਿ ਅਸੀਂ ਇਹ ਗੱਲ ਸਮਝੇ ਹੀ ਨਹੀਂ, ਉਹ ਇਹ ਕਿ ਨਾਵਲ ਜਾਂ ਨਾਟਕ ਲਿਖਣ ਦੀ ਜੋ ਪ੍ਰਿਤ੍ਰਿਆ ਹੈ, ਉਸਨੂੰ ਵੇਖਣ ਦੀ ਲੋੜ ਹੈ। ਇੱਥੇ ਇੱਕ ਵਾਰ ਟੈਗੋਰ ਥਿਏਟਰ 'ਚ ਗਰੀਸ ਤੋਂ ਕੋਈ ਨਾਟਕ ਖੇਡਣ ਆਏ ਸਨ। ਉਹਦੇ 'ਚ ਦੋਸਤੋਵਸਕੀ ਦੇ ਕਰੈਕਟਰ ਦੋਸਤੋਵਸਕੀ ਨੂੰ ਕਿਰਟੀਸਾਈਜ਼ ਕਰ ਰਹੇ ਸਨ। ਸਾਨੂੰ ਭਾਸ਼ਾ ਸਮਝ ਨਹੀਂ ਸੀ ਆ ਰਹੀ, ਪਰੰਤੂ ਬਾਡੀ ਲੈਂਗੋਵੇਜ ਸਮਝ ਆ ਰਹੀ ਸੀ। ਇਸ ਨਾਵਲ ਵਿੱਚ ਵੀ ਮੈਨੂੰ ਲੱਗਿਆ ਕਿ ਪਾਤਰ ਵੀ ਸ਼ਾਮਲ ਨੇ, ਲੇਖਕ ਵੀ, ਨਾਵਲਕਾਰ ਵੀ, ਨਾਟਕਕਾਰ ਵੀ ਸ਼ਾਮਲ ਨੇ। ਸਿਟੀ ਫਾਈਨਾਂਸ ਦੇ ਲੋਕ ਵੀ ਨੇ। ਉਹ ਸਾਰੇ ਇਸਨੇ ਵਿਖਾਏ ਨੇ ਕਿ ਔਬਜ਼ਰਬ ਕਰੋ ਕਿ ਇਹ ਕਰਦੇ ਕੀ ਨੇ। ਬੁਰਾ ਨਾ ਮੰਨਣਾ, ਮੈਨੂੰ ਸੱਚ ਮੁੱਚ ਲੱਗਿਆ ਕਿ ਇਹੋ ਜਿਹਾ ਦੌਰ ਆਇਆ ਹੈ। ਹੁਣ ਵੀ ਆਇਆ ਹੋਇਆ ਹੈ। ਤੁਸੀਂ ਇਸਦੇ ਪਾਤਰਾਂ ਬਾਰੇ ਲਫਜ਼ ਨਿਪੁੰਸਕ ਵਰਤਿਆ ਹੈ, ਕੋਈ ਹਰਜ਼ ਨਹੀਂ ਹੈ, ਇਹ ਨਿਪੁੰਸਕਤਾ ਸਾਡੇ ਅੰਦਰ ਬੈਠੀ ਹੈ। ਉਹੀ ਬੰਦਾ ਇਹੋ ਜਿਹੀਆਂ ਗੱਲਾਂ ਕਰੇਗਾ, ਜੋ ਆਪ ਨਹੀਂ ਲਿਖ ਸਕਦਾ। ਮੈਨੂੰ ਤਕਲੀ.ਫ ਹੁੰਦੀ ਹੈ ਕਿ ਮੈਂ ਵੀ ਨਹੀਂ ਅਜੇ ਲਿਖ ਸਕਦਾ।

ਜਿਹੜੀ ਮਹਿਸੂਸ ਕਰਨ ਵਾਲੀ ਗੱਲ ਹੈ, ਉਹ ਇਹ ਕਿ ਇੱਕ ਰਾਜਿੰਦਰ ਸਿੰਘ ਬੇਦੀ ਦੀ ਕਹਾਣੀ ਹੈ। ਇੱਕ 'ਬਾਪ ਵਿਕਾਊ ਹੈ'। ਉਹਦੇ ਵਿੱਚ ਕ੍ਰਿਸ਼ਚਨ ਪਾਤਰ ਹੈ। ਉਹ ਕਹਿੰਦਾ ਹੈ ਕਿ 'ਆਦਮੀ ਨੂੰ ਸਮਝਣ ਦੀ ਕੋਸ਼ਿਸ਼ ਨਾ ਕਰੋ, ਉਹਨੂੰ ਮਹਿਸੂਸ ਕਰੋ।' ਮੈਨੂੰ ਇਹਦੇ ਅਰਥ ਬਹੁਤ ਵੱਡੇ ਲੱਗੇ ਸਨ। ਉਹਨਾਂ ਦੇ ਅਰਥਾਂ ਦੀ

ਰੋਸ਼ਨੀ ਦੇ ਵਿੱਚ ਜਦੋਂ ਮੈਂ ਇਹ ਨਾਵਲ ਪੜ੍ਹਿਆ ਤਾਂ ਦੇਸ ਰਾਜ ਕਾਲੀ ਦੇ ਅਰਥ ਹੋਰ ਵੀ ਵਸੀਹ ਲੱਗੇ। ਤੁਸੀਂ ਕਰਦੇ ਕੀ ਹੋ? ਨਾਟਕ ਤੁਹਾਡੇ ਤੋਂ ਲਿਖਿਆ ਨਹੀਂ ਜਾਂਦਾ। ਨਾਵਲ ਤੁਸੀਂ ਲਿਖ ਨਹੀਂ ਸਕਦੇ। ਲੜਦੇ ਫਿਰੀ ਜਾਂਦੇ ਹੋ। ਖੁਸਰਿਆਂ 'ਚ ਫਿਰੀ ਜਾਂਦੇ ਹੋ। ਕੀ ਤਕਲੀਫ਼ ਹੈ ਜੀ ਜੇ ਕੰਜਰਾਂ ਬਾਰੇ ਨਾਵਲ ਲਿਖੇ ਜਾਣ। ਕੀ ਤਕਲੀਫ਼ ਹੈ। ਮੈਂ ਕਾਲੀ ਨੂੰ ਸਲਾਮ ਕਰਦਾ ਹਾਂ !

**ਭਗਵੰਤ ਰਸੂਲਪੁਰੀ**-'ਅੰਤਹੀਣ' ਤੇ ਬੜਾ ਤਿੱਖਾ ਸੰਵਾਦ ਸ਼ੁਰੂ ਹੋ ਗਿਆ ਹੈ। ਕਿਸੇ ਨਾਵਲ ਦੀ ਇਹੀ ਪ੍ਰਾਪਤੀ ਹੁੰਦੀ ਹੈ ਕਿ ਪਾਠਕ ਨੂੰ ਬੋਲਣ ਤੇ ਕਹਿਣ ਲਈ ਹਿੰਸਕ ਰੂਪ ਨਾਲ ਉਤੇਜਿਤ ਕਰੇ। ਇਥੇ ਕਈ ਬੁਲਾਰੇ ਮੈਨੂੰ ਹਿੰਸਕ ਰੂਪ ਅਖਤਿਆਰ ਕਰਦੇ ਲੱਗੇ। ਕਈਆਂ ਉੱਤੇ ਬਹੁਤ ਤਰਸ ਆਇਆ ਕਿ ਸਮਝ ਨਹੀਂ ਲੱਗੀ ਕਿ ਕਾਲੀ ਕੀ ਕਹਿਣਾ ਚਾਹੁੰਦਾ ਹੈ। ਜਿਵੇਂ ਨਾਵਲ ਨੂੰ ਪੜ੍ਹਨ ਤੇ ਮਹਿਸੂਸ ਕਰਨ ਦਾ ਮਸਲਾ ਹੈ। ਸਾਡੇ ਕੋਲ ਠਰੰਮੇ ਦੀ ਬੜੀ ਘਾਟ ਹੈ ਅਸੀਂ ਫਤਵੇ ਜਾਰੀ ਕਰਦੇ ਹਾਂ ਜਿਵੇਂ ਗੁਰਬਚਨ ਕਰ ਕੇ ਗਏ ਹਨ। ਮੈਂ ਨਾਵਲ ਬਾਰੇ ਇਹ ਕਹਿਣਾ ਚਾਹੁੰਦਾ ਹਾਂ ਕਿ ਨਾਵਲ ਨੌਜਵਾਨ ਪੀੜ੍ਹੀ ਦਾ ਦੁਖਾਂਤ ਹੈ ਇਸ ਪੀੜ੍ਹੀ ਨੂੰ ਬਜ਼ੁਰਗ ਲੋਕ ਨਹੀਂ ਫੜ ਸਕਦੇ। ਮੈਂ ਸਰਬਜੀਤ ਦੀ ਇਸ ਗੱਲ ਨਾਲ ਸਹਿਮਤ ਨਹੀਂ ਕਿ 'ਅੰਤਹੀਣ' ਅਸਲੋਂ ਵੱਖਰੀ ਬਿਰਤਾਂਤ ਰਚਨਾ ਹੈ ਹਾਂ ਕਾਲੀ ਨੇ ਕਾਫੀ ਹੱਦ ਤਕ ਵੱਖਰੀ ਸ਼ੈਲੀ ਬਣਾਉਣ ਦੀ ਕੋਸ਼ਿਸ਼ ਕੀਤੀ ਹੈ। ਉਸ ਦੀਆਂ ਕਹਾਣੀਆਂ 'ਚ ਇਹ ਗੱਲ ਲੱਭਦੀ ਹੈ। ਨਾਵਲ 'ਚ ਉਸ ਨੇ ਕਾਫੀ ਪ੍ਰਯੋਗ ਕੀਤੇ ਹਨ। ਜਦੋਂ ਤੁਸੀਂ ਲੀਹ ਪਾੜਨ ਦੀ ਕੋਸ਼ਿਸ਼ ਕਰਦੇ ਹੋ ਤਾਂ ਨਵੀਂ ਸ਼ੈਲੀ ਉਪਜਣੀ ਸੁਭਾਵਿਕ ਹੈ। ਲਕੀਰੀ ਬਿਰਤਾਂਤ ਤੋਂ ਹਟਕੇ ਹੈ ਇਹ ਨਾਵਲ । ਇਸ ਤਰ੍ਹਾਂ ਦੇ ਬਿਰਤਾਂਤ ਦੀਆਂ ਜੜ੍ਹਾਂ ਮੈਨੂੰ ਪੰਜਾਬੀ ਹਿੰਦੀ ਸਾਹਿਤ 'ਚ ਪੜ੍ਹਨ ਨੂੰ ਮਿਲੀਆਂ ਹਨ। ਇਸ ਨਾਵਲ ਦੀ ਘਾਟ ਮੈਨੂੰ ਇਹ ਲੱਗਦੀ ਹੈ ਕਿ ਕਾਲੀ ਨੇ ਬਹੁਤੀਆਂ ਸੱਚੀਆਂ ਘਟਨਾਵਾਂ ਨੂੰ ਗਲਪੀ ਬਿਰਤਾਂਤ 'ਚ ਘੱਟ ਢਾਲਣ ਦੀ ਕੋਸ਼ਿਸ਼ ਕੀਤੀ ਹੈ। ਸਾਇਦ ਉਹਦਾ ਮੱਤ ਹੋਵੇ ਕਿ ਇਸ 'ਚ ਯਥਾਰਥ ਤੇ ਪੋਚਾ ਫਿਰ ਜਾਵੇਗਾ। ਇਹ ਨਾਵਲ ਜਦੋਂ ਅਸੀਂ ਆਪਣੇ ਮੈਗਜ਼ੀਨ 'ਕਹਾਣੀ ਧਾਰਾ' 'ਚ ਪ੍ਰਕਾਸ਼ਤ ਕੀਤਾ ਤਾਂ ਸਾਨੂੰ ਪਾਠਕਾਂ ਲੇਖਕਾਂ ਤੇ ਬੜੇ ਉਤੇਜਿਤ ਤੇ ਤਿੱਖੇ ਪ੍ਰਤੀਕਰਮ ਸੁਣਨ ਨੂੰ ਮਿਲਦੇ ਰਹੇ ਜਿਵੇਂ ਅੱਜ ਏਥੇ ਮਿਲ ਰਹੇ ਹਨ। ਇਹ ਕਿਸੇ ਰਚਨਾ ਦੇ ਸਫ਼ਲ ਹੋਣ ਦੀ ਨਿਸ਼ਾਨੀ ਹੁੰਦੀ ਹੈ। ਜੇ ਸਾਰੇ ਵਾਹ ਵਾਹ ਕਰੀ ਜਾਣ ਤਾਂ ਉਹ ਰਚਨਾ ਬਹੁਤ ਜਲਦੀ ਮਰ ਜਾਂਦੀ ਹੈ। ਇਸ ਘਟਨਾਵਾਂ ਨੂੰ ਵੀ ਮੈਂ ਦੇਖਿਆ ਹੈ ਤਾਂ ਪਾਤਰ ਵੀ ਮੇਰੇ ਦੇਖੇ ਹੋਏ ਹਨ। ਇਹ ਕਾਲੀ ਦੇ ਪਾਤਰ ਹਨ ਉਸ ਨੇ ਆਪਣੇ ਅੰਦਾਜ਼ ਵਿਚ ਫੜੇ ਹਨ ਜੇ ਮੈਂ ਇਨ੍ਹਾਂ ਨੂੰ ਫੜਾ ਤਾਂ ਵੱਖਰੇ ਰੂਪ 'ਚ ਫੜਾਗਾ। ਇਹ ਚੰਗੀ ਗੱਲ ਹੋਵੇਗੀ ਜੇ 'ਅੰਤਹੀਣ' ਨਾਵਲ 'ਚ ਰੱਖੀ ਬਹਿਤ ਵੀ ਅੰਤਹੀਣ ਹੀ ਹੋਵੇ ਤੇ ਦੇਰ ਤੀਕ ਚਲਦੀ ਰਹੇ।

**ਪ੍ਰੋ. ਹਰਿਕਿਸ਼ਨ ਮਹਿਤਾ**-ਦੋਸਤੋ ! ਮੈਂ ਕਾਲੀ ਦੇ ਦੋਵੇਂ ਨਾਵਲ ਸੁਣੇ ਹਨ। ਸੁਣਨ ਦੇ ਬਾਦ ਮਹਿਸੂਸ ਵੀ ਕੀਤਾ ਹੈ। ਏਨੀ ਮੇਰੇ 'ਚ ਸੰਵੇਦਨਸ਼ੀਲਤਾ ਹੈ ਕਿ ਜੋ ਗੱਲ ਕਹੀ ਜਾਵੇ, ਮੈਂ ਉਸਨੂੰ ਪਕੜ ਸਕਾਂ। ਮੈਂ ਦੋ ਬੰਦਿਆਂ ਦੇ ਮੋਢੇ 'ਤੇ ਚੜ੍ਹ ਕੇ ਗੱਲ ਕਰਨ ਲੱਗਾ ਹਾਂ, ਇੱਕ ਜੋ ਗੱਲਾਂ ਭੰਡਾਰੀ ਸਾਹਿਬ ਕਰਕੇ ਗਏ ਹਨ, ਮੈਂ ਉਹਨਾ ਨਾਲ ਸੋ ਫੀਸਦੀ ਸਹਿਮਤ ਹਾਂ। ਇਉਂ ਹੀ ਜੋ ਭੂਸ਼ਨ ਧਿਆਨਪੁਰੀ ਕਹਿ ਕੇ ਗਏ ਹਨ, ਮੈਂ ਉਹਨਾਂ ਨਾਲ ਵੀ ਸਹਿਮਤ ਹਾਂ।

ਪਰ ਇਸ ਨਾਵਲ ਬਾਰੇ ਮੈਂ ਦੋ ਕੁ ਗੱਲਾਂ ਕਰਨੀਆਂ ਨੇ। ਜਿਵੇਂ ਇਸ 'ਚ ਅਸ਼ਲੀਲਤਾ ਦਾ ਸਵਾਲ ਉੱਠਿਆ ਹੈ, ਮੈਂ ਕਹਿਨਾ ਪਈ ਬਹੁਤ ਅੱਛਾ ਲੱਗਦਾ ਪਰ ਇੱਕ ਨੁਕਤਾ ਹੋਰ ਕਿ ਜਿਸ ਸੱਭਿਆਚਾਰ ਨੂੰ ਅਸੀਂ ਵਧੀਆ ਕਹਿੰਦੇ ਰਹੇ ਅਤੇ ਜਿਸ ਵਿੱਚ ਅਸੀਂ ਹੁਣ ਤੱਕ ਜਿਉਂਦੇ ਆ ਰਹੇ ਹਾਂ। ਕਾਲੀ ਉਸ ਉੱਤੇ ਉਂਗਲ ਧਰਦਾ ਹੈ।

**ਗੁਰਸ਼ਰਨ ਭਾਜੀ**-ਮੈਂ ਪੰਜਾਬੀ ਸਾਹਿਤ ਵਿੱਚ ਜੋ ਰੁਝਾਨ ਹੈ, ਉਹਦੀ ਗੱਲ ਕਰਨਾ ਚਾਹੁੰਦਾ। ਇੱਕ ਸ਼ਬਦ ਹੈ ਆਦਰਸ਼ਵਾਦ। ਉਹਦੇ ਉਲਟ ਹੈ ਪਖੰਡਵਾਦ। ਮੈਂ ਇਹ ਮਹਿਸੂਸ ਕੀਤਾ ਹੈ ਕਿ ਜਿਹੜੇ ਅੱਜ ਦੀ ਪੀੜ੍ਹੀ ਦੇ ਨੌਜਵਾਨ ਲੇਖਕ ਨੇ, ਉਹ ਹਰ ਉਸ ਚੀਜ਼ ਜੋ ਆਦਰਸ਼ਵਾਦ ਸਮਝੀ ਜਾਂਦੀ ਹੈ, ਉਹਨੂੰ ਪਖੰਡਵਾਦ ਸਮਝ ਕੇ ਉਹਦਾ ਮਜ਼ਾਕ ਉਡਾਉਂਦੇ ਨੇ। ਇਹ ਬੜੀ ਫਿਕਰ ਵਾਲੀ ਗੱਲ ਹੈ। ਮੈਂ ਨਿਮਾਣਾ ਜਿਹਾ ਦਾਅਵਾ ਕਰ



ਸਕਦਾ ਕਿ ਪਿਛਲੇ 60 ਸਾਲ ਤੋਂ ਪੰਜਾਬੀ ਸਾਹਿਤ ਨਾਲ ਬਹੁਤ ਨੇੜੇ ਤੋਂ ਜੁੜਿਆ ਹਾਂ। ਮੇਰੀਆਂ ਪ੍ਰੇਰਨਾ ਸਰੋਤ ਤਿੰਨ ਸ਼ਖਸੀਅਤਾਂ ਰਹੀਆਂ ਹਨ-ਸ੍ਰ. ਗੁਰਬਖ਼ਸ਼ ਸਿੰਘ ਪ੍ਰੀਤਲੜੀ, ਸ੍ਰ. ਨਾਨਕ ਸਿੰਘ ਜੀ , ਸ੍ਰ. ਸੁਜਾਨ ਸਿੰਘ ਜੀ। ਮੈਂ ਇਹਨਾਂ ਤਿੰਨੇ ਸ਼ਖਸੀਅਤਾਂ ਦੇ ਸਤਿਕਾਰ ਦਾ ਵੀ ਗਵਾਹ ਹਾਂ ਅਤੇ ਆਪਣੇ ਆਦਰਸ਼ ਕਰਕੇ ਜਿਹੜੇ ਉਹਨਾਂ ਮਾਨਸਿਕ ਤਸੀਹੇ ਝੱਲੇ ਨੇ, ਉਹਨਾਂ ਦਾ ਵੀ ਚਸ਼ਮਦੀਦ ਗਵਾਹ ਹਾਂ। ਆਦਰਸ਼ਵਾਦ ਸਾਡੇ ਦੇਸ਼ ਵਿੱਚ ਬਹੁਤ ਵਾਰੀ ਹਾਰ ਗਿਆ। ਮੈਨੂੰ ਗੁਰਬਖਸ਼ ਸਿੰਘ ਪੁੱਛਦੇ ਸਨ ਕਿ ਅਸੀਂ ਫੇਲ੍ਹ ਕਿਉਂ ਹੋ ਗਏ ਹਾਂ। ਪਰ ਇਹਨਾਂ ਤਿੰਨੇ ਸ਼ਖਸੀਅਤਾਂ ਵਿੱਚ ਕੋਈ ਪਖੰਡ ਨਹੀਂ ਸੀ। ਬਹੁਤ ਸੁਹਿਰਦ ਲੋਕ ਸਨ।

ਸੋ ਮੈਂ ਦੇਸ ਰਾਜ ਕਾਲੀ ਦੇ ਇਸ ਨਾਵਲ ਬਾਰੇ ਪੜ੍ਹਕੇ ਆਪਣੀ ਨਵੀਂ ਪੀੜ੍ਹੀ ਨੂੰ ਇਹ ਕਹਿਣਾ ਚਾਹੁੰਦਾ ਕਿ ਉਹ ਪੀੜ੍ਹੀ ਜੋ ਆਦਰਸ਼ਵਾਦ ਦੇ ਨਾਂਅ ਨਾਲ ਜਾਣੀ ਜਾਂਦੀ ਹੈ। ਉਸਨੂੰ ਪਖੰਡਵਾਦ ਦਾ ਨਾਂਅ ਨਾ ਦੇਣ। ਇਸ ਤਰ੍ਹਾਂ ਦਾ ਟਰੈਂਡ ਆਇਆ ਹੈ, ਸਆਦਤ ਹਸਨ ਮੰਟੋ ਦੀ ਲੇਖਣੀ ਤੋਂ ਬਾਦ। ਸਾਡੇ ਪ੍ਰੇਮ ਪ੍ਰਕਾਸ਼ ਦੀਆਂ ਲਿਖਤਾਂ ਆਈਆਂ। ਉਹ ਠੀਕ ਹੈ। ਜੇ ਕੋਈ ਪਖੰਡੀ ਕਰੈਕਟਰ ਹੈ ਉਹਨੂੰ ਨਿੰਦੋ। ਉਹਦੇ ਪਖੰਡਵਾਦ ਦਾ ਮਜ਼ਾਕ ਵੀ ਉਡਾਓ ! ਪਰ ਆਦਰਸ਼ਵਾਦ ਖ਼ਤਮ ਨਾ ਕਰੋ।

**ਦੇਸ ਰਾਜ ਕਾਲੀ**- (ਨਾਵਲ ਲਿਖ ਕੇ ਲੋਕਾਂ ਨੂੰ ਪਰਵੋਕ ਕਰਨ ਵਾਲੇ ਦੇ ਆਪਣੇ ਪਾਤਰਾਂ ਬਾਰੇ ਵਿਚਾਰ ਨਹੀਂ ਦਿੱਤੇ ਜਾ ਰਹੇ)

**ਡਾ. ਸੁਖਦੇਵ ਸਿੰਘ** (ਪ੍ਰਧਾਨਗੀ ਭਾਸ਼ਣ)- ਮੈਂ ਸਮਝਦਾ ਹਾਂ ਕਿ ਇਸ ਨਾਵਲ 'ਤੇ ਬਹੁਤ ਭਰਵੀਂ ਗੋਸ਼ਟੀ ਹੋਈ ਹੈ। ਬਹੁਤ ਵਿਦਵਾਨ ਦੋਸਤ ਬੋਲੇ ਹਨ। ਕੁਝ ਗੱਲਾਂ ਮੈਂ ਕਰਨੀਆਂ ਹਨ। ਕਾਲੀ ਮੇਰਾ ਦੋਸਤ ਹੈ, ਬਹੁਤ ਸੰਭਾਵਨਾਵਾਂ ਭਰਪੂਰ ਲੇਖਕ ਹੈ। ਇਸਨੂੰ ਸਭ ਤੋਂ ਪਹਿਲਾਂ ਮੈਂ ਸਾਡੇ ਦੋ ਮਹਾਨ ਲੇਖਕਾਂ ਦੇ ਸੰਕੇਤ ਰਾਹੀਂ ਸਿੱਖ ਮੱਤ ਵਾਲੀ ਗੱਲ ਸਮਝਾਉਣੀ ਹੈ। ਕਾਲੀ ਦਾਸ ਦੇ ਨਾਟਕ 'ਸ਼ਕੁੰਤਲਾ' ਦੇ ਕੁਝ ਦ੍ਰਿਸ਼ਾਂ ਵਿੱਚ ਵੇਖੋ, ਔਰਤ ਦੀ ਅੱਡੀ ਧਰਤੀ 'ਚ ਖੁੱਭੀ ਹੋਈ ਆ। ਉਹਦੇ ਭਾਰੀ ਅੰਗਾਂ ਨੂੰ ਦੱਸਣ ਦੀ ਲੋੜ ਨਹੀਂ। ਦੂਸਰਾ ਪੰਜਾਬੀ ਦਾ ਲੇਖਕ ਹੈ ਹਾਸ਼ਮ। ਜਵਾਨ ਸੱਸੀ ਦੇ ਹੁਸਨ ਤੇ ਜ਼ੋਬਨ ਨੂੰ ਹਾਸ਼ਮ ਕਿਵੇਂ ਪੇਸ਼ ਕਰਦਾ ਹੈ। ਉਹ ਸੰਕੇਤ ਸਮਝਣ ਵਾਲੇ ਹਨ।

ਮੈਨੂੰ ਅਫਸੋਸ ਹੈ ਕਿ ਬਹੁਤੀ ਬਹਿਸ ਭਾਸ਼ਾ 'ਤੇ ਕੇਂਦਰਿਤ ਰਹੀ। ਬਹੁਤ ਮਸਲੇ ਇਸ ਨਾਵਲ ਬਾਰੇ ਉਠਾਏ ਸਨ, ਜਿਹਨਾਂ ਬਾਰੇ ਗੱਲ ਕਰਨੀ ਚਾਹੀਦੀ ਸੀ। ਪਰ ਮੈਂ ਇੱਕ ਗੱਲ ਕਹਿਣੀ ਹੈ, ਇੱਕ ਖ਼ਬਰ ਹੈ ਕਿ ਮੋਗੇ ਦੀ ਇੱਕ ਔਰਤ ਆਪਣੇ ਨਾਲ ਹੋਏ ਬਲਾਤਕਾਰ ਦੇ ਵਿਰੋਧ 'ਚ ਬਾਜ਼ਾਰ 'ਚ ਨੰਗੀ ਹੋ ਜਾਂਦੀ ਹੈ। ਇਹ ਪ੍ਰਦਰਸ਼ਨ ਉਹਦਾ ਸ਼ੌਕ ਨਹੀਂ, ਉਹਦੇ ਵਿਦਰੋਹ ਦੀ ਵਿਧੀ ਹੈ। ਕਾਲੀ ਦੇ ਨਾਵਲ 'ਚ ਵੀ ਇਹੀ ਵਿਧੀ ਵਰਤੀ ਗਈ ਹੈ। ਗਾਲ੍ਹ, ਔਰਤ ਪਾਤਰ ਵੀ ਕੱਢਦੀ ਹੈ। ਇਸ ਭਾਸ਼ਾ ਨੂੰ ਜੇ ਅਸੀਂ ਅਸ਼ਲੀਲਤਾ ਕਹਿ ਕੇ ਰੱਦ ਕਰ ਦੇਵਾਂਗੇ ਤਾਂ ਨਿਆਂ ਨਹੀਂ ਹੋਵੇਗਾ। ਇਹ ਭਾਸ਼ਾ ਇਸ ਪੀੜ੍ਹੀ ਦੇ ਅਕਰੋਸ਼ ਨੂੰ ਫੜਨ ਦੀ ਵਿਧੀ ਵੀ ਹੈ।

ਇਸ ਨਾਵਲ ਬਾਰੇ ਮੈਂ ਕੁਝ ਪ੍ਰਭਾਵ ਪੜ੍ਹਦਿਆਂ ਹੀ ਲਿਖੇ ਸਨ, ਉਹ ਪੜ੍ਹਨੇ ਚਾਹੁੰਦਾ ਹਾਂ। ਪਹਿਲਾਂ ਫਿਕਰਾ ਸੀ ਕਾਲੀ ਦਾ ਇਹ ਨਾਵਲ ਪੜ੍ਹਦਿਆਂ ਉਹ ਅਨਾਰਕਿਸਟ ਲਗਦਾ ਹੈ ਤੇ ਹੈ ਵੀ। ਅਨਾਰਕਿਸਟ ਜ਼ਿੰਦਗੀ ਪ੍ਰਤੀ ਉਹ ਕੇਵਲ ਵਿਚਾਰਾਂ ਕਰਕੇ ਨਹੀਂ, ਇਸ ਨਾਵਲ 'ਚ ਯਥਾਰਥ ਨੂੰ ਪੇਸ਼ ਕਰਨ ਦੀ ਵਿਧੀ 'ਚ ਵੀ ਉਹ ਅਨਾਰਕਿਸਟ ਹੈ। ਸ੍ਰ. ਪ੍ਰੀਤਮ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਨਾਵਲ ਕਹਿੰਦਾ ਇਸ ਨਾਵਲ ਨੂੰ ਪੜ੍ਹੋ ਨਾ। ਦੇਖੋ ਤੇ ਮਹਿਸੂਸ ਕਰੋ। ਮੈਂ ਤੁਹਾਨੂੰ ਪੰਜਾਬੀ ਦੇ ਇੱਕ ਹੋਰ ਮਹਾਨ ਸਾਹਿਤਕਾਰ ਵੱਲ ਲੈ ਕੇ ਜਾਣਾ ਚਾਹੁੰਦਾ, ਸ਼ਾਹ ਹੁਸੈਨ ਵੱਲ, ਸ਼ਾਹ ਹੁਸੈਨ ਦੀਆਂ 154 ਕਾਫੀਆਂ ਨੇ, ਇਹਨਾਂ ਵਿੱਚ 8 ਜਗ੍ਹਾ ਸ਼ਾਹ ਹੁਸੈਨ ਕਹਿ ਰਿਹਾ- ਕਹੇ ਹੁਸੈਨ ਸੁਣਾਇਕੇ। ਜਦੋਂ ਉਹ 'ਕਹੇ' ਕਹਿ ਰਿਹਾ, ਤਾਂ 'ਸੁਣਾਇਕੇ' ਸ਼ਬਦ ਕਿਉਂ ਆ ਗਿਆ। ਜਦੋਂ ਅਸੀਂ ਬੋਲਦੇ ਹਾਂ ਤਾਂ ਜੱਸਚਰਜ਼ ਕਿਉਂ ਕਰਦੇ ਹਾਂ। ਇਹ ਦੌਰ ਪੜ੍ਹਨ ਦਾ ਦੌਰ ਨਹੀਂ ਹੈ। ਸੁਣਨ ਦਾ ਦੌਰ ਵੀ ਨਹੀਂ ਹੈ। ਕਾਲੀ ਨੂੰ ਕਿਉਂ ਸ਼ੰਕਾ ਹੋ ਰਹੀ ਹੈ? ਸਾਡੇ ਅੱਜ ਲੇਖਕ ਨੂੰ ਕਿਉਂ ਸ਼ੰਕਾ ਹੋ ਰਹੀ ਹੈ? ਕਿਉਂਕਿ ਲੇਖਕ ਇਹ ਜਾਣਦਾ ਹੈ ਕਿ ਉਹਦਾ ਲਿਖਿਆ ਪੜ੍ਹਿਆ ਜਾ ਰਿਹਾ ਹੈ, ਪਰ ਮਹਿਸੂਸ ਨਹੀਂ ਕੀਤਾ ਜਾ ਰਿਹਾ। ਜੇ ਲੇਖਕ ਦਾ ਲਿਖਿਆ ਪੜ੍ਹਿਆ ਤੇ ਮਹਿਸੂਸ ਕੀਤਾ ਜਾਂਦਾ ਹੁੰਦਾ ਤਾਂ ਇਸ ਨਾਵਲ ਦੇ ਬਿਰਤਾਂਤਕਾਰ ਨੂੰ ਇਹ ਸ਼ਬਦ ਕਈ

ਵਾਰ ਨਾ ਦੁਹਰਾਉਣੇ ਪੈਂਦੇ। ਇਸ ਕਰਕੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਸ਼ਬਦਾਂ ਦੀਆਂ ਰਮਜ਼ਾਂ ਨੂੰ ਫੜਨ ਦਾ ਸਲੀਕਾ ਵੀ ਸਿੱਖੀਏ। ਇਸ ਨਾਵਲ ਨੂੰ ਖੱਬਿਓਂ ਸੱਜੇ ਸਧਾਰਨ ਪਾਠਕ ਵਾਂਗ ਨਹੀਂ ਪੜ੍ਹਿਆ ਜਾ ਸਕਦਾ। ਜੋ ਪੜ੍ਹੋਗੇ ਤਾਂ ਨਿਰਾਸ਼ਾ ਹੱਥ ਆਏਗੀ।

ਇਸ ਨਾਵਲ ਦੀ ਵਿਧੀ ਬਾਰੇ ਮੈਂ ਗੱਲ ਕਹਿਣੀ ਚਾਹੁੰਦਾ ਕਿ ਇਸ ਨਾਵਲ ਦੀ ਵਿਧੀ ਚਲਚਿਤਰਾਂ ਦੀ ਵਿਧੀ ਹੈ। ਧਿਆਨ ਕਿਤੇ ਟਿਕਣ ਹੀ ਨਹੀਂ ਦਿੰਦਾ। ਪਾਤਰ ਦਾ ਸੰਖੇਪ ਜਿਹਾ ਚਿਹਰਾ ਮੁਹਰਾ ਬਿਆਨਿਆ, ਫਿਰ ਦੂਜਾ ਪਾਤਰ, ਫਿਰ ਤੀਜਾ ਪਾਤਰ, ਅੱਖ ਨਹੀਂ ਟਿਕਦੀ ਕਿਤੇ ਵੀ। ਇਸ ਦੌਰ 'ਚ ਖੰਡਿਤ ਹੋਏ ਬੰਦੇ ਨੂੰ ਇਉਂ ਹੀ ਫੜਿਆ ਜਾ ਸਕਦਾ, ਇਵੇਂ ਹੀ ਵੇਖਿਆ ਜਾ ਸਕਦਾ। ਇਸ ਨਾਵਲ ਵਿੱਚ ਜਿਹੜੀ ਗੱਲ ਫੜਨ ਵਾਲੀ ਸੀ, ਉਹ ਹੈ ਕਾਲੀ ਦੇ ਇਸ ਨਾਵਲ ਦੀ ਜੁਗਤ। ਜਿਹੜੀ ਜੁਗਤ ਵੱਲ ਮੈਂ ਇਸ਼ਾਰਾ ਕਰ ਰਿਹਾਂ, ਇਹ ਹੈ ਮਸ਼ਕਰੀ ਦੀ ਜੁਗਤ। ਇਹ ਨਾਵਲ ਤਾਂ ਹੀ ਸਮਝ ਆਉਂਦਾ, ਜੇ ਇਹਦੀ ਜੁਗਤ ਸਮਝ ਆਵੇਗੀ। ਇਹ ਨਾਵਲ ਬਹੁਤ ਵੱਡੀ ਮਸ਼ਕਰੀ ਹੈ। ਮਸ਼ਕਰੀ ਇਸ ਕਰਕੇ, ਕਿਉਂਕਿ ਇਸ ਨਾਵਲ 'ਚ ਜਿਹਨੂੰ ਕਾਲੀ 'ਬਿੱਗ ਬੀ' ਕਹਿ ਰਿਹਾ, ਉਹ ਬਹੁਤ ਛੋਟਾ ਬੰਦਾ ਹੈ। ਤੇ ਜਿਹਨਾਂ ਨੂੰ ਅਸੀਂ ਵੱਡੇ ਸਮਝਦੇ ਸੀ, ਕਾਲੀ ਉਹਨਾਂ ਨੂੰ ਬਹੁਤ ਛੋਟੇ ਸਿੱਧ ਕਰ ਦਿੰਦਾ ਹੈ।

ਮੈਂ ਹੈਰਾਨ ਹਾਂ ਕਿ ਗੁਰਬਚਨ ਵਰਗਾ ਸੂਖਮ ਦ੍ਰਿਸ਼ਟੀ ਵਾਲਾ ਬੰਦਾ ਇਸ ਨਾਵਲ ਦੀ ਭਾਸ਼ਾ ਨੂੰ ਫੜ ਹੀ ਨਹੀਂ ਸਕਿਆ। ਮੈਂ ਪਹਿਲਾਂ ਇਹ ਗੱਲ ਕਹੀ ਹੈ ਕਿ ਇਸ ਨਾਵਲ ਨੂੰ ਖੱਬਿਓਂ, ਸੱਜੇ ਨਹੀਂ ਪੜ੍ਹਿਆ ਜਾ ਸਕਦਾ। ਦੂਜੀ ਗੱਲ, ਇਸ ਨਾਵਲ ਦੀ ਭਾਸ਼ਾ ਨੂੰ ਚਲੰਤ ਮੁਹਾਵਰੇ 'ਚ ਨਹੀਂ ਪੜ੍ਹਿਆ ਜਾ ਸਕਦਾ। ਮੈਂ ਚਲੰਤ ਇਸ ਕਰਕੇ ਕਹਿ ਰਿਹਾ ਕਿਉਂਕਿ ਇਕ ਆਮ ਪ੍ਰਚਲਿਤ ਭਾਸ਼ਾ ਹੁੰਦੀ ਹੈ, ਰੋਜ਼ਮਰਾ ਦੀ ਭਾਸ਼ਾ, ਇਹ ਸਾਡੀ ਵਿਹਾਰ ਦੀ ਭਾਸ਼ਾ ਹੈ। ਕਾਲੀ ਪ੍ਰਚਲਿਤ ਦੇ ਵਿਰੁੱਧ ਵੀ ਲਿਖਦਾ ਹੈ ਤੇ ਵੱਖਰਾ ਵੀ। ਉਹ ਜਨਜਾਤੀਆਂ ਬਾਰੇ ਕਮਾਲ ਦੇ ਵਿਚਾਰ ਲਿਆ ਰਿਹਾ ਹੈ। ਉਹ ਅਸਵੀਕਾਰਿਆਂ ਦੇ ਇਤਿਹਾਸ ਫਿਲਾਸਫੀ ਦੀ ਗੱਲ ਕਰਦਾ ਹੈ। ਪਰ ਅਸੀਂ ਰਿਟਾਇਰ ਹੋ ਚੁੱਕੇ ਹਾਂ। ਸਾਨੂੰ ਇਸ ਨਾਵਲ ਨੂੰ ਸਮਝਣ ਲਈ ਮਸ਼ਕਰੀ ਦੀ ਜੁਗਤ ਨੂੰ ਸਮਝਣਾ ਜ਼ਰੂਰੀ ਹੈ। ਸਿਟੀ ਫਾਇਨਾਂਸ ਹੈ, ਆਪਣੇ ਆਪ 'ਚ ਹੀ ਮਸ਼ਕਰੀ ਹੈ। ਇਸੇ ਕਰਕੇ ਮੈਂ ਕਹਿੰਦਾ ਕਿ ਇਹ ਨਾਵਲ ਜੋ ਹੈ, ਵਿਕਰੋਕਤੀਆਂ ਨਾਲ ਭਰਿਆ ਨਾਵਲ ਹੈ। ਕਾਲੀ ਭਾਸ਼ਾ 'ਚ ਨਹੀਂ ਲਿਖਦਾ, ਵਿਕਰੋਕਤੀਆਂ 'ਚ ਲਿਖਦਾ ਹੈ। ਤੇ ਵਿਕਰੋਕਤੀਆਂ ਨੂੰ ਉਧੇੜਨ ਦੀ ਲੋੜ ਹੈ। ੦


'ਕਹਾਣੀ ਧਾਰਾ ਬਾਰੇ ਜਾਣਕਾਰੀ

ਫ਼ਾਰਮ IV (ਵੇਖੋ ਨਿਯਮ 8)

| | |
|---|---|
| ਪ੍ਰਕਾਸ਼ਨ ਅਸਥਾਨ | ਪਿੰਡ ਧਰਮਪੁਰਾ, ਡਾਕ. ਖਾਂਬਰਾ, ਜਿਲ੍ਹਾ ਜਲੰਧਰ |
| ਪ੍ਰਕਾਸ਼ਨ ਕਾਲ | ਤੈ-ਮਾਸਿਕ |
| ਪ੍ਰਿੰਟਰ ਪ੍ਰਕਾਸ਼ਕ, ਮਾਲਕ | ਸੁਖਵਿੰਦਰ |
| ਕੌਮੀਅਤ | ਭਾਰਤੀ |
| ਸੰਪਾਦਕ | ਭਗਵੰਤ ਰਸੂਲਪੁਰੀ |
| ਕੌਮੀਅਤ | ਭਾਰਤੀ |
| ਪਤਾ | ਪਿੰਡ ਧਰਮਪੁਰਾ, ਡਾਕ. ਖਾਂਬਾਰਾ, ਜਿਲ੍ਹਾ ਜਲੰਧਰ |

ਮੈਂ ਸੁਖਵਿੰਦਰ, ਐਲਾਨ ਕਰਦਾ ਹਾਂ ਕਿ ਉਤੇ ਦਿੱਤਾ ਗਿਆ ਵੇਰਵਾ ਮੇਰੇ ਗਿਆਨ ਅਤੇ ਵਿਸ਼ਵਾਸ ਅਨੁਸਾਰ ਸਹੀ ਹੈ।

ਮਿਤੀ 1 ਅਗਸਤ, 2008

ਪ੍ਰਕਾਸ਼ਕ ਦੇ ਦਸਤਖ਼ਤ
(ਸਹੀ) ਸੁਖਵਿੰਦਰ




# ਜਨ ਬੋਧ

## ਰਾਸ਼ਟਰੀ ਮੀਡੀਆ ਸਰਵੇ

ਰਾਸ਼ਟਰੀ ਮੀਡੀਆ ਦੇ ਪ੍ਰਮੁੱਖ ਅਹੁਦਿਆਂ ਨੂੰ ਲੈ ਕੇ ਮੀਡੀਆ ਗਰੁਪ ਦੇ ਅਨਿਲ ਚਮੜੀਆ (ਸੁਤੰਤਰ ਪੱਤਰਕਾਰ) ਅਤੇ ਜਤਿੰਦਰ ਕੁਮਾਰ (ਸੁਤੰਤਰ ਖੋਜ ਕਰਤਾ) ਅਤੇ ਸਾਮਾਜਿਕ ਵਿਕਾਸ ਅਧਿਐਨ ਕੇਂਦਰ (ਸੀ. ਐਸ. ਡੀ. ਐਸ.) ਦੇ ਸੀਨੀਅਰ ਫੈਲੋ ਜੋਗਿੰਦਰ ਯਾਦਵ ਵੱਲੋਂ ਇਕ ਸਰਵੇ ਕੀਤਾ ਗਿਆ। ਇਸ ਸਬੰਧੰ ਵਿਚ ਸੋਭਨਾ ਭਾਰਤੀਆ ਨੇ ਇਸ ਤਰ੍ਹਾਂ ਦੇ ਸਰਵੇ ਉੱਤੇ ਕਈ ਕਿੰਤੂ ਪ੍ਰੰਤੂ ਕਰਦੇ ਸਵਾਲ ਖੜੇ ਕੀਤੇ ਅਤੇ ਸਫਾਈ ਦਿੱਤੀ ਕਿ ਉਨ੍ਹਾਂ ਦੇ ਅਦਾਰੇ ਵਿਚ ਪੱਤਰਕਾਰਾਂ ਦੀ ਨਿਯੁਕਤੀ ਕਰਦੇ ਸਮੇਂ ਜਾਤੀ ਨਹੀਂ ਦੇਖੀ ਜਾਂਦੀ। ਇਸ ਸੰਬੰਧ ਵਿਚ ਜੋਗਿੰਦਰ ਯਾਦਵ ਨੇ ਉਸ ਨੂੰ ਉਨ੍ਹਾਂ ਦੇ ਸਮਾਚਾਰ ਪੱਤਰ ਹਿੰਦੋਸਤਾਨ 'ਚ ਸਾਰੇ ਵੱਡੇ ਅਹੁਦਿਆ ਉੱਤੇ ਇਕ ਹੀ ਜਾਤੀ ਦੇ ਲੋਕਾਂ ਦੀ ਨਿਯੁਕਤੀ ਦੀ ਸੂਚੀ ਦੇ ਦਿੱਤੀ। ਚੰਦਨ ਮਿੱਤਰਾ ਨੇ ਇਸ ਸਰਵੇ ਨੂੰ ਸਮਾਜ ਨੂੰ ਵੰਡਣ ਵਾਲਾ ਦੱਸਿਆ।

*ਧਾਰਮਿਕ ਪਿਛੋਕੜ-

| | ਹਿੰਦੂ | ਮੁਸਲਮਾਨ | ਇਸਾਈ | ਸਿੱਖ |
|---|---|---|---|---|
| ਭਾਰਤ ਵਿਚ ਆਬਾਦੀ 'ਚ ਹਿੱਸੇਦਾਰੀ | 81% | 13% | 2% | 2% |
| ਪ੍ਰਿੰਟ ਮੀਡੀਆ ਹਿੰਦੀ | 97% | 2% | 0% | 0% |
| ਪ੍ਰਿੰਟ ਮੀਡੀਆ ਅੰਗ੍ਰੇਜ਼ੀ | 90% | 3% | 4% | 0% |
| ਇਲੈਕਟ੍ਰੌਨਿਕ ਮੀਡੀਆ ਹਿੰਦੀ | 90% | 6% | 1% | 0% |
| ਇਲੈਕਟ੍ਰੌਨਿਕ ਮੀਡੀਆ ਅੰਗ੍ਰੇਜ਼ੀ | 85% | 0% | 13% | 2% |
| ਕੁਲ | 90% | 3% | 4% | 1% |

ਉਨ੍ਹਾਂ ਨੇ ਕਿਹਾ ਕਿ ਖ਼ਬਰਾਂ ਦੀ ਚੋਣ ਅਤੇ ਪੇਸ਼ਕਾਰੀ 'ਚ ਜਾਤੀ ਪਿੱਠ-ਭੂਮੀ ਨਹੀਂ ਹੁੰਦੀ ਹੈ। ਉਥੇ 'ਦ ਹਿੰਦੂ' ਦੇ ਸੰਪਾਦਕ ਐਨ. ਰਾਮ ਨੇ ਇਸ ਸਰਵੇ ਦਾ ਜੋਰਦਾਰ ਪੱਖ ਲਿਆ ਅਤੇ ਦੱਸਿਆ ਕਿ ਅਮਰੀਕਾ 'ਚ ਕਿਹੜੇ ਕਿਹੜੇ ਸਮਾਚਾਰ ਪੱਤਰਾਂ ਵਲੋਂ ਸਮਾਜ ਦੇ ਨਜ਼ਰ-ਅੰਦਾਜ਼ ਕੀਤੇ ਸਮੂਹ, ਜਾਤੀਆਂ, ਨਸਲਾ ਦਾ ਪ੍ਰਤੀਨਿਧਤਵ ਇਕ ਯੋਜਨਾ ਦੇ ਤਹਿਤ ਸੰਭਵ ਬਣਾਇਆ ਗਿਆ। ਰਾਸ਼ਟਰੀ ਮੀਡੀਆ 'ਚ ਸਮਾਚਾਰਾਂ ਨਾਲ ਸੰਬੰਧਤ ਫੈਸਲੇ ਲੈਣ ਵਾਲੇ ਪ੍ਰਮੁੱਖ ਅਹੁੱਦਿਆਂ ਉੱਪਰ ਸਥਾਪਿਤ ਪੱਤਰਕਾਰਾਂ ਦੀ ਸਮਾਜਿਕ ਪਿਛੋਕੜ ਦੇ ਸਰਵੇ ਦੇ ਮੁੱਖ ਨਤੀਜੇ ਪੇਸ਼ ਹਨ-

ਸਰਵੇ ਦੇ ਮੁੱਖ ਨਤੀਜੇ-

*'ਰਾਸ਼ਟਰੀ' ਮੀਡੀਆ 'ਚ ਦੇਸ਼ ਦੀ ਸਮਾਜਿਕ ਭਿੰਨਤਾ ਵਾਲੀ ਤਸਵੀਰ ਦਿਖਾਈ ਨਹੀਂ ਦਿੰਦੀ ਹੈ। ਵੱਖ-ਵੱਖ ਪੱਧਰਾ 'ਤੇ ਜਾਤੀ, ਵਰਗ, ਧਰਮ ਅਤੇ ਇਸਤਰੀਆਂ ਦੀ ਪ੍ਰਤੀਨਿਧਤਾ ਦੀ ਅਣਹੋਂਦ ਹੈ।

*ਹਿੰਦੂ ਉੱਚ ਜਾਤੀ ਦੇ ਮਰਦਾਂ ਦਾ 'ਰਾਸ਼ਟਰੀ' ਮੀਡੀਆ ਉੱਪਰ ਪੂਰਾ ਅਧਿਕਾਰ ਹੈ। ਭਾਰਤ ਦੀ ਕੁੱਲ ਆਬਾਦੀ 'ਚੋਂ ਇਨ੍ਹਾਂ ਦੀ ਹਿੱਸੇਦਾਰੀ ਅੱਠ ਪ੍ਰਤੀਸ਼ਤ ਹੈ, ਲੇਕਿਨ ਮੀਡੀਆ ਸੰਸਥਾਵਾਂ 'ਚ ਫੈਸਲੇ ਲੈਣ ਵਾਲੇ ਅਹੁੱਦਿਆਂ 'ਚ 71 ਪ੍ਰਤੀਸ਼ਤ ਉਨ੍ਹਾਂ ਦੇ ਹਿੱਸੇ 'ਚ ਆਉਂਦਾ ਹੈ।

*ਇਸ ਨਾਲ ਲਿੰਗ ਦੇ ਆਧਾਰ 'ਤੇ ਭੇਦ ਭਾਵ ਕੀਤਾ ਜਾ ਸਕਦਾ ਹੈ। ਕੇਵਲ 17 ਪ੍ਰਤੀਸ਼ਤ ਪ੍ਰਮੁੱਖ ਅਹੁੱਦਿਆਂ ਉੱਤੇ ਇਸਤਰੀਆਂ ਹਨ। ਇਸਤਰੀਆਂ ਦੀ ਬਿਹਤਰ ਸਥਿਤੀ 32 ਪ੍ਰਤੀਸ਼ਤ ਅੰਗਰੇਜ਼ੀ ਇਲੈਕਟ੍ਰੌਨਿਕ ਮੀਡੀਆ 'ਚ ਹੈ।

* ਰਾਸ਼ਟਰੀ ਮੀਡੀਆ 'ਚ ਵੱਖ-ਵੱਖ ਜਾਤੀਆਂ ਦੀ ਪ੍ਰਤੀਨਿਧਤਾ 'ਚ ਬਹੁਤ ਵੱਡਾ ਫਰਕ ਹੈ। ਦਵਿਜ ਹਿੰਦੂਆ (ਦਵਿਜਾ ਵਿਚ ਬ੍ਰਾਹਮਣ, ਕਇਸ਼ਥ, ਰਾਜਪੂਤ, ਵੈਸ਼ ਅਤੇ ਖੱਤਰੀ ਸ਼ਾਮਲ ਹੈ) ਦੀ ਜਨਸੰਖਿਆ16 ਪ੍ਰਤੀਸ਼ਤ ਹੈ, ਪ੍ਰੰਤੂ ਮੀਡੀਆ 'ਚ ਪ੍ਰਮੁੱਖ ਅਹੁੱਦਿਆਂ ਉੱਪਰ ਉਨ੍ਹਾਂ ਦੀ ਹਿੱਸੇਦਾਰੀ 86 ਪ੍ਰਤੀਸ਼ਤ ਹੈ। ਕੇਵਲ ਬ੍ਰਹਾਮਣ (ਇਸ 'ਚ ਭੂਮੀਹਾਰ, ਤਿਆਗੀ ਵੀ ਸ਼ਾਮਿਲ ਹੈ) ਦੀ ਹਿੱਸੇਦਾਰੀ 49 ਪ੍ਰਤੀਸ਼ਤ ਹੈ।

ਜਾਤੀ ਪਿਛੋਕਣ ਦੇ ਅਧਾਰ ਤੇ-

| | ਬ੍ਰਹਾਮਣ | ਕਾਇਸਥ | ਵੈਸ਼-ਜੈਨ | ਰਾਜਪੂਤ | ਖੱਤਰੀ | ਗੈਰ ਦਵਿਜ ਉੱਚ ਜਾਤੀਆ | ਹੋਰ ਪਿਛੜੀ ਜਾਤੀਆ |
|---|---|---|---|---|---|---|---|
| ਪ੍ਰਿੰਟ ਮੀਡੀਆ ਹਿੰਦੀ | 59% | 9% | 11% | 8% | 5% | 0% | 8% |
| ਪ੍ਰਿੰਟ ਮੀਡਆ ਅੰਗ੍ਰੇਜ਼ੀ | 44% | 18% | 5% | 1% | 17% | 5% | 1% |
| ਇਲੈਕਟ੍ਰੌਨਿਕ ਹਿੰਦੀ | 49% | 13% | 8% | 14% | 4% | 0% | 4% |
| ਇਲੈਕਟ੍ਰੌਨਿਕ ਅੰਗ੍ਰੇਜ਼ੀ | 52% | 13% | 2% | 4% | 4% | 4% | 4% |
| ਕੁੱਲ | 49% | 14% | 7% | 7% | 9% | 2% | 4% |
| ਕੁੱਲ ਆਬਾਦੀ 'ਚ ਹਿੰਦੂ ਉਚ ਵਰਣ ਪੁਰਸ ਦੀ ਹਿੱਸੇਦਾਰੀ 8% | | | | | | | |
| ਮੀਡੀਆ 'ਚ ਫੈਸਲੇ ਲੈਣੇ ਵਾਲੇ ਅਹੁੱਦਿਆਂ ਉੱਤੇ ਹਿੱਸੇਦਾਰੀ 71% | | | | | | | |

੦ਦਲਿਤ ਅਤੇ ਆਦੀਵਾਸੀ ਫੈਸਲੇ ਲੈਣ ਵਾਲੇ ਅਹੁੱਦਿਆਂ ਉੱਤੇ ਨਹੀਂ ਹਨ। ਰਾਸ਼ਟਰੀ ਮੀਡੀਆ ਦੇ ਕੁੱਲ 315 ਪ੍ਰਮੁੱਖ ਅਹੁੱਦਿਆਂ 'ਚ ਇਕ ਵੀ ਦਲਿਤ ਅਤੇ ਆਦੀਵਾਸੀ ਨਹੀਂ ਹਨ।



੦ਹੋਰ ਪੱਛੜੇ ਵਰਗਾ ਦੀ ਰਾਸਟਰੀ ਮੀਡੀਆ 'ਚ ਪ੍ਰਮੁੱਖ ਅਹੁਦਿਆਂ ਉੱਤੇ ਪ੍ਰਤੀਨਿਧਤਾ ਇਸ ਪ੍ਰਕਾਰ ਹੈ। ਇਸਦੀ ਆਬਾਦੀ 43 ਪ੍ਰਤੀਸਤ ਹੈ ਅਤੇ ਮੀਡੀਆ 'ਚ ਇਸਦੀ ਹਿੱਸੇਦਾਰੀ ਚਾਰ ਪ੍ਰਤੀਸ਼ਤ ਹੈ।

੦ਮੁਸਲਿਮ ਪ੍ਰਤੀਨਿਧਤਾ ਦੀ ਅਣਹੋਂਦ ਇਸ ਪ੍ਰਕਾਰ ਹੈ-ਰਾਸਟਰੀ ਮੀਡੀਆ 'ਚ ਉਹਨਾਂ ਦੀ ਪ੍ਰਤੀਨਿਧਤਾ ਤਿੰਨ ਪ੍ਰਤੀਸ਼ਤ ਹੈ, ਜਦ ਕਿ ਇਨ੍ਹਾਂ ਦੀ ਕੁੱਲ ਜਨਸੰਖਿਆ 'ਚ ਹਿੱਸਾ 13.4 ਪ੍ਰਤੀਸ਼ਤ ਹੈ।

੦ਇਸਾਈਆਂ ਦੀ ਔਸਤਨ ਪ੍ਰਤੀਨਿਧਤਾ ਹੈ, ਪ੍ਰੰਤੂ ਮੁੱਖ ਅੰਗ੍ਰੇਜ਼ੀ ਮੀਡੀਆ 'ਚ ਹੈ। ਮੀਡੀਆ 'ਚ ਚਾਰ ਪ੍ਰਤੀਸ਼ਤ ਅਹੁੱਦੇ ਉਨ੍ਹਾਂ ਦੇ ਹਿੱਸੇ ਵਿਚ ਹੈ ਅਤੇ ਉਨ੍ਹਾਂ ਜਨਸੰਖਿਆ ਵਿਚ ਹਿੱਸਾ 2 ਪ੍ਰਤੀਸ਼ਤ ਦਾ ਹੈ।

੦ਦੋਹਰੇ ਪੱਧਰ ਉੱਤੇ ਭੇਦ ਭਾਵ ਦੇ ਸ਼ਿਕਾਰ ਹੋਣ ਵਾਲੇ ਸਮਾਜਿਕ ਸਮੂਹਾਂ ਦੀ ਹੋਂਦ ਲਗਭਗ ਬਹੁਤ ਥੋੜੀ ਹੈ। ਪ੍ਰਮੁੱਖ ਅਹੁਦਿਆਂ ਉੱਤੇ ਪਿਛੜੀ ਜਾਤੀ ਦੀਆਂ ਇਸਤਰੀਆਂ ਨਹੀਂ ਹਨ। ਮੁਸਲਿਮ ਅਤੇ ਇਸਾਈ ਧਰਮ ਦੇ ਵਿਚ ਪਿਛੜੀ ਜਾਤੀ ਦੇ ਮੈਂਬਰ ਵੀ ਪ੍ਰਮੁੱਖ ਅਹੁਦਿਆਂ ਉੱਤੇ ਆਟੇ 'ਚ ਲੂਣ ਦੇ ਬਰਾਬਰ ਹਨ।

੦ਇਸਤਰੀ -ਮਰਦ ਭੇਦ

| | ਮਰਦ | ਇਸਤਰੀ |
|---|---|---|
| ਪ੍ਰਿੰਟ ਮੀਡੀਆ ਹਿੰਦੀ | 86% | 14% |
| ਪ੍ਰਿੰਟ ਮੀਡੀਆ ਅੰਗਰੇਜ਼ੀ | 84% | 16% |
| ਇਲੈਕ੍ਟ੍ਰੌਨਿਕ ਮੀਡੀਆ ਹਿੰਦੀ | 89% | 11% |
| ਇਲੈਕ੍ਟ੍ਰੌਨਿਕ ਮੀਡੀਆ ਅੰਗਰੇਜ਼ੀ | 83% | 17% |

੦ ਇਸਤਰੀਆਂ ਦੀ ਸ਼ਮੂਲੀਅਤ 17 ਪ੍ਰਤੀਸ਼ਤ ਤੋਂ ਵੀ ਘੱਟ ਹੈ।
੦ ਅੰਗਰੇਜ਼ੀ ਮੀਡੀਆ ਦੀ ਤੁਲਨਾ ਵਿਚ ਇਸਤਰੀਆਂ ਦੀ ਸ਼ਮੂਲੀਅਤ ਠੀਕ ਹੈ।
੦ ਅੰਗਰੇਜ਼ੀ ਇਲੈਕ੍ਟ੍ਰੌਨਿਕ ਮੀਡੀਆ 'ਚ ਇਸਤਰੀਆਂ ਦੀ ਸ਼ਮੂਲੀਅਤ ਤਸੱਲੀਬਖਸ਼ ਹੈ।

## ਮੀਡੀਆ ਦੀ ਸਾਮਾਜਿਕ ਤਸਵੀਰ

ਅਨਿਲ ਚਮੜੀਆ

ਪਿੱਛੇ ਜਿਹੇ ਰਾਂਖਵਾਕਰਨ ਵਿਰੋਧੀ ਮੁਹਿੰਮ ਦੇ ਦੌਰਾਨ ਮੀਡੀਆ ਦੇ ਵਿਭਿੰਨ ਅਦਾਰਿਆ 'ਚ ਕੰਮ ਕਰਦੇ ਮੇਰੇ ਮਿੱਤਰਾਂ ਨੇ ਕਈ ਲੂ ਕੰਡੇ ਖੜੇ ਕਰ ਦੇਣ ਵਾਲੇ ਅਨੁਭਵ ਸੁਣਾਏ। ਇਕ ਚੈਨਲ ਦੇ ਸਮਾਚਾਰ ਪ੍ਰਮੁੱਖ ਦੀ ਹਿਦਾਇਤ ਦੇ ਬਾਅਦ ਵੀ ਉਨ੍ਹਾਂ ਦੇ ਅਧੀਨ ਕੰਮ ਕਰਦੇ ਪੱਤਰਕਾਰ ਨਾ ਤਾਂ ਰਾਂਖਵਾਕਰਣ ਦੀ ਹਮਾਇਤ ਕਰਨ ਵਾਲੇ ਪ੍ਰੋਗਰਾਮ ਦੀ ਰਿਪੋਰਟ ਲੈ ਕੇ ਆਏ ਅਤੇ ਨਾ ਹੀ ਰਾਂਖਵੇਂਕਰਣ ਵਿਰੋਧੀਆਂ ਦੀ ਤਰ੍ਹਾਂ ਰਿਪੋਰਟ ਪੇਸ਼ ਕਰਨ ਅਤੇ ਪੀਟੀਸੀ (ਪੀਸ਼ ਟੂ ਕੈਮਰਾ) ਦੇਣ ਤੋਂ ਬਾਜ ਆਏ। ਆਖਿਰਕਾਰ ਉਨ੍ਹਾਂ ਸਮਾਚਾਰ ਪ੍ਰਮੁੱਖ ਨੂੰ ਐਂਕਰ ਅਤੇ

ਰਿਪੋਰਟ ਦੇ ਵਿਚਕਾਰ 'ਲਾਇਵ' ਸੰਵਾਦ ਉੱਤੇ ਰੋਕ ਲਗਾ ਦੇਣੀ ਪਈ। ਉਸ ਆਦਾਰੇ 'ਚ ਉਸ ਦੌਰਾਨ ਪਿਛੜੀ ਜਾਤੀ ਦੇ ਜੋ ਲੜਕੇ-ਲੜਕੀਆਂ ਨੌਕਰੀ ਦੀ ਤਲਾਸ਼ ਵਿਚ ਆਏ, ਉਨ੍ਹਾਂ ਨੂੰ ਖੁਦ ਨੂੰ ਰਾਂਖਵਾਂਕਰਣ ਵਿਰੋਧੀ ਦੱਸਣਾ ਜ਼ਰੂਰੀ ਸਮਝਿਆ। ਮੰਡਲ ਆਯੋਗ ਦੀਆਂ ਧਾਰਾਵਾਂ ਨੂੰ ਲਾਗੂ ਕਰਨ ਦੇ ਫੈਸਲੇ ਤੋਂ ਬਾਅਦ ਰੋਜ਼ਨਾ ਅਖਬਾਰਾਂ ਦੇ ਬਿਉਰੋ ਦੀ ਬੈਠਕ 'ਚ ਮੈਨੂੰ ਕਿਹਾ ਗਿਆ ਸੀ ਕਿ ਮੈਂ ਮੰਡਲ ਦੀ ਹਮਾਇਤ ਵਾਲੇ ਸਮਾਚਾਰ ਨਹੀਂ ਲਿਖ ਸਕਦਾ। ਉਥੇ ਹੀ ਬਿਓਰੋ 'ਚ ਰੋਜ਼ਾਨਾ ਰਾਂਖਵਾਂਕਰਣ ਦੇ ਵਿਰੋਧ ਨੂੰ ਵਧ-ਚੜ੍ਹਾ ਕੇ ਪੇਸ਼ ਕਰਨ ਦੀਆਂ ਖ਼ਬਰਾਂ ਬਣਾਉਂਦੇ ਹੋਏ ਮੈਂ ਦੇਖਦਾ ਰਿਹਾ। ਖ਼ਬਰਾਂ 'ਚ ਰਾਂਖਵਾਂਕਰਣ ਦੇ ਵਿਰੋਧ 'ਚ ਕਈ ਨੌਜਵਾਨਾਂ ਦਾ ਫਰਜ਼ੀ ਆਤਮ ਹੱਤਿਆ ਤਕ ਕਰਵਾਈ ਗਈ ਸੀ।

ਇਨ੍ਹਾਂ ਉਦਾਹਰਣਾਂ ਨੂੰ ਜਾਤੀ ਪਿਛੋਕੜ ਨੂੰ ਵੱਖਰਾ ਰੱਖ ਕੇ ਕਿਸੇ ਹੋਰ ਦ੍ਰਿਸ਼ਟੀ ਤੋਂ ਦੇਖਿਆ ਜਾ ਸਕਦਾ ਹੈ? ਉਤਰੀ ਭਾਰਤ ਵਿਚ ਮੀਡੀਆ ਆਦਾਰਿਆ ਵਿਚ ਦਲਿਤ ਪਰਿਵਾਰਾਂ ਵਿਚ ਪੈਦਾ ਹੋਣ ਵਾਲੇ ਕੁੱਝ ਇਕ ਲੋਕ ਹਨ। ਪ੍ਰੰਤੂ ਉਹ ਆਪਣੀ ਦਲਿਤ ਪਹਿਚਾਣ ਦੇ ਨਾਲ ਨਹੀਂ ਹੈ। ਉਹ ਆਪਣੇ ਨਾਂ ਦੇ ਨਾਲ ਜਾਤੀਸੂਚਕ ਸ਼ਬਦ ਉਸ ਤਰ੍ਹਾਂ ਲਿਖ ਨਹੀਂ ਸਕਦੇ ਜਾਂ ਚੈਨਲਾਂ 'ਚ ਪਰਦਿਆਂ ਉੱਤੇ ਨਹੀਂ ਦੱਸ ਸਕਦੇ, ਜਿਵੇਂ ਕੋਈ ਉੱਚੀ ਜਾਤੀ ਦਾ ਪੱਤਰਕਾਰ ਦੱਸ ਸਕਦਾ ਹੈ। ਉਹ ਲਗਭਗ ਸ਼ਹਿਨਾਈ ਵਾਦਨ ਬਿਸਮਿਲ੍ਹਾ ਖ਼ਾ ਦੀ ਸਥਿਤੀ 'ਚ ਹੈ ਜਿਨ੍ਹਾਂ ਨੇ ਖੁਦ ਨੂੰ ਦਲਿਤ ਹੋਣ ਨੂੰ 'ਖ਼ਾਂ' ਦੇ ਨਾਲ ਲੁਕੋ ਕੇ ਰੱਖਿਆ ਹੈ। ਰਾਜਸਥਾਨ ਦੇ ਇਕ ਪੱਤਰਕਾਰ ਮਿੱਤਰ ਨੇ ਦੱਸਿਆ ਕਿ ਬਤੌਰ ਸੰਵਾਦਦਾਤਾ ਉਹ ਆਪਣੇ ਜਾਤੀ ਸੂਚਕ ਅਹੁੱਦੇ ਦੀ ਵਰਤੋ ਕਰਦੇ ਹਨ। ਇਕ ਦਿਨ ਉਨ੍ਹਾਂ ਦੇ 'ਵੱਡੇ' ਨੇ ਅਖੀਰ ਕਹਿ ਹੀ ਦਿੱਤਾ ਕਿ ਉਹ ਆਪਣੇ ਨਾਂ ਦੇ ਨਾਲ 'ਸੈਣੀ' ਨਾ ਲਿਖਿਆ ਕਰੇ।

ਇਨ੍ਹਾਂ ਉਦਾਹਰਣਾਂ ਨੂੰ ਕਿਸ ਤਰ੍ਹਾਂ ਤੋਂ ਦੇਖਿਆ ਜਾ ਸਕਦਾ ਹੈ? 'ਵਸਿੰਗਟਨ ਪੋਸਟ' ਦੇ ਪੱਤਰਕਾਰ ਕਪੂਰ ਦੇ ਭਾਰਤੀ ਅਖਬਾਰਾਂ ਉੱਤੇ ਦਸ ਸਾਲ ਦੇ ਸੋਧ ਨੂੰ ਇਥੇ ਰੱਖਿਆ ਜਾਵੇ ਤਾਂ ਨੱਬੇ ਦੇ ਦਹਾਕੇ 'ਚ ਦਲਿਤਾਂ ਦੀ ਅਬਾਦੀ ਪੰਦਰਾ ਕਰੋੜ ਸੀ, ਪ੍ਰੰਤੂ ਇਸ 'ਚ ਕੋਈ ਵੀ ਕਿਸੇ ਦੈਨਿਕ ਸਮਾਚਾਰ ਪੱਤਰ ਦਾ ਪੱਤਰਕਾਰ ਜਾਂ ਉਪ ਸੰਪਾਦਕ ਨਹੀਂ ਸੀ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਸੋਧ ਦੇ ਦੋਰਾਨ ਦੱਖਣ 'ਚ ਉਹ ਜਿਸ ਦਲਿਤ ਪੱਤਰਕਾਰ ਨੂੰ ਮਿਲੇ, ਉਨ੍ਹਾਂ ਨੇ ਕਦੀ ਕਿਸੇ ਵੱਡੇ ਸਮਾਚਾਰ-ਪੱਤਰ ਦੇ ਲਈ ਕੰਮ ਨਹੀਂ ਕੀਤਾ ਸੀ। ਸਮਾਜਿਕ ਨਿਆ ਅੰਦੋਲਨ ਦੇ ਪ੍ਰਮੁੱਖ ਕੇਂਦਰ ਤਮਿਲਨਾਡੂ 'ਚ ਇਕ ਕਰੋੜ ਵੀਹ ਲੱਖ ਦੀ ਦਲਿਤ ਆਬਾਦੀ 'ਚ ਕੁੱਲ ਦਸ ਤੋਂ ਪੰਜਰਾਂ ਪੱਤਰਕਾਰ ਅਤੇ ਉਪ ਸੰਪਾਦਕ ਕੰਮ ਕਰਦੇ ਸਨ। ਉਨ੍ਹਾਂ ਨੂੰ ਆਪਣੀ ਜਾਤੀ ਲੁਕਾਉਣੀ ਪੈਂਦੀ ਹੈ। ਦਰਅਸਲ ਉਨ੍ਹਾਂ ਨੂੰ ਇਹ ਲੱਗਦਾ ਹੈ ਕਿ ਉਨ੍ਹਾਂ ਦੀ ਜਾਤੀ ਦਾ ਪਤਾ ਲੱਗਣ ਤੇ ਉਨ੍ਹਾਂ ਦਾ ਅੱਗੇ ਵੱਧਣਾ ਮੁਸ਼ਕਲ ਹੋ ਜਾਵੇਗਾ। ਇਸ ਨੂੰ ਕਿਸ ਰੂਪ ਨਾਲ ਦੇਖਿਆ ਜਾ ਸਕਦਾ ਹੈ। ? ਇਥੇ ਦੋਹਾਂ ਦੀਆਂ ਗੱਲਾਂ ਉਭਰ ਕੇ ਸਾਹਮਣੇ ਆਉਂਦੀਆਂ ਹਨ।

ਪਹਿਲੀ ਤਾਂ ਇਹ ਕਿ ਮੀਡੀਆ ਕੇਂਦਰਾਂ 'ਚ ਸਮਾਜ ਦੇ ਕਮਜੋਰ ਵਰਗਾ ਦੇ ਪ੍ਰਤੀਨਿਧ ਦੀ ਬਹੁਤ ਅਣਹੋਂਦ ਹੋਈ ਹੈ। ਵਿਧਾਇਕਾਂ 'ਚ ਜਾਤੀ, ਲਿੰਗ, ਧਰਮ ਅਤੇ ਹੋਰ ਸਮਾਜਿਕ ਪਿਛੋਕੜ ਦੇ ਅੰਕੜੇ ਨੂੰ ਲੈ ਕੇ ਕੋਈ ਇਤਰਾਜ਼ ਨਹੀਂ ਹੁੰਦਾ। ਕਾਰਜ ਪਾਲਿਕਾ 'ਚ ਵੀ ਸਮਾਜਿਕ ਪਿਛੋਕੜ ਦੇ ਪ੍ਰਤੀਨਿਧਤਵ ਦੇ ਅੰਕੜੇ ਸਹਿਜਤਾ ਨਾਲ ਉਪਲੱਭਦ ਹਨ। ਲੇਕਿਨ ਨਿਆ ਪਲਿਕਾ ਅਤੇ ਮੀਡੀਆ 'ਚ ਕਦੀ ਧਾਰਮਿਕ, ਕਦੀ ਜਾਤੀ ਤਾਂ ਕਦੀ ਲਿੰਗਿਕ ਮੁੱਦੇ ਉਭਾਰ ਕੇ ਸੱਤਾ 'ਚ ਆਉਂਦੇ ਰਹਿੰਦੇ ਹਨ।

ਇਨ੍ਹਾਂ ਦੇ ਕਾਰਨਾਂ ਦੀ ਪੜਤਾਲ ਦੇ ਲਈ ਬਾਕਾਇਦਾ ਕਈ ਅਧਿਐਨ ਵੀ ਕੀਤੇ ਗਏ



ਹਨ ਅਤੇ ਉਨ੍ਹਾਂ 'ਚ ਇਸ ਪੱਧਰ ਉੱਤੇ ਪੂਰਵਲੇ ਗ੍ਰਹਿ ਦੀ ਸਥਿਤੀ ਨੂੰ ਸਵੀਕਾਰ ਵੀ ਕੀਤਾ ਗਿਆ ਹੈ। ਪ੍ਰੰਤੂ ਜਿਵੇਂ ਜਾਤੀ ਪੱਧਰ ਤੇ ਗੱਲਬਾਤ ਆਰੰਭ ਕੀਤੀ ਜਾਂਦੀ ਹੈ ਤਾਂ ਦਿੱਕਤ ਸਾਫ ਨਜ਼ਰ ਆਉਂਦੀ ਹੈ। ਕੀ ਇਸ ਲਈ ਜਿਵੇਂ ਪੁਰਾਣੇ ਜ਼ਮਾਨੇ 'ਚ ਪੜ੍ਹਨੇ ਲਿਖਣੇ ਦਾ ਕੰਮ ਖਾਸ ਜਾਤੀਆਂ ਦਾ ਸਮਝਿਆ ਜਾਂਦਾ ਸੀ, ਉਸ ਹਾਲਤ ਨੂੰ ਮੀਡੀਆ ਦੇ ਆਦਾਰਿਆ 'ਚ ਸਰੁੱਖਿਅਤ ਦੇਖਿਆ ਜਾਂਦਾ ਹੈ ਅਤੇ ਜਾਤੀ ਪਿਛੋਕੜ ਨੂੰ ਉਸ ਸੱਤਾ ਨੂੰ ਕਾਇਮ ਰੱਖਣ ਲਈ ਪਰੇਸ਼ਾਨੀ ਦਿਖਾਈ ਦੇਣ ਲੱਗਦੀ ਹੈ?

ਮੀਡੀਆ ਸਟੱਡੀਜ਼ ਗਰੁਪ ਨਾਲ ਜੁੜੇ ਇਸ ਲੇਖਕ ਅਤੇ ਸਤੰਤਰ ਸੋਧ ਕਰਤਾ ਜਤਿੰਦਰ ਕੁਮਾਰ ਅਤੇ ਸਮਾਜਿਕ ਵਿਕਾਸ ਅਧਿਐਨ ਪੀਠ (ਸੀ. ਐਸ. ਡੀ. ਐਸ.) ਦੇ 'ਜੋਗਿੰਦਰ ਯਾਦਵ ਵੱਲੋਂ ਮੀਡੀਆ ਦੇ 37 ਅਦਾਰਿਆਂ ਦੇ ਪ੍ਰਮੁੱਖ ਆਹੁਦਿਆਂ ਉੱਤੇ ਲੱਗੇ ਤਿੰਨ ਸੋ ਪੰਦਰਾ ਲੋਕਾਂ ਦੇ ਸੰਬੰਧ ਵਿਚ ਕੀਤੇ ਗਏ ਸਰਵੇ 'ਚ ਵੀ ਇਹ ਅਨੁਭਵ ਕੀਤਾ ਗਿਆ ਕਿ ਉਨ੍ਹਾਂ ਨੂੰ ਆਪਣੀ ਭਾਸ਼ਾ, ਰਾਜ, ਧਰਮ, ਅਤੇ ਉਮਰ ਦੱਸਣ ਵਿਚ ਤਾਂ ਕੋਈ ਪਰੇਸ਼ਾਨੀ ਨਹੀਂ ਹੋਈ, ਪ੍ਰੰਤੂ ਜਾਤੀ ਦੱਸਣ ਦੀ ਵਾਰੀ ਆਉਂਦੇ ਹੀ ਮੁਸ਼ਕਿਲ ਆਰੰਭ ਹੋ ਜਾਂਦੀ ਹੈ। ਕਈ ਪੱਤਰਕਾਰਾਂ, ਖਾਸ ਕਰ ਹਿੰਦੀ ਵਾਲਿਆਂ ਨੇ ਤਾਂ ਕਿਹਾ ਕਿ ਉਹ ਤਾਂ ਜਾਤ-ਪਾਤ 'ਚ ਵਿਸ਼ਵਾਸ ਹੀ ਰੱਖਦੇ ਨਹੀਂ। ਉਹ ਇਹ ਵੀ ਕਹਿ ਸਕਦੇ ਸਨ ਕਿ ਉਹ ਧਾਰਮਿਕ ਲਿੰਗਕ ਭੇਦਭਾਵ ਵੀ ਨਹੀਂ ਕਰਦੇ ਹਨ। ਪ੍ਰੰਤੂ ਜਾਤੀ ਪਿਛੋਕੜ ਪੁੱਛੇ ਜਾਣ ਉੱਤੇ ਸ਼ਿਕਾਇਤ ਸੁਣਨ ਨੂੰ ਮਿਲਦੀ ਹੈ ਕਿ ਇਹ ਸਮਾਜ ਨੂੰ ਵੰਡਣ ਵਰਗਾ ਕਾਰਜ ਹੈ। ਜਦਕਿ ਦੁਨੀਆਂ ਭਰ 'ਚ ਮੀਡੀਆ 'ਚ ਕੰਮ ਕਰਦੇ ਲੋਕਾਂ ਦੀ ਸਮਾਜਿਕ ਪਿਛੋਕੜ ਨੂੰ ਲੈ ਕੇ ਅਧਿਐਨ ਹੋਇਆ ਹੈ।

ਉਪਰੋਕਤ ਸਰਵੇ ਉੱਤੇ 7 ਜੂਨ ਨੂੰ ਸੀ ਐਨ ਬੀ ਸੀ ਉੱਤੇ ਰਾਤ 10.30 ਵਜੇ ਕਰਨ ਥਾਪਰ ਦੇ ਪ੍ਰੋਗਰਾਮ 'ਚ 'ਹਿੰਦੁਸਤਾਨ ਟਾਈਮਜ਼' ਦੀ ਮਾਲਕਿਨ ਸ਼ੋਭਨਾ ਭਾਰਤੀਆ, ਪਾਇਨੀਅਰ ਦੇ ਸੰਪਾਦਕ ਚੰਦਨ ਮਿੱਤਰਾ, ਦ ਹਿੰਦੂ ਦੇ ਸੰਪਾਦਕ ਐਨ. ਰਾਮ ਅਤੇ ਯੋਗਿੰਦਰ ਯਾਦਵ ਦੇ ਵਿਚਕਾਰ ਗੱਲਬਾਤ ਹੋਈ। ਇਸ ਪ੍ਰੋਗਰਾਮ ਵਿਚ ਐਨ. ਰਾਮ ਨੇ ਦੱਸਿਆ ਕਿ ਅਮਰੀਕਾ ਦੇ ਸਾਰੇ ਪ੍ਰਮੁੱਖ ਸਮਾਚਾਰ ਪੱਤਰਾਂ ਨੇ ਹਾਸ਼ੀਏ ਤੇ ਧਕੇਲੇ ਵਰਗ ਨੂੰ ਵਿਸ਼ੇਸ਼ ਯਤਨ ਕਰਕੇ ਆਪਣੇ ਆਦਾਰੇ 'ਚ ਪ੍ਰਤੀਨਿਧਤਾ ਦਿੱਤੀ ਹੈ। ਉਨ੍ਹਾਂ ਨੇ ਬਾਕਾਇਦਾ ਉਨ੍ਹਾਂ ਸਮਾਚਾਰ -ਪੱਤਰਾਂ ਦੇ ਨਾਮ ਪੜ੍ਹੇ ਅਤੇ ਉਥੇ ਹਾਸ਼ੀਏ 'ਤੇ ਥਕੇਲੇ ਵਰਗ ਦੀ ਕਿੰਨੀ ਕੁ ਹਿੱਸੇਦਾਰੀ ਹੈ, ਇਸ ਦਾ ਵੀ ਵਰਣਨ ਕੀਤਾ।

ਅਜਿਹਾ ਨਹੀਂ ਹੈ ਕਿ ਇਸ ਸਰਵੇ ਤੋਂ ਪਹਿਲਾਂ ਭਾਰਤ 'ਚ ਮੀਡੀਆ ਅਦਾਰਿਆ 'ਚ ਪੱਤਰਕਾਰਾਂ ਦੀ ਸਾਮਾਜਿਕ ਪਿਛੋਕੜ ਉੱਤੇ ਅਧਾਰਿਤ ਕੋਈ ਅਧਿਐਨ ਨਹੀਂ ਕੀਤਾ ਗਿਆ ਸੀ। 1996 'ਚ ਪਹਿਲੀ ਵਾਰ ਇਹ ਮਹਿਸੂਸ ਕੀਤਾ ਗਿਆ ਸੀ ਕਿ ਭਾਰਤ ਸਰਕਾਰ ਦੇ ਪੱਤਰ ਸੂਚਨਾ ਦਫ਼ਤਰ ਵੱਲੋਂ ਮਾਨਤਾ ਪ੍ਰਾਪਤ ਪੱਤਰਕਾਰਾਂ ਦੀ ਸੂਚੀ 'ਚ ਇਕ ਵੀ ਦਲਿਤ ਨਹੀਂ ਹੈ। ਇਹ ਵੱਖਰੀ ਗੱਲ ਹੈ ਕਿ ਇਸ ਅੰਕੜੇ ਨੂੰ ਆਮ ਬਣਾਉਣ 'ਚ ਅਮਰੀਕਾ ਸਮਾਚਾਰ ਪੱਤਰ ਵਸਿੰਗਟਨ ਪੋਟਸ ਦੇ ਨਵੀਂ ਦਿੱਲੀ ਬਿਊਰੋ ਮੁੱਖੀ ਕੈਨੇਥ ਕਪੂਰ ਦੇ ਸੋਧ ਕਾਰਜ ਦੀ ਭੂਮਿਕਾ ਮੰਨੀ ਜਾਂਦੀ ਹੈ। ਉਨ੍ਹਾਂ ਦੀ ਸੋਧ ਦੇ ਆਧਾਰ ਉੱਤੇ ਅੰਗਰੇਜ਼ੀ ਦੇ ਇਕ ਪੱਤਰਕਾਰ ਬੀ ਐਨ ਉਨਿਆਲ ਨੇ ਲਿਖਿਆ, ''ਅਚਾਨਿਕ ਮੈਨੂੰ ਲੱਗਿਆ ਕਿ ਮੈਂ 30 ਸਾਲਾਂ ਦੇ ਇਕ ਪੱਤਰਕਾਰ ਦੇ ਰੂਪ 'ਚ ਕੰਮ ਕਰ ਰਿਹਾ ਹਾਂ ਅਤੇ ਮੈਨੂੰ ਇਕ ਵੀ ਦਲਿਤ ਪੱਤਰਕਾਰ ਨਹੀਂ ਮਿਲਿਆ । ਅਤੇ ਸਭ ਤੋਂ ਤਕਲੀਫ਼ ਦੀ ਗੱਲ ਤਾਂ ਇਹ ਹੈ ਕਿ ਮੈਨੂੰ ਕਦੀ ਇਸ ਗੱਲ ਦਾ ਅਹਿਸਾਸ ਤੱਕ ਨਹੀਂ ਹੋਇਆ ਕਿ ਸਾਡੇ ਕਿੱਤੇ 'ਚ ਐਨੀ ਵੱਡੀ ਖਾਈ ਹੈ।'

ਸੰਨ 1947 ਦੇ ਬਾਅਦ ਦੇ ਪੰਜਾਹ ਸਾਲ ਤੱਕ ਇਸ ਤੱਥ ਨੂੰ ਜਾਨਣ ਦੀ ਜ਼ਰੂਰਤ ਕਿਸੇ ਭਾਰਤੀ ਨੇ ਮਹਿਸੂਸ ਨਹੀਂ ਕੀਤੀ ਤਾਂ ਇਸ ਨਾਲ ਬਣਨ ਵਾਲੇ ਲੋਕਤੰਤਰ ਦੇ ਇਕ ਥੰਮ ਦੀ ਉਸਾਰੀ ਦੀ ਗਹਿਰਾਈ ਦਾ ਪਤਾ ਲੱਗ ਸਕਦਾ ਹੈ। ਖੁਦ ਅਸੀਂ ਬਿਹਾਰ ਵਿਚ 1985 ਦੇ ਨੇੜੇ ਤੇੜੇ ਇਕ ਸਰਵੇ ਕੀਤਾ ਸੀ ਕਿ ਜੋ ਹਿੰਦੀ ਦੇ ਸਥਾਨਿਕ ਸਮਾਚਾਰ ਪੱਤਰਾਂ ਵਿਚ ਪ੍ਰਕਾਸ਼ਿਤ ਵੀ ਹੋਇਆ ਸੀ। ਉਸ ਸਮੇਂ ਦੂਜੇ ਰਾਜ ਦੇ ਨਿਵਾਸੀ ਬਿਹਾਰ 'ਚ ਇਕ ਦਲਿਤ ਪੱਤਰਕਾਰ ਮਿਲਿਆ ਸੀ। ਪ੍ਰੰਤੂ ਉਨ੍ਹਾਂ ਦੇ ਦਲਿਤ ਹੋਣ ਦੀ ਜਾਣਕਾਰੀ ਕੁਝ ਲੋਕਾਂ ਨੂੰ ਹੀ ਸੀ। ਸਰਵੇ 'ਚ ਘੱਟ ਗਿਣਤੀ, ਇਸਤਰੀਆਂ ਆਦਿ ਦੀ ਵੀ ਖੋਜ ਕੀਤੀ ਗਈ ਸੀ। ਉਨ੍ਹਾਂ ਦੀ ਸਥਿਤੀ ਦਲਿਤਾਂ ਤੋਂ ਘੱਟ ਮਾੜੀ ਉਸ ਸਮੇਂ ਵੀ ਨਹੀਂ ਸੀ।

ਦਰਅਸਲ ਬਿਹਾਰ ਦੇ ਸਰਵੇ ਅਤੇ ਕਪੂਰ ਅਤੇ ਉਨਿਆਲ ਦਾ ਅਧਿਐਨ ਅਤੇ ਨਵੇਂ ਸਰਵੇ ਦੀ ਭਾਸ਼ਾ 'ਚ ਇਕ ਬੁਨਿਆਦੀ ਫਰਕ ਹੈ। ਪਹਿਲ ਅਧਿਐਨਾਂ ਦੀ ਭਾਸ਼ਾ ਪ੍ਰਤੀਨਿਧਤਾ ਦੀ ਅਣਹੋਂਦ ਨੂੰ ਜਗ ਜ਼ਾਹਰ ਕਰਦੀ ਹੈ। ਪ੍ਰੰਤੂ ਤਾਜਾ ਸਰਵੇ ਇਹ ਵੀ ਦੱਸਦਾ ਹੈ ਕਿ ਲੋਕਤੰਤਰ ਦੇ ਚੌਥੇ ਥੰਮ ਦੇ ਸਾਰੇ ਆਦਾਰਿਆਂ ਵਿਚ ਪ੍ਰਮੁੱਖ ਅਹੁਦਿਆਂ ਉੱਤੇ ਕੌਣ ਕਾਬਜ ਹੈ। ਇਹੀ ਗੱਲ ਸਮਾਜ ਨੂੰ ਵੰਡਣ ਵਾਲੀ ਲੱਗਣ ਲੱਗੀ ਹੈ। ਪਹਿਲਾਂ ਦੇ ਸਰਵੇ 'ਤ ਰੋਣ-ਧੋਣ ਵਰਗੇ ਸੁਰ ਤੇ ਤੱਥ-ਅੰਕੜੇ ਦਾ ਖੁਲਾਸਾ ਕਰਦੇ ਰਹੇ ਤਾਂ ਬਹੁਤ ਸਾਰੇ ਲੋਕਾਂ ਨੂੰ ਕੋਈ ਪਰੇਸ਼ਾਨੀ ਨਹੀਂ ਹੋਈ। ਪ੍ਰੰਤੂ ਆਮ ਤੌਰ ਤੇ ਇਹ ਅਨੁਭਵ ਕੀਤਾ ਗਿਆ ਕਿ ਕਿਤੇ ਵੀ ਸੱਤਾ ਦੀਆਂ ਜੜ੍ਹਾਂ ਤੱਕ ਨਜ਼ਰ ਮਾਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਪਿਛਲੱਗੂ ਬਣ ਕੇ ਇਹ ਪ੍ਰਗਟਾਵਾ ਕੀਤਾ ਜਾਂਦਾ ਹੈ ਕਿ ਉਹ ਦਰਖਤ ਨੂੰ ਸੁਕਣ ਦੀ ਲਈ 'ਨਜ਼ਰ' ਲਾ ਰਹੇ ਹਨ। ਵਿਆਪਿਕ ਦਇਰਿਆ ਦੇ ਸਵਾਲਾਂ ਨੂੰ ਸੰਕੀਰਣਤਾ 'ਚ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

ਭਾਰਤੀ ਸਮਾਜ ਜਾਤੀ-ਆਧਾਰਿਤ ਵਿਵਸਥਾ ਉੱਤੇ ਵਿਕਸਿਤ ਹੋਇਆ ਹੈ। ਧਰਮ ਨੂੰ ਬਚਾਈ ਰੱਖਣ ਦੇ ਲਈ ਵੀ ਇਸ ਨੂੰ ਆਧਾਰ ਬਣਾਇਆ ਗਿਆ ਹੈ। ਜੇਕਰ ਮੀਡੀਆ 'ਚ ਲਿੰਗਿਕ ਅਤੇ ਧਾਰਮਿਕ ਸੰਸਕਾਰ ਜਿਹੜੇ ਫਿਰਕਾ ਪ੍ਰਸਤੀ ਦੇ ਰੂਪ ਵਿਚ ਵਿਕਸਤ ਹੁੰਦੇ ਹਨ ਦੇ ਪਿੱਛੇ ਸਮਾਜਿਕ ਪਿਛੋਕੜ 'ਚ ਇਕ ਸਮਾਨਤਾ ਦੇਖੀ ਜਾਂਦੀ ਹੈ। ਤਾਂ ਇਹ ਜਾਨਣ ਦੀ ਕੋਸ਼ਿਸ਼ ਕਿਉਂ ਨਹੀਂ ਕੀਤੀ ਜਾ ਸਕਦੀ ਕਿ ਇਨ੍ਹਾਂ ਸੰਸਕਾਰਾਂ ਨੂੰ ਆਧਾਰ ਦੇਣ ਵਾਲੇ ਹੋਰ ਕਈ ਸਮਾਜਿਕ ਤੱਥ ਹੋ ਸਕਦੇ ਹਨ ਜਾਂ ਨਹੀਂ। ਕੀ ਇਹ ਮਹਿਜ ਸੰਜੋਗ ਹੈ ਕਿ ਭਾਰਤੀ ਮੀਡੀਆ ਦੇ ਇਕ ਵੱਡੇ ਹਿੱਸੇ 'ਚ ਫਿਰਕਾਪ੍ਰਸ਼ਤੀ, ਲਿੰਗ ਅਤੇ ਜਾਤੀ ਸੰਸਕਾਰਾਂ ਨੂੰ ਇਕੱਠਿਆ ਦੇਖਿਆ ਜਾਂਦਾ ਹੈ। ਮੈਂ ਆਪਣੇ ਜਿਸ ਰੋਜ਼ਾਨਾ ਅਖ਼ਬਾਰ ਦੇ ਅਨੁਭਵ ਦਾ ਹਵਾਲਾ ਦਿੱਤਾ, ਉਸ 'ਚ ਇਹ ਦੋ ਗੱਲਾਂ ਹੋਰ ਜੋੜ ਲੈਣੀਆਂ ਚਾਹੀਦੀਆਂ ਹਨ।

ਪਹਿਲਾਂ ਤਾਂ ਇਹ ਕਿ ਸਾਡੇ ਨਾਲ ਬਿਊਰੋ 'ਚ ਕੋਈ ਇਸਤਰੀ ਨਹੀਂ ਸੀ। ਦੂਜੀ ਗੱਲ ਇਹ ਕਿ ਉਸਦੇ ਮਾਲਿਕ ਸੰਪਾਦਕ ਨੇ ਇਕ ਬੈਠਕ 'ਚ ਸਾਫ ਸਾਫ ਕਿਹਾ ਕਿ ਜੇਕਰ ਹਿੰਦੀ ਪੱਤਰਕਾਰੀ ਕਰਨੀ ਹੈ ਤਾਂ ਹਿੰਦੂ ਬਣ ਕੇ ਕਰਨੀ ਹੋਵੇਗੀ, ਕਿਉਂਕਿ ਉਰਦੂ 'ਚ ਮੁਸਲਮਾਨ ਬਣ ਕੇ ਪੱਤਰਕਾਰੀ ਕੀਤੀ ਜਾਂਦੀ ਹੈ। ਪੱਤਰਕਾਰੀ ਨਾਲ ਜੁੜੇ ਲੋਕ ਆਪਣੇ ਅਨੁਭਵਾਂ 'ਚ ਅੰਤਰ ਸੰਬੰਧਾ ਨੂੰ ਮਹਿਸੂਸ ਕਰਦੇ ਹਨ। ਇਸ ਸਰਵੇ ਦੇ ਨਤੀਜੇ ਦਰਅਸਲ ਜਾਤੀ ਪੱਧਰ ਸਥਿਤੀ ਦਾ ਖੁਲਾਸਾ ਨਹੀਂ ਕਰਦੇ ਬਲਕਿ ਉਸ ਤੋਂ ਕਿਤੇ ਵੱਡੇ ਸਮਾਜਿਕ ਯਥਾਰਿਥ ਨੂੰ ........... ਕਰਦੇ ਹਨ। ਮੀਡੀਆ 'ਚ ਫੈਸਲੇ ਲੈਣ ਵਾਲੇ ਆਹੁੱਦਿਆਂ ਉੱਤੇ ਹਿੰਦੂ ਉੱਚ ਜਾਤੀਆਂ ਦੇ ਮਰਦ ਦਾ ਹਿੱਸਾ 71 ਪ੍ਰਤੀਸ਼ਤ, ਜਦਕਿ ਕੁਲ ਆਬਾਦੀ 'ਚ ਉਸਦਾ ਹਿੱਸਾ



ਕੇਵਲ 8 ਪ੍ਰਤੀਸਤ ਹੈ। ਇਸਤਰੀਆਂ ਕੇਵਲ 70% ਹਨ।

ਇਥੇ ਧਿਆਨ ਦੇਣ ਵਾਲੀ ਗੱਲ ਹੈ ਕਿ ਇਸਤਰੀਆਂ ਦੀ ਤੁਲਨਾ ਬਿਹਤਰ ਸਥਿਤੀ-32% ਅੰਗ੍ਰੇਜ਼ੀ ਦੇ ਇਲੈਕਟ੍ਰੋਨਿਕ ਮੀਡੀਆ 'ਚ ਹੈ। ਕੀ ਇਹ ਮਹਿਜ ਸੰਯੋਗ ਹੈ ਕਿ ਅਧੁਨਿਕ ਲੋਕਤੰਤਰ ਦਾ ਮਖੌਟਾ 60 ਸਾਲਾਂ ਤੱਕ ਪਾਈ ਰੱਖਣ ਤੋਂ ਬਾਅਦ ਵੀ ਦਵਿਜ਼ ਹਿੰਦੂਆਂ (ਦਵਿੱਜਾਂ ਵਿਚ ਬ੍ਰਾਹਮਣ, ਕਾਇਸਥ, ਰਾਜਪੂਤ, ਵੈਸ਼ ਅਤੇ ਖੱਤਰੀ ਸਾਮਿਲ ਹਨ) ਦੀ ਮੀਡੀਆ 'ਚ ਸਥਿਤੀ ਪੁਰਾਤਨਕਲੀਨ ਸੰਸਥਾਵਾਂ ਦੇ ਵਾਂਗ ਬਰਕਰਾਰ ਹੈ। ਉਨ੍ਹਾਂ ਦੀ ਜਨਸੰਖਿਆ 16% ਹੈ, ਪ੍ਰੰਤੂ ਮੀਡੀਆਂ ਵਿਚ ਭਾਗੀਦਾਰੀ 86 % ਹੈ। ਕੇਵਲ ਬ੍ਰਾਹਮਣ (ਇਨ੍ਹਾਂ ਵਿਚ ਭੂਮੀਹਾਰ, ਤਿਆਗੀ ਵੀ ਸਾਮਿਲ ਹਨ) ਦਾ ਹਿੱਸਾ ਕਰੀਬ 50% ਹੈ। ਰਾਸਟਰੀ ਮੀਡੀਆ ਦੇ 315 ਪ੍ਰਮੁੱਖ ਅਹੁੱਦਿਆਂ ਵਿਚੋਂ ਇਕ ਉੱਤੇ ਵੀ ਦਲਿਤ ਅਤੇ ਆਦਿਵਾਸੀ ਨਹੀਂ ਹੈ। ਹੋਰ ਪਿਛੜੇ ਵਰਗਾਂ ਦਾ ਰਾਸ਼ਟਰੀ ਮੀਡੀਏ ਵਿਚ ਪ੍ਰਤੀਨਿਧਤਾ 4% ਹੈ। ਧਰਮ ਨਿਰਪੱਖ ਲੋਕਤੰਤਰ ਦੇ ਚੌਥੇ ਥੰਮ 'ਚ ਮੁਸਲਿਮ ਪ੍ਰਤੀਨਿਧਤਾ 3% ਹੈ, ਜਦਕਿ ਉਨ੍ਹਾਂ ਦੀ ਕੁੱਲ ਜਨਸੰਖਿਆ 'ਚ ਹਿੱਸੇਦਾਰੀ 13.4 % ਹੈ। ਇਸਾਈਆ ਦੀ ਪ੍ਰਤੀਨਿਧਤਾ ਮੁੱਖ ਤੌਰ 'ਤੇ ਅੰਗਰੇਜ਼ੀ ਮੀਡੀਆ ਉੱਤੇ ਹੈ। 4% ਅਹੁੱਦੇ ਉਨ੍ਹਾਂ ਦੇ ਹਿੱਸੇ ਵਿਚ ਹਨ। ਜਨਸੰਖਿਆ ਵਿਚ ਉਨ੍ਹਾਂ ਦਾ ਕੁਲ ਹਿੱਸਾ 23% ਹੈ। ਪ੍ਰਮੁੱਖ ਆਹੁਦਿਆਂ ਉਤੇ ਪਿਛੜੀ ਜਾਤੀ ਦੀਆਂ ਇਸਤਰੀਆਂ ਨਹੀਂ ਹਨ ਮੁਸਲਿਮ ਅਤੇ ਇਸਾਈ ਪਿਛੜੇ ਵੀ ਪ੍ਰਮੁੱਖ ਆਹੁਦਿਆਂ ਉੱਤੇ ਨਾ ਮਾਤਰ ਹਨ। ਸਰਵੇ ਦੇ ਨਤੀਜੇ 'ਚ ਇਸ ਤੋਂ ਵੱਧ ਮਹੱਤਵਪੂਰਨ ਸੰਕੇਤ ਇਹ ਮਿਲਦਾ ਹੈ ਕਿ ਆਉਣ ਵਾਲੇ ਸਾਲਾਂ ਵਿਚ ਵੀ ਮੀਡੀਆ ਦੇ ਪ੍ਰਮੁੱਖ ਆਹੁੱਦਿਆਂ ਦੀ ਸਮਾਜਿਕ ਪਿਛੋਕੜ 'ਚ ਕੋਈ ਤਬਦੀਲੀ ਨਹੀਂ ਹੋਣ ਜਾ ਰਹੀ। ਕਿਉਂਕਿ ਉਪਰ ਤੋਂ ਇਕ ਤੋਂ ਦਸ ਤੱਕ ਆਹੁੱਦਿਆਂ 'ਚ ਥੱਲੇ ਤੋਂ ਜਿਹੜੀਆਂ ਨਿਯੁਕਤੀਆਂ ਹੋ ਰਹੀਆਂ ਹਨ। ਉਨ੍ਹਾਂ ਦੀ ਪਹਿਲਾਂ ਹੀ ਸਮਾਜਿਕ ਤਸਵੀਰ ਦੀ ਹੀ ਗਵਾਹੀ ਹੈ।

ਤਕਨੀਤੀ ਵਿਕਾਸ ਵਿਚ ਸਮਾਜਿਕ ਪਿਛੋਕੜ ਖਤਮ ਨਹੀਂ ਹੁੰਦੇ। ਛਪਾਈ ਮਸ਼ੀਨਾ ਦੇ ਅਧੁਨਿਕ ਹੋਣ ਅਤੇ ਸਮਾਚਾਰ ਪੱਤਰਾਂ ਦੇ ਰੰਗੀਨ ਹੋਣ ਦਾ ਫਿਰਕੂ ਮਾਹੌਲ ਨੂੰ ਹੋਰ ਫਿਰਕੂ ਰੰਗ ਦੇਣ 'ਚ ਹੀ ਵਧੇਰੇ ਵਰਤੋ ਹੁੰਦੀ ਦੇਖੀ ਗਈ ਹੈ। ਸੇਟੇਲਾਇਟ ਨਾਲ ਘਰਾਂ ਉੱਤੇ ਸਮਾਚਾਰ ਦੇ ਦ੍ਰਿਸ਼ ਦਿਖਾਉਣ ਦੇ ਇਸ ਦੌਰ 'ਚ ਹੀ ਦੇਖਿਆ ਗਿਆ ਹੈ ਕਿ ਹਰਿਆਣਾ ਦੇ ਗੋਹਾਨਾ 'ਚ ਵਾਲਮੀਕੀ ਬਸਤੀ ਉੱਤੇ ਜਦੋਂ ਹਮਲਾ ਹੋਇਆ ਤਾਂ ਮੀਡੀਆ ਹਮਲਾਵਰਾਂ ਦੇ ਪੱਖ 'ਚ ਖੜਾ ਨਜ਼ਰ ਆਇਆ। ਇਸਤਰੀ ਆਪਣੀ ਆਜ਼ਾਦੀ ਦੇ ਅਰਥ ਤੋਂ ਇਸ ਮੀਡੀਆ ਨੂੰ ਸਵੀਕਾਰ ਨਹੀਂ ਕਰਦੀ, ਬਲਿਕ ਉਨ੍ਹਾਂ ਦਾ ਅਸ਼ਲੀਲਤਾ ਦੀ ਸਰਦਲ ਉਤੇ ਖੜੇ ਹੋਣ ਵਿਚ ਰੁਚੀ ਹੈ।

ਅਖਿਰ ਇਹ ਕਿਉਂ ਮੰਨਿਆ ਜਾਂਦਾ ਰਿਹਾ ਹੈ ਕਿ ਪੱਤਰਕਾਰਾਂ ਨੂੰ ਗਹਿਰੇ ਸਮਾਜਿਕ ਸਰੋਕਾਰਾਂ ਨਾਲ ਜੁੜਿਆ ਹੋਣਾ ਚਾਹੀਦਾ ਹੈ। ਇਸ ਦਾ ਸਿੱਧਾ ਜਿਹਾ ਅਰਥ ਇਹ ਹੈ ਕਿ ਇਸ ਵਿਚ ਉਸ ਦੀ ਚੇਤਨਾ ਦਾ ਪੱਧਰ ਸਧਾਰਨ ਤੋਂ ਉਪਰ ਹੋਵੇਗਾ ਅਤੇ ਉਹ ਸਮਾਜਿਕ ਸਰੋਕਾਰਾਂ ਦੇ ਆਪਣੇ ਵਿਆਪਕ ਅਨੁਭਵਾਂ ਨਾਲ ਸਮਾਜ ਦੇ ਆਮ ਪੱਧਰ ਨੂੰ ਉਨਤ ਕਰਨ ਵਿਚ ਸਹਾਇਕ ਹੋਵੇਗਾ। ਇਸ ਸਮੇਂ ਸਮਾਜਿਕ ਪਿਛੋਕੜ ਦੀ ਪੜਤਾਲ ਇਸ ਲਈ ਜ਼ਰੂਰੀ ਹੋ ਜਾਂਦੀ ਹੈ ਕਿ ਮੀਡੀਆ ਅਦਾਰਿਆਂ ਵਿਚ ਡਿਗਰੀ ਪ੍ਰਾਪਤ ਲੋਕਾਂ ਦੀ ਉੱਚੀ ਤਨਖਾਹ ਉੱਤੇ ਨਿਯੁਕਤੀ ਹੋ ਜਾਂਦੀ ਹੈ। ਉਹ ਤਕਨੀਕੀ ਤੌਰ ਤੇ ਅਧੁਨਿਕ ਹੁੰਦੇ ਹਨ। ਪ੍ਰੰਤੂ ਸਮਾਜਿਕ ਪਿਛੋਕੜ ਤੋਂ ਉਨ੍ਹਾਂ ਨੂੰ ਨਿਜ਼ਾਤ ਮਿਲਣ ਦਾ ਕੋਈ ਰਸਤਾ ਤਿਆਰ ਨਹੀਂ ਦਿਸਦਾ ਅਤੇ

ਸਹੂਲਤਾਂ ਉਨ੍ਹਾਂ ਨੂੰ ਆਪਣੀ ਸੱਤਾ ਨੂੰ ਬਚਾਉਣ ਦੇ ਲਈ ਪ੍ਰੇਰਤ ਕਰਦੀਆਂ ਰਹਿੰਦੀਆਂ ਹਨ। ਇਸ ਲਈ ਇਹ ਅਨੁਭਵ ਕੀਤਾ ਜਾ ਸਕਦਾ ਹੈ ਕਿ ਇਸ ਦੌਰ 'ਚ ਵਿਭਿੰਨ ਪੱਧਰਾਂ ਦੇ ਸਮਾਜਿਕ ਸੰਸਕਾਰ ਬੇਹੱਦ ਹਿੰਸਕ ਅਤੇ ਉਗਰ ਰੂਪ 'ਚ ਪੇਸ਼ ਹੁੰਦੇ ਹਨ। ਲੋਕਤੰਤਰ ਦੀ ਗਤੀ ਦਾ ਨਿਰਧਾਰਤ ਬਹਿਸ ਅਤੇ ...... ਤੋਂ ਹੀ ਹੁੰਦਾ ਹੈ। ਮੀਡੀਆਂ ਅਦਾਰਿਆਂ 'ਚ ਸਮਾਜਿਕ ਪਿਛੋਕੜ ਨਾਲ ਜੁੜੀ ਬਹਿਸ ਇਥੋਂ ਤੀਕ ਸੀਮਤ ਨਹੀਂ ਹੈ ਕਿ ਦੱਖਣ ਦੇ ਪ੍ਰਦੇਸ਼ਾਂ ਦੇ ਵਾਂਗ ਦੂਜੇ ਰਾਜ ਅਤੇ ਖਾਸ ਤੌਰ ਤੇ ਦਿੱਲੀ 'ਚ ਦੇਸ਼ ਦੇ ਵਧੇਰੇ ਕਰਕੇ ਪਿਛੜੇ, ਦਲਿਤ, ਆਦੀਵਾਸੀ ਜਾਤੀਆਂ, ਇਸਤਰੀਆਂ, ਧਾਰਮਿਕ ਘੱਟਗਿਣਤੀਆਂ ਦੀ ਉਨ੍ਹਾਂ ਵਿਚ ਭਾਗੀਦਾਰੀ ਵੱਧ ਜਾਵੇ। ਇਹ ਮੀਡੀਆ ਉੱਤੇ ਸਮਾਜ ਨਾਲ ਸਰੋਕਾਰ ਦੀ ਬਹਿਸ ਹੈ। ਮੀਡੀਆ 'ਚ ਖਤਮ ਹੁੰਦੇ ਲੋਕਤੰਤਰ ਕਦਰਾ-ਕੀਮਤਾਂ ਨੂੰ ਬਚਾਉਣ ਦੀ ਕੋਸ਼ਿਸ਼ ਹੈ, ਪੂੰਜੀ ਅਤੇ ਬਾਜ਼ਾਰ ਦੀ ਜਕੜਬੰਦੀ 'ਚ ਦਖਲਅੰਦਾਜੀ ਦਾ ਹਿੱਸਾ ਹੈ।

## ਰਾਸ਼ਟਰੀ ਮੀਡੀਆ ਸਰਵੇ ਉੱਤੇ ਹੋਈ ਬਹਿਸ

(ਸਰਵੇ ਦੇ ਸੰਬੰਧ 'ਚ ਸੀ. ਐਨ. ਬੀ. ਸੀ. ਟੀ. ਵੀ. 18 ਉੱਤੇ ਕਰਨ ਥਾਪਰ ਦੀ ਰਾਤ 10.30 ਵਜੇ ਦੇ ਪ੍ਰੋਗਰਾਮ 'ਚ 7 ਜੂਨ, 2006 ਨੂੰ ਹਿੰਦੁਸਤਾਨ ਟਾਈਮਜ਼ ਦੀ ਮਾਲਕਣ ਅਤੇ ਰਾਜ ਸਭਾ ਦੀ ਮੈਂਬਰ ਸ਼ੋਭਨਾ ਭਾਰਤੀਆ, ਦ ਹਿੰਦੂ ਦੇ ਸੰਪਾਦਕ ਐਨ. ਰਾਮ ਅਤੇ ਪਾਇਨੀਅਰ ਦੇ ਮਾਲਕ, ਸੰਪਾਦਕ ਅਤੇ ਰਾਜ ਸਭਾ ਦੇ ਮੈਂਬਰ ਚੰਦਨ ਮਿੱਤਰਾ ਤੋਂ ਇਲਾਵਾ ਯੋਗਿੰਦਰ ਧਾਦਵ ਦੇ ਵਿਚਕਾਰ ਇਹ ਗੱਲਬਾਤ ਪ੍ਰਸਾਰਿਤ ਹੋਈ)

ਮੈਂ ਹਾਂ ਕਰਨ ਥਾਪਰ। ਕੀ ਮੀਡੀਆ ਵਿਚ ਬ੍ਰਾਹਮਣਾਂ ਦਾ ਏਕਾ ਅਧਿਕਾਰ ਹੈ? ਸਾਡੇ ਨਾਲ ਮੀਡੀਆਂ ਦੀ ਕੁਝ ਵੱਡੀਆਂ ਹਸਤੀਆਂ ਇਸ ਬਹਿਸ ਵਿਚ ਸ਼ਾਮਿਲ ਹਨ। ਸੋਮਵਾਰ ਨੂੰ ਇਕ ਕਰਵੇ ਪ੍ਰਕਾਸ਼ਤ ਹੋਇਆ ਜਿਸ ਵਿਚ ਕਿਹਾ ਗਿਆ ਕਿ ਮੀਡੀਆ 'ਚ ਪੂਰੇ ਦੇਸ਼ ਸਮਾਜਿਕ ਚੌਖਟੇ 'ਚ ਪ੍ਰਤੀਨਿਧਤਾ ਨਹੀਂ ਮਿਲਦੀ। ਦਿੱਲੀ ਦੇ 37 ਮੀਡੀਆ ਆਦਾਰਿਆਂ ਦੇ 315 ਪ੍ਰਮੁੱਖ ਅਹੁੱਦਿਆਂ ਉੱਤੇ ਲੱਗੇ ਹੋਏ ਲੋਕਾਂ ਦੇ ਸੰਬੰਧ ਵਿਚ ਜਾਣਕਾਰੀ ਇਕੱਠੀ ਕੀਤੀ ਗਈ ਤਾਂ ਇਹ ਪਤਾ ਲੱਗਾ ਕਿ ਦੇਸ਼ ਦੀ ਜਨਸੰਖਿਆ ਦਾ 16 % ਸਵਰਨ ਹਿੰਦੂ ਮੀਡੀਆ ਦੇ 86 % ਪ੍ਰਮੁੱਖ ਅਹੁੱਦਿਆਂ ਉੱਤੇ ਕਾਬਿਜ ਹਨ ਜਦਕਿ 4 % ਪਿਛੜੇ ਵਰਗਾ ਤੋਂ ਆਉਂਦੇ ਹਨ ਅਤੇ ਦਲਿਤ ਆਦੀਵਾਸੀ ਤਾਂ ਇਕ ਵੀ ਨਹੀਂ ਹੈ। ਸਭ ਤੋਂ ਅਹਿਮ ਸਵਾਲ ਇਹ ਹੈ ਕਿ ਕੀ ਇਹ ਸੱਚ ਹੈ? ਇਸ ਨਾਲ ਮੀਡੀਆ ਦੇ ਭਰੋਸੇ ਉੱਤੇ ਸਵਾਲ ਖੜਾ ਨਹੀਂ ਹੁੰਦਾ ਹੈ? ਇਸ ਲਈ ਨੇਤਾਵਾਂ ਨੂੰ ਇਹ ਸੋਚਣਾ ਪਵੇਗਾ ਕਿ ਮੀਡੀਆ 'ਚ ਜਾਤੀ ਦੀ ਗੱਲ ਉਭਾਰਨੀ ਕਿਨੀ ਕੁ ਅਰਥ ਪੂਰਨ ਰੱਖਦੀ ਹੈ। ਸਾਡੇ ਨਾਲ ਹੈ ਸਰਵੇਖਣ ਕਰਨ ਵਾਲਿਆਂ ਵਿੱਚੋਂ ਇਕ ਯੋਗਿੰਦਰ ਯਾਦਵ, ਹਿੰਦੁਸਤਾਨ ਟਾਇਮਜ਼ ਗਰੁੱਪ ਦੀ ਮਾਲਕਿਨ ਸੋਭਨਾ ਭਾਰਤੀਆ, ਪਾਈਨਿਅਰ ਅਖਬਾਰ ਦੇ ਪ੍ਰਧਾਨ ਸੰਪਾਦਕ ਚੰਦਨ ਮਿੱਤਰਾ ਅਤੇ ਚੇਨਈ ਤੋਂ ਹਿੰਦੂ ਅਖਬਾਰ ਦੇ ਪ੍ਰਧਾਨ ਸੰਪਾਦਕ ਐਨ. ਰਾਮ।

ਕਰਨ ਥਾਪਰ ਯੋਗਿੰਦਰ ਯਾਦਵ ਨੂੰ-ਤੁਸੀਂ ਆਪਣੇ ਸਰਵੇ ਵਿਚ ਕਿਹਾ ਕਿ ਮੀਡੀਆ 'ਚ ਦੇਸ਼ ਦੇ ਸਮਾਜਿਕ ਤਾਣੇ-ਬਾਣੇ 'ਚ ਫਰਕ ਹੈ। ਤੁਸੀਂ ਇਸ ਫੈਸਲੇ 'ਤੇ ਕਿਵੇਂ ਪਹੁੰਚੇ?

ਯੋਗਿੰਦਰ ਯਾਦਵ-ਅਸੀਂ ਲੋਕਾਂ ਨੇ 37 ਪੱਤਰ-ਪੱਤਕਾਵਾਂ ਅਤੇ ਚੈਨਲਾਂ ਦੇ ਉਪਰਲੇ ਦਸ ਪ੍ਰਮੁੱਖ ਅਹੁੱਦਿਆਂ ਉੱਤੇ ਸਰਵੇ ਕੀਤਾ। ਇਹ ਸੰਸਥਾਵਾਂ ਆਪਣੇ ਆਪ ਨੂੰ ਰਾਸ਼ਟਰੀ



ਕਹਿੰਦੀਆਂ ਹਨ ਅਤੇ ਉਨ੍ਹਾਂ ਦੀ ਤੁਲਨਾ ਅਸੀਂ ਦੇਸ਼ ਦੀ ਸਮਾਜਿਕ ਸੰਰਚਨਾ ਤੋਂ ਕੀਤੀ ਹੈ। ਅਤੇ ਇਸ ਦਾ ਸਾਫ ਸਾਫ ਉੱਤਰ ਇਹ ਹੈ ਕਿ ਹਰ ਛੇਵਾ ਵਿਅਕਤੀ ਉੱਚੀ ਜਾਤੀ ਦਾ ਹਿੰਦੂ ਹੈ। ਅਤੇ ਮੀਡੀਆ 'ਚ ਇਨ੍ਹਾਂ ਦੀ ਸੰਖਿਆ 86 ਪ੍ਰਤੀਸ਼ਤ ਹੈ।

ਕਰਨ ਥਾਪਰ-ਸਰਵੇ ਦੇ ਤੱਥ, ਸਿੱਟੇ ਅਤੇ ਨਤੀਜੇ ਉੱਤੇ ਵਿਸ਼ਵਾਸ ਕਰਨ ਤੋਂ ਪਹਿਲਾਂ ਮੈਂ ਇਹ ਜਾਨਣਾ ਚਾਹੁੰਦਾ ਹਾਂ ਕਿ ਆਪਣੇ ਮੀਡੀਆ ਦੇ ਅਦਾਰਿਆਂ ਨਾਲ ਸਿੱਧੀ ਗੱਲ ਬਾਤ ਕੀਤੀ ਜਾਂ ਕੋਈ ਹੋਰ ਤਰੀਕਾ ਲੱਭਿਆ?

ਜੋਗਿੰਰਦ ਯਾਦਵ-ਨਹੀਂ, ਅਸੀਂ ਸਰਵੇਖਣ ਕਰਨ ਵਾਲਿਆਂ ਨੂੰ ਭੇਜਿਆ ਜਿਵੇਂ ਆਮ ਤੌਰ ਤੇ ਹੁੰਦਾ ਹੈ ਅਤੇ ਉਹ ਸਾਡੇ ਸਹਿਯੋਗੀ ਸਨ। ਅਸੀਂ ਦਫ਼ਤਰ ਦੇ ਲੋਕਾਂ ਦੀਆਂ ਭਾਵਨਾਵਾਂ ਦਾ ਪਤਾ ਕੀਤੀ। ਅਸੀਂ ਕਿਸੇ ਨੂੰ ਸਿੱਧਾ ਉਸ ਦੀ ਜਾਤੀ ਤਾਂ ਪੁੱਛ ਨਹੀਂ ਸੀ ਸਕਦੇ ਪ੍ਰੰਤੂ ਕੁਝ ਸੰਸਥਾਵਾਂ ਦਾ ਰਵੱਈਆ ਕਾਫੀ ਹਾਂ ਪੱਖੀ ਰਿਹਾ। ਹਾਂ ਅਸੀਂ ਸਭ ਨੂੰ ਨਹੀਂ ਪੁੱਛਿਆ।

ਕਰਨ ਥਾਪਰ-ਇਸ 'ਚ ਸਾਮਾਨਤਾ ਤੋਂ ਵਧੇਰੇ ਦੋਸ਼ ਹੋ ਸਕਦੇ ਹਨ। ਪ੍ਰੰਤੂ ਜੇਕਰ ਅਸੀਂ 86 % ਸਵਰਨ ਅਤੇ 4% ਹੋਰ ਪੱਛੜੇ (ਓ. ਬੀ. ਸੀ।) ਨੂੰ ਦੇਖੀਏ ਤਾਂ 86 ਬਨਾਮ 4 % ਬਣਦਾ ਹੈ। ਇਸ ਲਈ ਦੋਸ਼ 3-4 % ਤੋਂ ਵਧੇਰੇ ਨਹੀਂ ਹੋ ਸਕਦਾ ਹੈ।

ਕਰਨ ਥਾਪਰ ਸ਼ੋਭਨਾ ਭਾਰਤੀਆ ਨੂੰ-ਮੈਂ ਸਰਵੇ ਦੇ ਪਹਿਲੇ ਹਿੱਸੇ ਉੱਤੇ ਗੱਲ ਕਰਦਾ ਹਾਂ। ਕੀ ਮੀਡੀਆ 'ਚ ਜਾਤੀ ਦੇ ਅਨੁਪਾਤ 'ਚ ਉਹੀ ਹਿੱਸੇਦਾਰੀ ਮਿਲਣੀ ਚਾਹੀਦੀ ਜਿਨੀ ਸਾਡੇ ਦੇਸ਼ ਦੀ ਸਾਰੀ ਜਾਤੀ ਜਾਂ ਵਰਗਾ ਦੀ ਹਿੱਸੇਦਾਰੀ ਹੈ? ਲੋਕਤੰਤਰ ਦੀ ਬੇਹਤਰੀ ਦੇ ਲਈ ਅਜਿਹਾ ਕਰਨਾ ਚਾਹੀਦਾ ਹੈ ਅਤੇ ਉਸਦਾ ਕੀ ਨਤੀਜਾ ਨਿਕਲਿਆ।

ਸੋਭਨਾ ਭਾਰਤੀਆ-ਗਿਆਨ ਦੇ ਖੇਤਰ ਵਿਚ ਇਸ ਤਰ੍ਹਾਂ ਦਾ ਸਰਵੇਖਣ ਫ਼ਜ਼ੂਲ ਹੈ ਕਿਉਂਕਿ ਇਸ 'ਚ ਕੁਸ਼ਲਤਾ ਦੀ ਜ਼ਰੂਰਤ ਹੁੰਦੀ ਹੈ। ਯਾਦਵ ਜੀ ਦੇ ਇਸ ਸਰਵੇ ਨੂੰ ਲੈ ਕੇ ਮੇਰੇ ਆਪਣੇ ਵਿਚਾਰ ਹਨ। ਸਰਵੇਖਣ 'ਚ ਕੇਵਲ 10 ਵੱਡੇ ਆਹੁਦਿਆਂ 'ਤੇ ਬੈਠੇ ਲੋਕਾਂ ਦੇ ਸੰਬੰਧ 'ਚ ਗੱਲ ਕੀਤੀ ਗਈ ਹੈ। ਇਹ ਮੀਡੀਆਂ ਦੇ ਸੰਬੰਧ ਵਿਚ ਸੰਪੂਰਣਤਾ ਦੀ ਗੱਲ ਨਹੀਂ ਕਰ ਰਹੇ ਹਨ ਅਤੇ ਇਸ ਸਰਵੇਖਣ ਵਿਚ ਜਿਨ੍ਹਾਂ ਵਿਚ ਤੁਸੀਂ 40 ਆਦਾਰਿਆਂ ਨਾਲ ਗੱਲ ਬਾਤ ਕੀਤੀ ਅਤੇ ਕੇਵਲ 37 ਆਦਾਰਿਆ ਨੇ ਜਵਾਬ ਦਿੱਤਾ। ਜਿਨ੍ਹਾਂ ਲੋਕਾਂ ਨੇ ਸਰਵੇ ਕੀਤਾ ਉਨ੍ਹਾਂ ਨੇ ਸਵਾਲ ਨਹੀਂ ਭੇਜੇ ਅਤੇ ਜੋ ਤਥਾ ਕਥਿਤ ਪੱਤਰਕਾਰ ਹਨ ਉਨ੍ਹਾਂ ਦੇ ਅਧਾਰ ਤੇ ਉਨ੍ਹਾਂ ਜਾਤੀ ਬਣਾ ਲਈ। ਅਤੇ ਦੂਜੀ ਗੱਲ ਜੇ ਕਿਸੇ ਦੇ ਨਾਂ ਨਾਲ ਸਿੰਘ ਲਿਖਿਆ ਹੈ ਠਾਕੁਰ ਹੈ, ਤਾਂ ਉਹ ਠਾਕੁਰ ਰਾਜਪੂਤ ਵੀ ਹੋ ਸਕਦਾ ਹੈ, ਜੱਟ ਵੀ ਹੋ ਸਕਦਾ ਹੈ, ਜੱਟ ਸਿੱਖ ਵੀ ਹੋ ਸਕਦਾ ਹੈ, ਦਲਿਤ ਸਿੱਖ ਵੀ ਹੋ ਸਕਦਾ ਹੈ, ਮੁਲਾਇਮ ਦੇ ਵਾਂਗ ਓ. ਬੀ. ਸੀ. ਵੀ ਹੋ ਸਕਦਾ ਹੈ। ਕੁਝ ਟਾਈਟਲ ਤਾਂ ਅਜਿਹੇ ਹੁੰਦੇ ਹਨ ਕਿ ਉਸ ਤੋਂ ਪਤਾ ਹੀ ਨਹੀਂ ਚੱਲਦਾ ਹੈ। ਕੇਵਲ 'ਸਰਨੇਮ' ਨਾਲ ਕੰਮ ਨਹੀਂ ਚਲਦਾ ਹੈ, ਪ੍ਰਸਾਦ ਕਿਸੇ ਥਾਂ ਓ. ਬੀ. ਸੀ. ਹੈ ਤਾਂ ਕਿਤੇ ਕਾਇਸਥ।

ਜੋਗਿੰਦਰ ਯਾਦਵ-ਹਾਂ, ਇਹ ਬਹੁਤ ਹੀ ਬਰੀਕ ਸਮੱਸਿਆ ਹੈ ਅਤੇ ਇਹ ਵੀ ਸਹੀ ਹੈ ਕਿ ਅਸੀਂ ਸਿੱਧੇ ਤੌਰ ਤੇ ਆਦਾਰਿਆ ਨਾਲ ਸੰਪਰਕ ਨਹੀਂ ਕੀਤਾ ਅਤੇ ਰੁਟੀਨ ਸਰਵੇ ਨਹੀਂ ਕੀਤਾ। ਪ੍ਰੰਤੂ ਇਹ ਵੀ ਐਨਾ ਹੀ ਸਹੀ ਹੈ ਕਿ ਅਸੀਂ ਕੇਵਲ 'ਸਰਨੇਮ' ਨੂੰ ਦੇਖ ਕੇ ਫੈਸਲਾ ਨਹੀਂ ਕੀਤਾ ਹੈ। ਇਹ ਤੁਹਾਡੇ ਸੰਗਠਨ 'ਦੈਨਿਕ ਹਿੰਦੁਸਤਾਨ' ਦੀ ਸੂਚੀ ਹੈ। ਜਿਸ ਵਿਚ ਇਕ ਹੀ ਜਾਤੀ ਹੈ ਦਸ ਲੋਕ ਉਪਰ ਤੋਂ ਥੱਲੇ ਲੱਗੇ ਹੋਏ ਹਨ ਅਤੇ ਇਹ ਪਹਿਲਾ ਆਦਾਰਾ ਹੈ ਜਿੱਥੇ ਦਸ ਦੇ ਦਸ ਸਾਰੇ ਨਾ ਕੇਵਲ ਸਵਰਨ ਹਨ ਬਲਕਿ ਬ੍ਰਾਹਮਣ ਹਨ। ਹੁਣ ਤੁਸੀਂ ਦੱਸੋ ਕੀ

ਇਹ ਠੀਕ  ਨਹੀਂ ਹੈ?

ਸੋਭਨਾ ਭਾਰਤੀਆ-ਇਹ ਇਕਦਮ ਕਹਿਣਾ ਠੀਕ ਨਹੀਂ ਕਿ ਇਹ ਠੀਕ ਹੈ ਜਾਂ ਗਲਤ। ਕਿਉਂਕਿ ਸਭ ਤੋਂ ਪਹਿਲੀ ਗੱਲ ਤਾਂ ਇਹ ਹੈ ਕਿ ਜਦ ਅਸੀਂ ਲੋਕਾਂ ਨੂੰ ਨਿਯੁਕਤ ਕਰਦੇ ਹਾਂ ਤਾਂ ਉਨ੍ਹਾਂ ਦੀ ਜਾਤੀ ਨਹੀਂ ਦੇਖਦੇ ਹਾਂ ਕਿ ਉਹ ਵਿਅਕਤੀ ਬ੍ਰਾਹਮਣ ਹਨ, ਕਾਇਸਥ ਹੈ ਜਾਂ ਦਲਿਤ ਹੈ। ਅਤੇ ਕਦੇ ਇਸ ਨੂੰ ਅਹਿਮੀਅਤ ਵੀ ਨਹੀਂ ਦਿੱਤੀ। ਪ੍ਰੰਤੂ ਮੈਂ ਯਕੀਨਨ ਤੌਰ ਤੇ ਇਸ ਸਰਵੇ ਦੇ ਸੰਬੰਧ ਵਿਚ ਜਾਂਚ ਕਰਾਗੀ ਕਿ ਇਹ ਠੀਕ ਹੈ ਜਾਂ ਨਹੀਂ।

ਕਰਨ ਥਾਪਰ ਐਨ. ਰਾਮ ਨੂੰ-ਚੋਟੀ ਦੇ ਜੋ ਦਸ ਵਿਅਕਤੀ ਹਨ ਕੀ ਉਹ ਆਪ ਦੇ ਅਖਬਾਰ 'ਹਿੰਦੂ' 'ਚ ਦਿਸਦੇ ਹਨ? ਅਜੇ ਸੋਭਨਾ ਜੀ ਨੇ ਜੋ ਸਵਾਲ ਕੀਤਾ ਕਿ ਕੇਵਲ 10 ਤੋਂ ਪਤਾ ਲਾਉਣਾ ਮੁਸ਼ਕਲ ਹੈ। ਕੀ ਸੱਚਮੁੱਚ 10 ਨੂੰ ਦੇਖ ਕੇ ਦੱਸਿਆ ਜਾ ਸਕਦਾ ਹੈ? ਆਪਣੇ ਅਖ਼ਬਾਰ ਨੂੰ ਦੇਖ ਕੇ ਇਹ ਠੀਕ ਲੱਗਦਾ ਹੈ ਜਾ ਗਲਤ?

ਐਨ. ਰਾਮ-ਸਾਡੇ ਉੱਥੇ ਇਸਾਈਆਂ ਦੇ ਇਲਾਵਾ ਵੀ ਕੁਝ ਲੋਕਾਂ ਨੂੰ ਪ੍ਰਮੁੱਖ ਸੰਪਾਦਕੀ ਫੈਸਲਾ ਲੈਣ ਵਾਲਿਆਂ ਵਿਚ ਸ਼ਾਮਿਲ ਕੀਤਾ ਗਿਆ ਹੈ। ਪ੍ਰੰਤੂ ਮੈਂ ਮੁੱਖ ਮੁੱਦੇ ਉੱਤੇ ਪਰਤਦਾ ਹਾਂ। ਮੈਂ ਪੂਰੀ ਤਰ੍ਹਾਂ ਸੋਭਨਾ ਵੱਲੋਂ ਸਰਵੇ ਦੀ ਪ੍ਰਸੰਗਕਤਾ ਉੱਤੇ ਉਠਾਏ ਗਏ ਸਵਾਲਾ ਤੋਂ ਅਸਹਿਮਤ ਹਾਂ। ਸਾਨੂੰ ਅਮਰੀਕਨ ਸੋਸਾਇਟੀ ਆਫ ਨਿਊਜ ਪੇਪਰ ਐਡੀਟਰ ਦੇ ਵਲੋਂ 1978 ਤੋਂ ਚਲਾਏ ਜਾ ਰਹੇ ਪ੍ਰੋਗਰਾਮ ਦੇ ਪ੍ਰਭਾਵ ਨੂੰ ਧਿਆਨ ਨਾਲ ਦੇਖਣਾ ਚਾਹੀਦਾ ਹੈ। ਉਨ੍ਹਾਂ ਨੇ ਅਜਿਹਾ ਸੋਚਿਆ ਕਿ ਸਮਾਜਿਕ ਭਿੰਨਤਾ ਤਾਂ ਜਨਸੰਖਿਆ ਦੇ ਅਨੁਪਾਤ 'ਚ ਦਿਸਣੀ ਜ਼ਰੂਰੀ ਹੈ। ਇਸ ਦੀ ਮੈਂ ਉਦਾਹਰਣ ਦੇਣੀ ਚਾਹੁੰਦਾ ਹਾਂ ਅਮਰੀਕਾ ਜਨਸੰਖਿਆ ਦਾ ਇਕ ਤਿਹਾਈ (33%) ਘੱਟ ਗਿਣਤੀ ਹੈ ਅਤੇ ਸਮਾਚਾਰ ਪੱਤਰਾਂ ਵਿਚ ਜਨਸੰਖਿਆ ਹੇਠ ਲਿਖੀ ਹੈ-

| | |
|---|---|
| ਦ ਨਿਊਯਾਰਕ ਟਾਈਮਜ਼ | 19% (1978 'ਚ 3 %) |
| ਦ ਵਸਿੰਗਟਿਨ ਪੋਸਟ | 23% |
| ਦ ਵਾਲ ਸਟ੍ਰੀਟ ਜੱਸਰਨ | 17,7% |
| ਦ ਲਾਂਸ ਏਂਜੇਲ ਟਾਈਮਜ਼ | 18,6% |

ਕਰਨ ਥਾਪਰ-ਕੀ ਮੈਂ ਤੁਹਾਨੂੰ ਰੋਕਾ? ਤੁਹਾਡੇ ਆਪਣੇ ਅਖ਼ਬਾਰ ਵਿਚ ਇਸਦਾ ਕੀ ਅਨੁਪਾਤ ਹੈ?

ਐਨ. ਰਾਮ-ਮੈਨੂੰ ਇਸ ਸੰਬੰਧੀ ਦੇਖਣਾ ਪਵੇਗਾ? ਪ੍ਰੰਤੂ ਯਾਦਵ ਇਹ ਜਿਹੜਾ ਤੁਸੀਂ ਸਰਵੇ ਕੀਤਾ ਹੈ ਉਹ ਬਹੁਤ ਹੀ ਉਪਯੋਗੀ ਹੈ। ਹੋ ਸਕਦਾ ਹੈ ਅਨੁਪਾਤ ਉਹੀ ਹੋਵੇ।

ਕਰਨ ਥਾਪਰ-ਕੀ ਤੁਸੀਂ ਜਨਸੰਖਿਆ ਦੇ ਅਨੁਪਾਤ ਵਿੱਚ ਐਨੀ ਘੱਟ ਪ੍ਰਤੀਨਿਧਤਾ ਦੇਖ ਕੇ ਅਸਹਿਜ ਮਹਿਸੂਸ ਨਹੀਂ ਕਰ ਰਹੇ ਹੋ?

ਐਨ. ਰਾਮ-ਮੈਂ ਇਸ ਗੱਲ ਤੋਂ ਕਈ ਸਾਲਾਂ ਤੋਂ ਜਾਣਦਾ ਹਾਂ। ਇਸ ਲਈ ਇਹ ਸਰਵੇ ਮੇਰੇ ਲਈ ਤ੍ਰਬਕਣ ਵਾਲਾ ਨਹੀਂ ਕਿ ਇਕ ਵੀ ਦਲਿਤ ਫੈਸਲਾ ਲੈਣ ਵਾਲਾ ਨਹੀਂ ਹੈ। ਇਸ ਸਰਵੇਖਣ ਨੂੰ ਬਹੁਤ ਪਾਰਦਰਸ਼ੀ ਹੋ ਕੇ ਦੇਖਣਾ ਚਾਹੀਦਾ ਹੈ। ਅਤੇ ਇਸ ਸਰਵੇਖਣ ਦੇ ਸੰਦਰਭ ਵਿਚ ਸਾਨੂੰ ਵੀ ਅਮਰੀਕਾ ਮੀਡੀਆ ਸੰਗਠਨਾਂ ਦੇ ਵਾਂਗ ਕੰਮ ਕਰਨਾ ਚਾਹੀਦਾ।

ਵੰਦਨਾ ਮਿੱਤਰਾ ਨੂੰ ਕਰਨ ਥਾਪਰ- ਐਨ.ਰਾਮ ਨੇ ਇਕ ਅਹਿਮ ਗੱਲ ਕੀਤੀ ਹੈ ਕਿ ਜਨਸੰਖਿਆ ਦੇ ਅਨੁਪਾਤ ਨਾਲ ਸਮਾਜਿਕ ਤਸਵੀਰ ਅਖ਼ਬਾਰ ਵਿਚ ਦਿਸਣੀ ਚਾਹੀਦੀ ਹੈ।



ਮੈਂ ਇਕ ਸਵਾਲ ਪੁੱਛਣਾ ਚਾਹੁੰਦਾ ਹਾਂ। ਜੇਕਰ ਐਂਗਲਜ਼ ਉਦਯੋਗਪਤੀ ਹੋ ਕੇ ਅਤੇ ਲੈਨਿਨ ਸਾਮਰਾਜਪ੍ਰਸਤ ਸਿਵਿਲ ਉੱਚ ਅਧਿਕਾਰੀ ਹੋ ਕੇ ਅਤੇ ਏਥੇ ਜੋਤੀ ਬਾਸੂ ਜਾਂ ਇੰਦਰਜੀਤ ਗੁਪਤਾ ਉੱਚ ਜਾਤੀ ਦੇ ਹੋ ਕੇ ਮਜ਼ਦੂਰਾਂ ਦੇ ਮਸੀਹਾ ਬਣ ਸਕਦੇ ਹਨ, ਕਮਿਊਨਿਸਟ ਭਾਵਨਾਵਾਂ ਨੂੰ ਉਭਾਰ ਸਕਦੇ ਹਨ ਤਾਂ ਕਿਉਂ ਨਹੀਂ ਬ੍ਰਾਹਮਣ ਅਤੇ ਖੱਤਰੀ ਪੱਤਰਕਾਰੀ 'ਚ ਸਭ ਦੀਆਂ ਭਾਵਨਾਵਾਂ ਨੂੰ ਪੂਰਾ ਕਰ ਸਕਦੇ ?

ਯੋਗਿੰਦਰ ਯਾਦਵ ਵਿਚਕਾਰੋ ਰੋਕ ਕੇ-ਭਾਰਤ 'ਚ ਸਵ. ਸੁਰਿੰਦਰ ਪ੍ਰਤਾਪ ਸਿੰਘ ਇਸਦੀ ਚੰਗੀ ਉਦਾਰਣ ਹੈ। ਮੈਂ ਤੁਹਾਡੇ ਸਵਾਲ ਨਾਲ ਸਹਿਮਤ ਹਾਂ। ਲੋਹੀਆ ਅਤੇ ਕਿਸ਼ਨ ਪਟਨਾਇਕ ਨੇ ਰਾਂਖਵੇਂਕਰਣ ਦੀ ਮੰਗ ਕੀਤੀ ਕਿ ਉਹ ਪਿਛੜੇ ਨਹੀਂ ਸੀ। ਸੁਰਿੰਦਰ ਪ੍ਰਤਾਪ ਸਿੰਘ ਨੇ ਰਾਂਖਵੇਂਕਰਣ ਦੀ ਹਮਾਇਤ ਕੀਤੀ ਕੀ ਉਹ ਪੱਛੜੇ ਨਹੀਂ ਸੀ। ਸਵਾਲ ਇਹ ਹੈ ਕਿ ਜਾਤੀ ਆਪਣੇ ਵਿਚਾਰ ਬਣਾਉਂਦੀ ਹੈ, ਮਾਫ ਕਰਨਾ। ਮੇਰਾ ਕਹਿਣਾ ਹੈ ਕਿ ਮੀਡੀਆ ਦੀ ਜਾਤੀ-ਪਾਤੀ ਸੰਰਚਨਾ ਇਹ ਹੈ ਬਸ।

ਚੰਦਨ ਮਿੱਤਰਾ- ਮੇਰਾ ਕਹਿਣਾ ਹੈ ਕਿ ਇਹ ਸਰਵੇ ਵਾਧੂ ਦੀ ਫੁੱਟ ਪਾਉਣ ਵਾਲਾ ਅਤੇ ਮੀਡੀਆ ਨੂੰ ਕਮਜੋਰ ਕਰਨ ਵਾਲਾ ਹੈ, ਉਸ ਮੀਡੀਆ ਨੂੰ, ਜਿਸਨੇ ਭਾਰਤੀ ਲੋਕਤੰਤਰ ਨੂੰ ਮਜਬੂਤ ਕਰਨ 'ਚ ਅਹਿਮ ਭੂਮਿਕਾ ਨਿਭਾਈ ਹੈ। ਮੇਰਾ ਮੰਨਣਾ ਹੈ ਕਿ ਮੇਰੀ ਜਵਾਬ ਦੇਹੀ ਪਾਠਕ ਦੇ ਪ੍ਰਤੀ ਹੈ ਨ ਕਿ ਦਲਿਤ, ਪਿਛੜੇ ਦੇ ਪ੍ਰਤੀ ਮੈਨੂੰ ਇਸ ਗੱਲ ਦਾ ਬੇਹੱਦ ਅਫਸੋਸ ਹੈ ਕਿ ਇਹ ਜੋਗਿੰਦਰ ਯਾਦਵ ਨੇ ਸਾਡੇ ਅਖਬਾਰ 'ਪਾਈਨੀਅਰ' ਨਾਲ ਸੰਪਰਕ ਨਹੀਂ ਕੀਤਾ ਜਿਸਦੇ ਸਹਾਇਕ ਸੰਪਾਦਕਾਂ 'ਚ ਦਲਿਤ ਵੀ ਹਨ। ਪਾਈਨੀਅਰ' ਪਹਿਲਾ ਅਖ਼ਬਾਰ ਹੈ ਜਿਸ 'ਚ 'ਦਲਿਤ ਡਾਇਰੀ' ਛਪਦੀ ਹੈ। ਮੇਰੇ ਅਖ਼ਬਾਰ ਦਾ ਮੰਨਣਾ ਹੈ ਕਿ ਸਮਾਜ ਦੇ ਸਾਰੇ ਵਰਗ ਨੂੰ ਪੂਰਾ ਅਤੇ ਬਰਾਬਰੀ ਦਾ ਅਧਿਕਾਰ ਮਿਲਣਾ ਚਾਹੀਦਾ ਹੈ। ਜੇ ਕੋਈ ਵੀ ਨੌਕਰੀ ਦੇ ਲਈ ਬੇਨਤੀ ਪੱਤਰ ਭੇਜੇਗਾ ਉਸ ਨੂੰ ਯੋਗਤਾ ਦੇ ਅਧਾਰ ਉੱਤੇ ਨੌਕਰੀ ਮਿਲੇਗੀ ਨਾ ਕਿ ਜਾਤੀ ਦੇ ਅਧਾਰ ਉੱਤੇ। ਅਤੇ ਹਾਂ ਗਿਆਨ ਦੇ ਖੇਤਰ ਵਿਚ ਮੈਂ ਜਾਤੀ ਦੇ ਆਧਾਰ ਉੱਤੇ ਰਾਂਖਵੇਂਕਰਣ ਦੇ ਖਿਲਾਫ਼ ਹਾਂ।

ਸੋਭਨਾ ਨੂੰ ਥਾਪਰ-ਮੈਂ ਤੁਹਾਨੂੰ ਇਕ ਸਵਾਲ ਪੁੱਛਦਾ ਹਾਂ। ਤੁਸੀਂ ਕਹਿੰਦੇ ਹੋ ਕਿ 'ਹਿੰਦੁਸਤਾਨ ਟਾਈਮਜ਼' 'ਚ ਨੌਕਰੀ ਚਾਹੁੰਣ ਵਾਲੇ ਲੋਕਾਂ ਦੀ ਜਾਤੀ ਦੇ ਬਾਰੇ ਵਿਚ ਧਿਆਨ ਨਹੀਂ ਦਿੱਤਾ ਜਾਂਦਾ ਹੈ। ਇਸ ਲਈ ਉਥੇ ਕਿਸੇ ਤਰ੍ਹਾਂ ਦੀ ਜਾਤੀ ਦੀ ਲੋੜ ਨਹੀਂ। ਸਰਵੇਖਣ ਦੇ ਅਨੁਸਾਰ 86 % ਦਵਿੱਜ ਹਨ, ਜਿਸ ਵਿਚ ਇਕੱਲੇ 49 % ਬ੍ਰਾਹਮਣ ਹਨ ਅਤੇ 4 % ਪਿਛੜੇ ਹਨ, ਦਲਿਤ-ਆਦੀਵਾਸੀ ਇਹ ਵੀ ਨਹੀਂ ਹਨ। ਕੀ ਤੁਹਾਨੂੰ ਲੱਗਦਾ ਹੈ ਕਿ ਇਸ ਵਿਚ ਤਬਦੀਲੀ ਦੀ ਲੋੜ ਹੈ।

ਸੋਭਨਾ-ਮੈਂ ਤਾਂ ਜਾਣਕਾਰੀ ਵੀ ਨਹੀਂ ਲੈਣਾ ਚਹੁੰਗੀ। ਕੁਝ ਦੇਰ ਲਈ ਮੰਨ ਲਓ ਕਿ ਕਿ ਮੈਂ ਸਰਵੇਂਖਣ ਨੂੰ ਮੰਨ ਲੈਂਦੀ ਹਾਂ ਤਾਂ ਮੇਰਾ ਪਹਿਲਾ ਸਵਾਲ ਹੈ ਕਿ ਆਪ ਕਿਸੇ ਦਸ ਮਹੱਤਵਪੂਰਣ ਫੈਸਲੇ ਲੈਣ ਵਾਲੇ ਦੀ ਗੱਲ ਮੰਨਦੇ ਹੋ? ਉਪਰ ਦੇ ਦਸ ਲੋਕਾਂ ਨੂੰ ਤੁਸੀਂ ਫੈਸਲੇ ਲੈਣ ਵਾਲੇ ਮੰਨਦੇ ਹੋ। ਪ੍ਰੰਤੂ ਵਿਚਕਾਰ ਦੇ ਪੱਧਰ ਤੋਂ ਹੋਰ ਥੱਲੇ ਦੇ ਪੱਧਰ ਦੇ ਜੋ ਲੋਕ ਹਨ ਉਨ੍ਹਾਂ ਨੂੰ ਆਪਣੇ ਆਪਣੇ ਵਿਭਾਗ ਜਾਂ ਪੇਜ ਉੱਤੇ ਖੁਦ ਫੈਸਲੇ ਲੈਣਾ ਦਾ ਅਧਿਕਾਰ ਹੁੰਦਾ ਹੈ। ਤੁਸੀਂ ਦਿੱਲੀ ਦੇ ਹਿੰਦੁਸਤਾਨ ਟਾਈਮਜ਼ ਨੂੰ ਲੈ ਲਓ ਜਿਸ ਦਾ ਸਰਵੇ ਕੀਤਾ ਗਿਆ। ਮੈਂ ਤੁਹਾਨੂੰ ਦਾਅਵੇ ਨਾਲ ਕਹਿ ਸਕਦਾ ਹਾਂ ਜੇ ਕਰ ਤੁਸੀਂ ਏਥੋਂ ਦੇ ਬਾਹਰਲੇ ਸੰਸਕਰਣ ਜਿਵੇਂ ਬਿਹਾਰ, ਉਤਰ ਪ੍ਰਦੇਸ਼ ਝਾਰਖੰਡ ਨੂੰ ਦੇਖੋਂ ਤਾਂ ਤੁਹਾਨੂੰ ਪਤਾ ਲੱਗੇਗਾ ਕਿ ਉਥੇ ਇਸ ਤੋਂ ਉਲਟ ਹੋ ਰਿਹਾ

ਹੈ। ਤੁਸੀਂ ਇਸ ਦੀਆਂ ਜੜ੍ਹਾਂ ਤੀਕ ਜਾਵੋਗੇ ਤਾਂ ਪਤਾ ਲੱਗੇਗਾ ਕਿ ਅੱਜ ਸਥਿਤੀ ਕਿਉਂ ਅਜਿਹੀ ਹੈ? ਅੱਜ ਦੇ ਦੌਰ ਵਿਚ ਉਤਰ ਪ੍ਰਦੇਸ਼ ਅਤੇ ਬਿਹਾਰ ਦੇ ਵਧੇਰੇ ਕਰਕੇ ਓ. ਬੀ. ਸੀ. ਖੇਤਰੀ ਭਾਸ਼ਾ (ਹਿੰਦੀ) ਵਿਚ ਸਿੱਖਿਆ ਪ੍ਰਾਪਤ ਕਰਦੇ ਹਨ। ਅਤੇ ਇਹੀ ਤੁਹਾਨੂੰ ਦਿੱਲੀ ਵਿਚ ਦਿਸਦਾ ਹੈ। ਇਹ ਬਹੁਤ ਸੀਮਤ ਸਰਵੇਖਣ ਹੈ। ਅਸੀਂ ਜਾਣਦੇ ਹਾਂ ਕਿ ਮੀਡੀਆ ਗਿਆਨ ਦਾ ਖੇਤਰ ਹੈ ਅਤੇ ਕੋਈ ਵੀ ਫੈਸਲਾ ਨੀਤੀ ਦੇ ਤਹਿਤ ਲੈਂਦਾ ਹੈ। ਫ਼ੈਸਲਾ ਸਾਰੇ ਪਾਠਕਾ ਦੇ ਪ੍ਰਤੀ ਜਵਾਬ ਦੇਹ ਹੈ। ਮੈਨੂੰ ਤਾਂ ਇਹ ਕਦੇ ਨਹੀਂ ਲੱਗਦਾ ਕਿ ਮੀਡੀਆ 'ਚ ਇਸ ਤਰ੍ਹਾਂ ਕੋਈ ਸਵਾਲ ਖੜਾ ਕਰੇ। ਸਾਨੂੰ ਵੱਧ ਤੋਂ ਵੱਧ ਬਰਾਬਰੀ ਦੇ ਲਈ ਕੋਸ਼ਿਸ਼ ਕਰਨੀ ਚਾਹੀਦੀ ਹੈ। ਸਾਨੂੰ ਧਰਮ ਦੇ ਆਧਾਰ ਉੱਤੇ ਕੁਝ ਤਬਦੀਲੀ ਦੀ ਜ਼ਰੂਰਤ ਹੁੰਦੀ ਹੈ ਪ੍ਰੰਤੂ ਜਾਤ ਦੇ ਆਧਾਰ ਉੱਤੇ ਤਾਂ ਕਦੀ ਵੀ ਨਹੀਂ।

ਕਰਨ ਥਾਪਰ-ਤੁਸੀਂ ਸੁਚੇਤ ਹੋ ਕੇ ਇਸਤਰੀਆਂ ਅਤੇ ਘੱਟਗਿਣਤੀ ਨੂੰ ਨੌਕਰੀ ਦੇਵੋਗੇ ਤਾਂ ਕਿੰਨੀਆਂ ਇਸਤਰੀਆਂ ਆ ਗਈਆਂ।

ਸ਼ੋਭਨਾ-ਅਤੇ ਉਸ ਤਰ੍ਹਾਂ ਇਸਤਰੀਆਂ ਅਤੇ ਘੱਟਗਿਣਤੀਆਂ ਵੀ। ਯੋਗਤਾ ਨੂੰ ਨਜ਼ਰ ਅੰਦਾਜ਼ ਕੀਤੇ ਬਗੈਰ ਸਾਰੀਆਂ ਚੀਜਾਂ ਬਰਾਬਰੀ ਦੇ ਪੱਧਰ ਉੱਤੇ ਹੋਣੀਆਂ ਚਾਹੀਦੀਆਂ ਹਨ।

ਯੋਗਿੰਦਰ ਯਾਦਵ ਨੂੰ ਕਰਨ ਥਾਪਰ-ਕੀ ਸਰਵੇ ਦਾ ਮਕਸਦ ਇਕ ਹੈ ਕਿ ਸਵਰਨ ਜਾਤੀ ਦੀ ਜਕੜਬੰਦੀ ਤੋਂ ਮੀਡੀਆ ਦੀ ਭਾਵਨਾ ਵੀ ਸਵਰਨ ਮਾਨਸਿਕਤਾ ਵਾਲੀ ਹੈ। ਪ੍ਰਭਾਵਿਤ ਹੈ? ਅਤੇ ਇਸ ਲਈ ਮੀਡੀਆ 'ਚ ਬਹੁਗਿਣਤੀ ਭਾਰਤੀ ਲੋਕਾਂ ਦੀ ਗੱਲ ਨਹੀਂ ਹੁੰਦੀ?

ਯੋਗਿੰਦਰ ਯਾਦਵ-ਸਾਡੇ ਸਰਵੇ ਦਾ ਇਹ ਮਕਸਦ ਨਹੀਂ ਹੈ। ਮੈਂ ਜੋਰ ਦੇ ਕੇ ਕਹਿਣਾ ਚਾਹੁੰਦਾ ਹਾਂ ਕਿ ਮੈਂ ਇਹ ਕਦੀ ਨਹੀਂ ਮੰਨਦਾ ਕਿ ਹਰ ਵਿਅਕਤੀ ਦੇ ਜਾਤੀ ਨਾਲ ਹੀ ਉਸਦੇ ਵਿਚਾਰ ਤਹਿ ਹੁੰਦੇ ਹਨ। ਕੁਝ ਥਾਵਾਂ ਤੇ ਇਹ ਹੋ ਸਕਦਾ ਹੈ ਅਤੇ ਕੁਝ ਥਾਵਾਂ ਤੇ ਇਹ ਨਹੀਂ ਵੀ ਹੁੰਦਾ। ਪ੍ਰੰਤੂ ਬਹੁਤ ਥਾਵਾਂ ਤੇ ਅਜਿਹਾ ਹੁੰਦਾ ਹੈ।

ਕਰਨ ਥਾਪਰ-ਤਾਂ ਕੀ ਇਹ ਕੇਵਲ ਅਕੈਡਿਮਕ ਜੁਗਾਲੀ ਹੈ?

ਯੋਗਿੰਦਰ ਯਾਦਵ-ਨਹੀਂ, ਇਹ ਸਹਿਮਤੀ ਵਿਕਸਤ ਕਰਨ ਦੇ ਲਈ ਕੀਤਾ ਗਿਆ ਸਰਵੇ ਹੈ। ਕੇਵਲ ਇਹ ਹੀ ਇਕ ਸੰਸਥਾ ਨਹੀਂ ਹੈ। ਹਰ ਤਰ੍ਹਾਂ ਦਾ ਮੀਡੀਆ ਜਿਸ ਦਾ ਅਸੀਂ ਲੇਖਾ-ਜੋਖਾ ਕਰ ਰਹੇ ਹਾਂ। ਅਸੀਂ ਰਾਜਨੀਤੀਵਾਨਾ ਦਾ ਹਰ ਦਿਨ ਲੇਖਾ-ਜੋਖਾ ਕਰਦੇ ਹਾਂ ਜੇਕਰ ਅਸੀਂ ਮੀਡੀਆ ਦਾ ਇਸ ਤਰ੍ਹਾਂ ਕਰੀਏ ਤਾਂ ਇਹ ਕੋਈ ਵੱਡੀ ਗੱਲ ਨਹੀਂ ਹੈ।

ਕਰਨ ਥਾਪਰ-ਕੀ ਕਿਸੇ ਖਾਸ ਜਾਤੀ ਦਾ ਹੋਣ ਤੇ ਰਿਪੋਟਿੰਗ ਪ੍ਰਭਾਵਿਤ ਹੁੰਦੀ ਹੈ। ਜੇਕਰ ਨਹੀਂ ਤਾਂ ਇਸ ਸਰਵੇ ਕੀ ਮਤਲਬ ਹੈ?

ਯੋਗਿੰਦਰ ਯਾਦਵ-ਨਹੀਂ ਹੋ ਸਕਦੀ ਹੈ, ਪ੍ਰੰਤੂ ਅਜਿਹਾ ਹੁੰਦਾ ਹੈ।

ਕਰਨ ਥਾਪਰ ਚੰਦਨ ਮਿੱਤਰਾ ਨੂੰ-ਤੁਹਾਡਾ ਅਖ਼ਬਾਰ ਉੱਚ ਸਿੱਖਿਆ 'ਚ ਪਿਛੜੇ ਵਰਗ ਦੇ ਖ਼ਿਲਾਫ ਹੈ। ਕੀ ਇਹ ਇਸ ਲਈ ਹੈ ਕਿ ਤੁਸੀਂ ਰਾਂਖਵੇਂਕਰਨ ਦੇ ਖ਼ਿਲਾਫ਼ ਹੈ ਜਾਂ ਤੁਹਾਡਾ ਪਾਠਕ ਵਰਗ ਰਾਂਖਵੇਂਕਰਣ ਦੇ ਖ਼ਿਲਾਫ਼ ਹੈ। ਜਾਂ ਤੁਹਾਡੇ ਅਖ਼ਬਾਰ 'ਚ ਪਿਛੜਿਆ ਦੀ ਸੰਖਿਆ ਬਹੁਤ ਘੱਟ ਹੈ?

ਚੰਦਨ ਮਿੱਤਰਾ-ਮੇਰਾ ਸਮਾਜਿਕ ਕਲਿਆਣ ਵਿਸ਼ੇ ਦਾ ਪੱਤਰਕਾਰ ਪਿਛੜੇ ਵਰਗ ਵਿਚੋਂ ਹੈ, ਉਹ ਇਸ ਉੱਤੇ ਕਾਫੀ ਕੁਝ ਲਿਖ ਰਿਹਾ ਹੈ। ਮੈਂ ਮੰਨਦਾ ਹਾਂ ਕਿ ਜਾਤੀ ਦਾ ਕੋਈ ਮਹੱਤਵ ਨਹੀਂ ਹੁੰਦਾ, ਉਹ ਅਖ਼ਬਾਰ ਦੀ ਸੰਪਾਦਕੀ ਨੀਤੀ ਹੁੰਦੀ ਹੈ। ਇਸ ਦੇ ਅਨੁਸਾਰ ਕੰਮ ਹੁੰਦਾ ਹੈ-



ਜਿਹੜੀਆਂ ਗੱਲਾਂ ਮੈਨੂੰ ਚਿੰਤਤ ਕਰਦੀਆਂ ਹਨ ਉਹ ਇਹ ਕਿ ਅੰਗ੍ਰੇਜ਼ੀ ਮੀਡੀਆਂ ਵਿਚ ਜਿਹੜਾ ਜੇ. ਐਨ. ਯੂ. (ਦਿੱਲੀ ਸਥਿਤ ਜਵਾਹਰ ਲਾਲ ਨਹਿਰੂ ਵਿਸ਼ਵ ਵਿਦਿਆਲਿਆ) 'ਚ ਮਾਂਇੰਡ ਸੈਟ ਦੇ ਲੋਕ ਭਰੇ ਹੋਏ ਹਨ ਜਿਹੜੇ ਲਾਲ ਰੰਗ ਵਿਚ ਰੰਗੇ ਹੋਏ ਹਨ ਅਤੇ ਉਹ ਲੋਕ ਵੱਡੇ ਮਸਲੇ ਨੂੰ ਛੱਡ ਕੇ ਇਨ੍ਹਾਂ ਛੋਟੀਆਂ ਗੱਲਾਂ ਦੇ ਸੰਬੰਧ ਵਿਚ ਲਿਖਦੇ ਹਨ।

ਕਰਨ ਥਾਪਰ-ਤੁਹਾਡਾ ਕਹਿਣਾ ਹੈ ਕਿ ਜਾਤੀ ਗੱਲ ਨੂੰ ਨਿਸਚਿਤ ਨਹੀਂ ਕਰਦੀ ਬਲਕਿ ਕੋਈ ਹੋਰ ਚੀਜ ਇਸ ਨੂੰ ਤਹਿ ਕਰਦੀ ਹੈ।

ਕਰਨ ਥਾਪਰ ਐਨ. ਰਾਮ ਨੂੰ-ਦੂਜੇ ਪਾਸੇ 'ਹਿੰਦੂ' ਰਾਂਖਵੇਂਕਰਣ ਦਾ ਸਮਰੱਥਨ ਕਰਦੇ ਹਨ। ਤੁਹਾਡੇ ਅਖ਼ਬਾਰ ਵਿਚ ਇਕ ਲੇਖ ਸੀ ਜਿਸ ਵਿਚ ਰਾਂਖਵੇਂਕਰਣ ਵਿਰੋਧੀ ਪ੍ਰਦਰਸ਼ਨ ਨੂੰ ਐਨੀ ਥਾ ਦੇਣ ਦੇ ਲਈ ਪ੍ਰਿੰਟ ਅਤੇ ਇਲੈਟੋਨਿਕ ਮੀਡੀਆ ਦੀ ਜਮ ਕੇ ਆਲੋਚਨਾ ਕੀਤੀ ਗਈ ਸੀ। ਹਿੰਦੂ ਅਖ਼ਬਾਰ ਨੂੰ ਇਕ ਤਮਿਲ ਬ੍ਰਾਹਮਣ ਪ੍ਰਕਾਸ਼ਤ ਕਰਦਾ ਹੈ। ਤੁਹਾਡੇ ਅਖਬਾਰ ਵਿਚ ਦਲਿਤ ਪਿਛੜੇ ਦੀ ਕੀ ਸੰਖਿਆ ਹੈ?

ਐਨ. ਰਾਮ-ਤੁਸੀਂ ਅਜਿਹੀ ਗੱਲ ਉੱਤੇ ਜੋਰ ਦੇ ਰਹੇ ਹੋ ਜਿਹੜੀ ਮੈਂ ਕਹੀ ਨਹੀਂ ਹੈ। ਮੈਨੂੰ ਇਸ ਦੀ ਜਾਣਕਾਰੀ ਨਹੀਂ ਹੈ। ਕਈ ਅਜਿਹੇ ਲੋਕ ਹਨ ਜਿਹੜੇ ਬ੍ਰਾਹਮਣ ਨਹੀਂ ਹਨ (ਕਈ ਦੇ ਨਾਂ ਲੈਂਦੇ ਹਨ) ਪ੍ਰੰਤੂ ਮਸਲਾ ਇਹ ਨਹੀਂ ਹੈ ਮਸਲਾ ਇਹ ਹੈ ਕਿ ਕਿਨੇ ਤਰ੍ਹਾਂ ਦੇ ਵਿਚਾਰਾਂ ਨੂੰ ਤੁਸੀਂ ਥਾਂ ਦਿੰਦੇ ਹੋ। ਮੈਂ ਇਹ ਦਾਅਵਾ ਕਰਦਾ ਹਾਂ ਕਿ ਹਿੰਦੂ ਉਹ ਅਖਬਾਰ ਹੈ ਜਿਸ ਵਿਚ ਸਾਰੇ ਮਸਲਿਆਂ ਉੱਤੇ ਭਿੰਨ ਭਿੰਨ ਤਰ੍ਹਾਂ ਤਰ੍ਹਾਂ ਦੇ ਵਿਚਾਰਾਂ ਨੂੰ ਦੇਖਿਆ ਜਾ ਸਕਦਾ ਹੈ। ਉਹ ਇਹ ਨਹੀਂ ਹੈ ਜੋ ਤੁਸੀਂ ਕਹਿ ਰਹੇ ਹੋ। ਤੁਸੀਂ ਉਂਝ ਹੀ ਵਿਰੋਧੀਆਂ ਨੂੰ ਨਕਾਰ ਨਹੀਂ ਸਕਦੇ। ਮੈਂ ਦੇਖਿਆ ਕਿ ਕਈ ਮੀਡੀਆ ਆਦਾਰਿਆਂ ਵਿਚ ਖਬਰਾਂ ਵਿਚ ਹੀ ਟਿੱਪਣੀਆਂ ਹੁੰਦੀਆਂ ਹਨ। ਪੱਤਰਕਾਰ ਜਬਰਦਸਤੀ ਆਪਣੇ ਵਿਚਾਰ ਉੱਥੇ ਘਸੋੜਦੇ ਹਨ ਅਤੇ ਟਿੱਪਣੀਕਾਰ ਅਤੇ ਸੰਪਾਦਕ ਦੇ ਲਈ ਕੋਈ ਚਾਰਾ ਨਹੀਂ ਛੱਡਦੇ।

ਕਰਨ ਥਾਪਰ-ਮੈਂ ਤੁਹਾਡੇ ਕੋਲ ਜਾਣਨਾ ਚਾਹੁੰਦਾ ਹਾਂ ਕਿ ਇਹ ਕਿਸੇ ਵੀ ਜਾਤੀ ਦੇ ਪੱਤਰਕਾਰ ਕਰਦੇ ਹੋਣਗੇ, ਕੀ ਇਹ ਠੀਕ ਨਹੀਂ ਹੈ? ਇਹ ਪੱਤਰਕਾਰੀ ਜਾਤੀ ਤੋਂ ਪ੍ਰਭਾਵਿਤ ਪੱਤਰਕਾਰੀ ਹੋਵੇਗੀ।

ਐਨ. ਰਾਮ-ਕੋਈ ਐਨਾ ਹਿੰਸਕ ਹੋ ਕੇ ਇਹ ਗੱਲ ਨਹੀਂ ਕਹਿ ਸਕਦਾ ਹੈ। ਤੁਹਾਨੂੰ ਇਹ ਗੱਲ ਦੱਸੀ ਜਾ ਰਹੀ ਹੈ ਕਿ ਸਮਾਜਿਕ ਸਮੱਸਿਆ ਦੀ ਜ਼ਰੂਰਤ ਹੈ ਜਿਹੜੀ ਇਹ ਨਹੀਂ ਦਿਖਾ ਰਹੀ ਹੈ ਅਤੇ ਇਹ ਗੱਲ ਯੋਗਿੰਰਦ ਯਾਦਵ, ਅਨਿਲ ਚਮੜੀਆ ਅਤੇ ਜਤਿੰਦਰ ਕਹਿ ਰਹੇ ਹਨ। ਇਹ ਸਰਵੇਖਣ ਮੇਰੇ ਲਈ ਕਾਫੀ ਰੌਚਿਕ ਹੈ ਅਤੇ ਮੈਨੂੰ ਤਾਂ ਲੱਗਦਾ ਹੈ ਕਿ ਇਸ ਤਰ੍ਹਾਂ ਦੇ ਸਮਾਜਸਾਸ਼ਤਰੀ ਸਰਵੇ ਕਿਨੇ ਵੀ ਮੁਢਲੇ ਦੌਰ ਦੇ ਕਿਓ ਨਾ ਹੋਣ ਉਹ ਬਿਹਤਰੀ ਦੇ ਲਈ ਹੈ।

ਸੋਭਨਾ ਨੂੰ ਥਾਪਰ-ਤੁਸੀਂ ਕਿਹਾ ਕਿ ਅਸੀਂ ਧਾਰਮਿਕ ਅਤੇ ਲਿੰਗ ਦੇ ਆਧਾਰ ਉੱਤੇ ਨਿਯੁਕਤੀ ਉੱਤੇ ਧਿਆਨ ਦੇਵਾਂਗੇ। ਕੀ ਤੁਸੀਂ ਜਾਤੀ ਦੇ ਆਧਾਰ ਵੱਲ ਧਿਆਨ ਨਹੀਂ ਦੇਵੋਗੇ? ਇਸ ਨਾਲ ਤਾਂ ਅਗਲੀ ਵਾਰ ਜਦੋਂ ਕਦੇ ਸਰਵੇ ਹੋਵੇਗਾ ਤਾਂ ਇਹ ਗੱਲ ਹਿੰਦੁਸਤਾਨ ਟਾਈਮਜ਼ ਦੇ ਸੰਬੰਧ ਵਿਚ ਵੀ ਨਿਕਲੇਗੀ?

ਸ਼ੋਭਨਾ-ਮੈਂ ਇਸ ਗੱਲ ਨਾਲ ਸਹਿਮਤ ਨਹੀਂ ਹਾਂ ਕਿ ਤੁਸੀਂ ਹਿੰਦੁਸਤਾਨ ਟਾਈਮਜ਼ ਨੂੰ ਇਕ ਨੌਕਰੀ ਦੇਣ ਵਾਲੀ ਫਰਮ ਦੇ ਰੂਪ ਵਿਚ ਦੇਖੋ। ਜੇਕਰ ਤੁਸੀਂ ਦੂਜੇ ਸੰਸਕਰਣ ਵੱਲ ਦੇਖੋ ਤਾਂ ਹੋ ਸਕਦਾ ਹੈ ਕਿ ਅਸਲੀਅਤ ਇਸ ਤੋਂ ਉਲਟ ਹੋਵੇ। ਨਿੱਜੀ ਰੂਪ ਨਾਲ ਮੈਂ ਇਸ ਨਾਲ

ਸਹਿਮਤ ਨਹੀਂ ਹਾਂ ਕਿ ਜਾਤੀ ਜੇ ਆਧਾਰ ਉੱਤੇ ਇਸ ਸੰਸਥਾ ਨੂੰ ਤੁਸੀਂ ਵੰਡੋ ਜਿਸਦੀ ਕਲਪਨਾ ਕਦੀ ਵੀ ਇਸਦੇ ਬਾਨੀਆਂ ਦੇ ਨਹੀਂ ਕੀਤੀ ਸੀ। ਇਹ ਨਾ ਤਾਂ ਮੀਡੀਆ ਦੇ ਹਿੱਤ ਵਿਚ ਹੈ ਨਾ ਹੀ ਰਾਸ਼ਟਰ ਦੇ ਹਿੱਤ ਵਿਚ।

ਕਰਨ ਥਾਪਰ-ਇਹ ਸਰਵੇ ਜਾਤੀ ਸੰਵੇਦਨਾ ਨੂੰ ਪਰਵੋਕ ਕਰ ਰਿਹਾ ਹੈ। ਜਾਤੀ ਵੰਡ ਨੂੰ ਖਤਮ ਕਰਨ ਦੀ ਬਜਾਏ ਉਸ ਨੂੰ ਹੋਰ ਗਹਿਰਾ ਕਰ ਰਿਹਾ ਹੈ।

ਸ਼ੋਭਨਾ-ਬਿਲਕੁਲ ! ਮੈਂ ਇਕ ਦਲਿਤ ਵਿਦਵਾਨ ਨੂੰ ...... ਕਰਨ ਦੀ ਇਜ਼ਾਜਤ ਚਾਹੁੰਦੀ ਹਾਂ। ਆਈ. ਐਮ. ਸੀ. ਆਰ. ਦਿੱਲੀ ਸਕੂਲ ਆਫ ਆਰਕੀਟੈਕਟ 'ਚ ਰਾਂਖਵੇਕਰਣ ਹੈ। ਕਈ ਦਲਿਤ ਜਿਹੜੇ ਆਪਣੀ ਯੋਗਤਾ ਉੱਤੇ ਇਨ੍ਹਾਂ ਥਾਵਾਂ ਉੱਤੇ ਦਾਖਲਾ ਲੈਂਦੇ ਹਨ ਉਹ ਦਲਿਤ ਦੇ ਰੂਪ 'ਚ ਬ੍ਰਾਂਡੇਡ ਨਹੀਂ ਹੋਣਾ ਚਾਹੀਦਾ। ਉਹ ਇਸ ਤੋਂ ਵੱਖਰਾ ਹੋਣਾ ਚਾਹੀਦਾ ਹੈ। ਅਤੇ ਬਰਾਬਰੀ ਦਾ ਮੌਕਾ ਚਾਹੁੰਦਾ ਹੈ। ਅੱਜ ਦੀਆਂ ਨੌਕਰੀਆਂ ਉਨ੍ਹਾਂ ਦੀ ਆਪਣੀ ਯੋਗਤਾ ਦੀ ਪਰਖ ਕਰਕੇ ਮਿਲਦੀ ਹੈ।

ਥਾਪਰ ਚੰਦਨ ਮਿੱਤਰਾ ਨੂੰ- ਹਮੇਸ਼ਾ ਇਹ ਕਿਹਾ ਜਾਂਦਾ ਹੈ ਕਿ ਜੇਕਰ ਤੁਸੀਂ ਨਿਯੁਕਤੀ ਦੇ ਸਮੇਂ ਧਿਆਨ ਰੱਖ ਕੇ ਵਧੇਰੇ ਦਲਿਤ ਪਿਛੜੇ ਨੂੰ ਲਉਂਗੇ ਤਾਂ ਇਸ ਨਾਲ ਪੱਤਰਕਾਰੀ ਵੱਖਰੀ ਤੇ ਵਧੀਆ ਹੋਵੇਗੀ। ਕੀ ਤੁਹਾਨੂੰ ਜਾਤੀ ਦੇ ਆਧਾਰ ਉੱਤੇ ਬਹਾਲੀ ਦੀ ਜ਼ਰੂਰਤ ਮਹਿਸੂਸ ਹੁੰਦੀ ਹੈ?

ਚੰਦਨ ਮਿੱਤਰਾ-ਮੈਨੂੰ ਇਹ ਗੱਲ ਸਮਝ ਵਿਚ ਨਹੀਂ ਆਉਂਦੀ ਕਿ ਤੁਹਾਨੂੰ ਇਹ ਕਿਵੇਂ ਲੱਗਦਾ ਹੈ ਕਿ ਜਦੋਂ ਅਸੀਂ ਭਰਤੀ ਕਰਦੇ ਹਾਂ ਅਸੀਂ ਦੂਜੀ ਜਾਤੀ ਦੇ ਲੋਕਾਂ ਨੂੰ ਨਹੀਂ ਰਖਦੇ ਹਾਂ? ਵੱਡੇ ਅਖਬਾਰ ਇਸਤਿਹਾਰ ਦੇ ਕੇ ਲੋਕਾਂ ਨੂੰ ਭਰਤੀ ਕਰਦੀ ਹੈ। ਜਾਂ ਉਸ ਦੇ ਆਪਣੇ ਖੇਤਰ 'ਚ ਕੀਤੇ ਗਏ ਕੰਮ ਨੂੰ ਦੇਖ ਕੇ। ਮੈਂ ਪੂਰੀ ਇਮਾਨਦਾਰੀ ਨਾਲ ਆਪਣੀ ਗੱਲ ਦੱਸਦਾ ਹਾਂ ਕਿ ਮੈਂ ਜਾਤੀ ਦੇਖ ਕੇ ਲੋਕਾਂ ਦੀ ਨਿਯੁਕਤੀ ਨਹੀਂ ਕਰਦਾ। ਜੇਕਰ ਕੋਈ ਵਿਅਕਤੀ ਯੋਗ ਆਦਾਰੇ ਵਿੱਚੋਂ ਨਿਕਲ ਕੇ ਨਹੀਂ ਆਉਂਦਾ ਤਾਂ ਉਸ ਉੱਤੇ ਧਿਆਨ ਦੇਣ ਦੀ ਲੋੜ ਹੈ। ਮੈਂ ਇਹ ਗੱਲ ਕਹਿਣਾ ਚਾਹੁੰਦਾ ਹਾਂ ਕਿ ਇਸ ਸਵੈ-ਨਿਰਾਸ਼ਾ ਦੇ ਬੋਧ ਨਾਲ ਮੀਡੀਆ ਦਾ ਭਲਾ ਨਹੀਂ ਹੋਣ ਵਾਲਾ ਹੈ ਅਤੇ ਮੀਡੀਏ ਦੇ ਸਮਾਜਿਕ ਸਰੋਕਾਰ ਦਾ ਵੀ ਕੁਝ ਨਹੀਂ ਹੋਣ ਵਾਲਾ ਹੈ।

ਕਰਨ ਥਾਪਰ-ਮੈਂ ਇਕ ਸਵਾਲ ਕਰਨਾ ਚਾਹੁੰਦਾ ਹੈ। ਜਿਹੜਾ ਸੋਭਨਾ ਭਾਰਤੀਆ ਨੇ ਕੀਤਾ ਹਾ। ਕੀ ਤੁਹਾਨੂੰ ਲੱਗਦਾ ਹੈ ਕਿ ਲੋਕਾਂ ਨੂੰ ਹੁਣ ਮੀਡੀਆ 'ਚ ਜਾਤੀ ਦੇ ਸੰਬੰਧ ਵਿਚ ਸੋਚਣ ਦੇਣਾ ਚਾਹੀਦਾ ਹੈ ਜਿਹੜਾ ਉਨ੍ਹਾਂ ਨੇ ਅੱਜ ਤੱਕ ਨਹੀਂ ਸੋਚਿਆ ਹੈ? ਕੁਝ ਲੋਕਾਂ ਨੂੰ ਮੀਡੀਆਂ ਨੂੰ ਜਾਤੀ ਦੇ ਆਧਾਰ ਉੱਤੇ ਦੇਖਣਾ ਠੀਕ ਨਹੀਂ ਲੱਗਦਾ ਹੈ ਅਤੇ ਅਜਿਹਾ ਹੀ ਤੁਸੀਂ ਵੀ ਮੰਨਿਆ ਹੈ ਤਾਂ ਕੀ ਤੁਹਾਨੂੰ ਲੱਗਦਾ ਹੈ ਕਿ ਹੁਣ ਲੋਕ ਇਸ ਨੂੰ ਜਾਤੀ ਦੇ ਆਧਾਰ ਉੱਤੇ ਦੇਖਣ ਲੱਗਣਗੇ?

ਯੋਗਿੰਦਰ ਯਾਦਵ-ਲੋਕ ਤਾਂ ਪਹਿਲਾਂ ਤੋਂ ਹੀ ਮੀਡੀਏ ਨੂੰ ਜਾਤੀ ਦੇ ਆਧਾਰ ਉੱਤੇ ਦੇਖਦੇ ਹਨ। ਸਾਨੂੰ ਦਿੱਲੀ ਵਿਚ ਬੈਠੇ ਲੋਕਾਂ ਨੂੰ ਇਸ ਦਾ ਧਿਆਨ ਨਹੀਂ ਹੈ, ਜਦ ਕਿ ਅਸਲ ਵਿਚ ਪੂਰੇ ਦੇਸ਼ ਵਿਚ ਲੋਕ ਮੀਡੀਆ ਨੂੰ ਜਾਤੀ ਤੋਂ ਵੱਖ ਕਰਕੇ ਦੇਖਦੇ ਨਹੀਂ ਹਨ।

ਚੰਦਨ ਮਿੱਤਰਾ-ਮੈਂ ਇਸ ਗੱਲ ਨੂੰ ਚੁਣੌਤੀ ਦਿੰਦਾ ਹਾਂ। ਤੁਸੀਂ ਇਸ ਤਰ੍ਹਾਂ ਦਾ ਅੰਦਾਜਾ ਨਹੀਂ ਲਗਾ ਸਕਦੇ।

ਯੋਗਿੰਦਰ ਯਾਦਵ-ਮੇਰੇ ਕੋਲ ਇਸ ਗੱਲ ਦੇ ਸਬੂਤ ਹਨ। ਪੂਰੇ ਦੇਸ਼ ਦੇ ਪੱਤਰਕਾਰ ਅਤੇ ਰਿਪੋਰਟਰ ਜਾਤੀ ਦੇ ਆਧਾਰ ਉੱਤੇ ਵੰਡੇ ਹਨ ਅਤੇ ਸੰਗਠਨ ਦੇ ਅੰਦਰ ਵੀ ਅਜਿਹਾ ਕਰਦੇ



ਹਨ। ਮੈਂ ਉਸ ਆਦਾਰੇ ਦਾ ਨਾਂ ਨਹੀਂ ਲੈਣਾ ਚਾਹੁੰਦਾ ਹਾਂ।

ਚੰਦਨ ਮਿੱਤਰਾ-ਤੁਸੀਂ ਇਸ ਤਰ੍ਹਾਂ ਬਿਨਾ ਸਬੂਤ ਦਿੱਤੇ ਕੁਝ ਵੀ ਬੋਲ ਕੇ ਨਹੀਂ ਨਿਕਲ ਸਕਦੇ ਹਨ।

ਯੋਗਿੰਦਰ ਯਾਦਵ-ਮੈਂ ਕੁਝ ਉਦਾਹਰਣ ਦੇਣਾ ਚਾਹੁੰਦਾ ਹਾਂ। ਸਿਧਾਰਥ ਵਰਦਰਾਜਨ ਨੇ ਆਪਣੇ ਇਕ ਲੇਖ ਵਿਚ ਇਸ ਗੱਲ ਨੂੰ ਬਹੁਤ ਹੀ ਗੰਭੀਰਤਾ ਨਾਲ ਮੀਡੀਆ ਦੇ ਆਦਾਰਿਆਂ ਸੰਬੰਧੀ ਮੁੱਦੇ ਉਠਾਏ ਹਨ।

ਯੋਗਿੰਦਰ ਯਾਦਵ-ਅਜੇ ਤੱਕ ਤਾਂ ਇਹ ਇਕ ਬਹਿਸ ਹੈ। ਕਈ ਵਾਰੀ ਹੋਰ ਬਹਿਸ ਹੋਵੇਗੀ। ਮੈਂ ਇਹ ਕਿਸੇ ਵੀ ਤਰ੍ਹਾਂ ਤਰ੍ਹਾਂ ਦੀ ਵੰਡ ਦੀ ਲਕੀਰ ਖਿੱਚਣ ਨਹੀਂ ਆਇਆ ਹਾਂ। ਅਸੀਂ ਪਹਿਲੀ ਵਾਰ ਸੂਚਨਾ ਇਕੱਠੀ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ। ਸਾਨੂੰ ਪੁੱਛਿਆ ਜਾਂਦਾ ਹੈ ਕਿ ਤੁਸੀਂ ਐਨੀ ਗੰਭੀਰਤਾ ਨਾਲ ਐਨੇ ਡੇਟੇ ਨੂੰ ਜਮਾ ਕਰ ਰਹੇ ਹੋ। ਕੋਈ ਵੀ ਦੇਸ਼ ਪਹਿਚਾਣ ਨੂੰ ਮੰਨਣ ਨਾਲ ਨਹੀਂ ਵੰਡਿਆ ਜਾਂਦਾ। ਇਹ ਨਹਿਰੂ ਦੇ ਦਰਸ਼ਨ ਦੇ ਖਿਲਾਫ਼ ਵੀ ਹੈ। ਘਾਟ ਨੂੰ ਮੰਨ ਦੇ ਉਸ ਨੂੰ ਦੂਰ ਕਰਨ ਨਾਲ ਦੇਸ਼ ਦਾ ਨੁਕਸਾਨ ਨਹੀਂ ਹੁੰਦਾ। ਜੇਕਰ ਅਮਰੀਕਾ ਸਮਾਜ ਨੇ ਰੰਗ-ਨਸਲ ਭੇਦ ਨੂੰ ਸਵੀਕਾਰ ਕੀਤਾ ਹੈ ਤਾਂ ਇਸ ਨਾਲ ਦੇਸ਼ ਤਾਂ ਨਹੀਂ ਵੰਡਿਆ ਜਾਂਦਾ। ਅਮਰੀਕਾ ਮੀਡੀਆ ਵੀ ਵੰਡਿਆ ਨਹੀਂ ਹੈ। ਅਮਰੀਕਾ ਮੀਡੀਆ ਇਸ ਲਈ ਮਜਬੂਤ ਹੈ ਕਿਉਂਕਿ ਉਸਨੇ ਰੰਗ-ਨਸਲ ਨੂੰ ਇਕ ਕਾਰਨ ਮੰਨਿਆ ਹੈ।

ਐਨ. ਰਾਮ ਨੂੰ ਕਰਨ ਥਾਪਰ-ਸਰਵੇ ਦੇ ਸਮਾਜਿਕ ਸਵਰੂਪ ਨੂੰ ਦੇਖ ਕੇ ਲੋਕਾਂ ਵਿਚ ਸਮਝਦਾਰੀ ਵਧੇਗੀ ਅਤੇ ਇਸ ਨਾਲ ਤੁਹਾਨੂੰ ਪਰੇਸ਼ਾਨੀ ਨਹੀਂ ਹੋ ਸਕਦੀ। ਕੀ ਤੁਹਾਨੂੰ ਲੱਗਦਾ ਹੈ ਕਿ ਇਸ ਨਾਲ ਤੁਹਾਡਾ ਵਤੀਰਾ ਆਲੋਚਨਾਤਮਿਕ ਹੋ ਸਕਦਾ ਹੈ?

ਐਨ. ਰਾਮ-ਇਸਦਾ ਕੋਈ ਸਵਾਲ ਹੀ ਨਹੀਂ ਉੱਠਦਾ ਹੈ ਕਿਉਂਕਿ ਸਭ ਨੂੰ ਸੰਵਿਧਾਨਿਕ ਅਧਿਕਾਰ ਪ੍ਰਾਪਤ ਹੈ। ਦੂਜੀ ਗੱਲ ਮੀਡੀਆ ਦੇ ਮਹਤਵਪੂਰਨ ਲੋਕਾਂ ਦੀ ਸਮਾਜਿਕ ਪਹਿਚਾਣ ਨੂੰ ਸਮਝ ਲੈਣ ਨਾਲ ਤੁਹਾਨੂੰ ਕੋਈ ਨੁਕਸਾਨ ਨਹੀਂ ਹੋਣ ਵਾਲਾ ਹੈ ਜੇਕਰ ਤੁਹਾਨੂੰ ਇਸ ਗੱਲ ਦੇ ਸਿੱਟੇ ਭੁਗਤਣੇ ਪੈਂਦੇ ਹਨ ਤਾਂ ਇਸ ਗੱਲ ਦਾ ਕੋਈ ਮਤਲਬ ਨਹੀਂ ਹੈ। ਇਕ ਹੋਰ ਗੱਲ ਮੈਂ ਦੱਸਣਾ ਚਾਹੁੰਦਾ ਹਾਂ। ਮੈਂ ਪਿਛਲੇ 6 ਸਾਲਾਂ ਤੋਂ ਏਸ਼ੀਅਨ ਕਾਲਜ ਆਫ ਜਰਨਲਇਜ਼ਮ ਨਾਲ ਜੁੜਿਆ ਹੋਇਆ ਹਾਂ। ਇਸ ਵਿਚ 65 % ਲੜਕੀਆਂ ਹਨ। ਕੋਈ ਵੀ ਦਲਿਤ ਨਹੀਂ ਆ ਰਿਹਾ ਹੈ। ਇਸ ਵਾਰ ਅਸੀਂ ਵਿਸ਼ੇਸ਼ ਰੂਪ ਨਾਲ ਵਿਦਿਆਰਥੀਆਂ ਦੇ ਵਾਧੇ ਦੀ ਗੱਲ ਕੀਤੀ ਅਤੇ ਕਈ ਉਦਯੋਗਪਤੀ ਅੱਗੇ ਆਏ ਇਸਦਾ ਅਸਰ ਇਹ ਹੋਇਆ ਕਿ 6 ਦਲਿਤ ਵਿਦਿਆਰਥੀਆਂ ਨੇ ਦਾਖਲਾ ਲਿਆ।

ਕਰਨ ਥਾਪਰ-ਕੀ ਤੁਸੀਂ ਇਸ ਗੱਲ ਤੋਂ ਖੁਸ਼ ਹੋ ਜਾਂ ਨਿਰਾਸ਼?

ਯੋਗਿੰਦਰ ਯਾਦਵ-ਮੈਂ ਚੰਦਨ ਮਿੱਤਰਾ ਦੀਆਂ ਗੱਲਾਂ ਤੋਂ ਕਾਫੀ ਨਿਰਾਸ਼ ਹਾਂ। ਮੇਰਾ ਕਹਿਣਾ ਹੈ ਕਿ ਇਨ੍ਹਾਂ ਚੀਜਾਂ ਦਾ ਮਹੱਤਵ ਇਹ ਨਹੀਂ ਹੈ ਜਿਹੜੇ ਪਹਿਲੀ ਵਾਰ ਤੁਸੀਂ ਪ੍ਰਤੀਕਿਰਿਆ ਦਿੰਦੇ ਹੋ। ਇਸ ਦਾ ਮਹੱਤਵ ਇਹ ਹੈ ਕਿ ਇਸ ਨੂੰ ਤੁਸੀਂ ਪੰਜ ਸਾਲ ਬਾਅਦ ਕਿਵੇਂ ਦੇਖੋਗੇ। ਸਾਨੂੰ ਇਹ ਚੰਗਾ ਲੱਗਾ ਕਿ ਇਕ ਮਾਲਿਕ ਅਤੇ ਜਾਗਰੂਕ ਪੱਤਰਕਾਰ ਨੇ ਪਹਿਲੀ ਵਾਲ ਦਲਿਤ ਡਾਇਰੀ ਨਾਂ ਦਾ ਕਾਲਮ ਦਾ ਆਰੰਭ ਆਪਣੀ ਅਖਬਾਰ 'ਚ ਕੀਤਾ। ਅਸੀਂ ਲੋਕ ਇਸ ਤਰ੍ਹਾਂ ਸੋਚਦੇ ਹਾਂ।

(ਸੀ. ਐਨ. ਬੀ. ਸੀ. ਦੇ ਅੰਗਰੇਜ਼ੀ ਦੇ ਇਸ ਪ੍ਰੋਗਰਾਮ ਨੂੰ ਕਾਗਜ਼ ਉੱਤੇ ਲਿਖਿਆ ਹੈ ਅਮਿਤ ਚਮੜੀਆ ਨੇ)

ਅਨੁਵਾਦ ਭਗਵੰਤ ਰਸੂਲਪੁਰੀ

## ਪੁਸਤਕ ਰੀਵਿਊ

### ਇਹਨਾਂ ਰਾਹਾਂ ਉੱਤੇ (ਅਵਤਾਰ ਸਿੰਘ ਬਿਲਿੰਗ)




ਕਾਫੀ ਲੰਮੇ ਅੰਤਰਾਲ ਮਗਰੋਂ ਅਵਤਾਰ ਸਿੰਘ ਬਿਲਿੰਗ ਆਪਣਾ ਨਵਾਂ ਨਾਵਲ 'ਇਹਨਾਂ ਰਾਹਾਂ ਉੱਤੇ' ਲੈ ਕੇ ਹਾਜ਼ਰ ਹੋਇਆ ਕਹਾਣੀ ਦੀ ਤਾਣੀ ਇੰਜ ਬੁਣੀ ਹੋਈ ਹੈ ਕਿ ਕਿਧਰੇ ਉਹ ਸਿੱਧ-ਪਧਰੀ ਵੀ ਜਾਪਦੀ ਕਿਧਰੇ ਉਲਝੀ ਹੋਈ ਵੀ ਤੇ ਕਿਤੇ ਕਿਤੇ ਉਹ ਐਨੀਆਂ ਉਚੀਆਂ ਛਾਲਾਂ ਮਾਰਦੀ ਹੈ ਕਿ ਝਟਕੇ ਦਿੱਤੇ ਜਾਣ ਦਾ ਅਹਿਸਾਸ ਹੁੰਦਾ ਹੈ। ਇਹ ਝਟਕੇ ਰੀਤੀ ਰਿਵਾਜ਼ਾਂ ਦੇ ਹਨ, ਸਮਾਜਿਕ ਰਿਸ਼ਤਿਆਂ ਦੇ ਹਨ, ਖ਼ੂਨ ਦੇ ਨੇੜਲੇ ਸੰਬੰਧਾਂ ਵਿਚਕਾਰ ਵੱਜਦੇ ਲੱਗਦੇ ਹਨ। ਨਾਵਲ ਦਾ ਅਰੰਭ ਹੀ ਅਜਿਹੇ ਇਕ ਝਟਕੇ ਨਾਲ ਹੁੰਦਾ ਹੈ ਜਦੋਂ ਉਨ੍ਹੀਂ ਵਰ੍ਹਿਆਂ ਦੇ ਕਿਸ਼ੋਰ ਤੋਂ ਜਵਾਨੀ 'ਤੇ ਪੈਰ ਧਰਦੇ ਸੁਖਬੀਰ ਨੂੰ ਰਿਸ਼ਤੇ ਤੇ ਉਮਰ ਦੋਵਾਂ ਵਿੱਚ ਵੱਡੀ ਆਪਣੇ ਹੀ ਚਾਚੇ ਦੀ ਵਿਧਵਾ ਸਰਬਜੀਤ ਨਾਲ ਇਸ ਲਈ ਜਬਰਦਸਤੀ ਨਰੜਿਆ ਜਾਂਦਾ ਹੈ ਤਾਂ ਕਿ ਚਾਚੇ ਦੀ ਹਿੱਸੇਦਾਰੀ ਲੈ ਕੇ ਵਿਧਵਾ ਚਾਚੀ ਕਿਸੇ ਹੋਰ ਥਾਵੇਂ ਨਾ ਜਾ ਬੈਠੇ ਜ਼ਮੀਨ ਤੇ ਹੋਰ ਹਿੱਸੇਦਾਰੀ ਨੂੰ ਘਰ ਵਿੱਚ ਹੀ ਰਹਿਣ ਦੀ ਕੀਮਤ ਸਿਰਫ ਸੁਖਬੀਰ ਤੇ ਸਰਬਜੀਤ ਨੂੰ ਆਪਣੇ ਅਹਿਸਾਸਾਂ ਤੇ ਕੋਮਲ ਜਜ਼ਬਿਆਂ ਨੂੰ ਤਾਰ ਕੇ ਹੀ ਨਹੀਂ ਚੁਕਾਉਣੀ ਪੈਂਦੀ, ਸਗੋਂ ਸਦੀਆਂ ਤੋਂ ਚਲੇ ਆਏ ਸਮਾਜਿਕ ਰਿਸ਼ਤਿਆਂ ਨੂੰ ਉਲੰਘ ਕੇ ਵੀ ਤਾਰਨੀ ਪੈਂਦੀ ਹੈ। ਇਹ ਉਲੰਘਣਾ, ਐਨੀ ਭਾਰੀ ਕੀਮਤ ਤਾਰੇ ਜਾਣ ਦੇ ਬਾਵਜੂਦ ਕਿਸ ਨੂੰ ਸੁਖ ਤੇ ਖ਼ੁਸ਼ੀ ਪ੍ਰਦਾਨ ਕਰਦੀ ਹੈ।

ਇਹ ਜ਼ਮੀਨ-ਜਾਇਦਾਦਾਂ, ਧੰਨ-ਦੌਲਤ ਜ਼ਿੰਦਗੀ ਨੂੰ ਆਰਾਮਦਾਇਕ ਤੇ ਐਸ਼ਪੂਰਣ ਬਣਾਉਣ ਦਾ ਇਕ ਮਹੱਤਵਪੂਰਣ ਸਾਧਨ ਜ਼ਰੂਰ ਹੁੰਦੀਆਂ ਹਨ, ਪਰ ਇਹ ਸਹੂਲਤਾਂ ਮਨੁੱਖੀ ਜ਼ਿੰਦਗੀ ਨੂੰ ਸਕੂਨ ਤੇ ਸ਼ਾਂਤੀ ਵੀ ਪ੍ਰਦਾਨ ਕਰ ਸਕਣਗੀਆਂ ਇਸ ਦੀ ਗਾਰੰਟੀ ਇਹ ਹਰਗਿਜ਼ ਨਹੀਂ ਦੇਂਦੀਆਂ। ਪਰ ਅੱਜ ਦੇ ਯੁਗ ਵਿੱਚ ਆਪਾ ਧਾਪੀ ਤੇ ਸੁਖ ਸੁਵਿਧਾਵਾਂ ਦੀ ਭੱਜਦੌੜ ਵਿੱਚ ਸੁਖ ਸਕੂਨ ਤੇ ਸ਼ਾਂਤੀ ਜਿਹੇ ਅਹਿਸਾਸਾਂ ਨੂੰ ਵਿਚਾਰਨ ਦੀ ਵਿਹਲ ਕਿਸ ਕੋਲ ਹੈ? ਪਰ ਇਹ ਅਹਿਸਾਸ ਕੁਝ ਸਮੇਂ ਲਈ ਦੱਬ ਭਾਵੇਂ ਹੀ ਜਾਣ ਆਪਣੀ ਤਾਕਤ ਦਾ ਜ਼ੋਰ ਮੌਕਾ ਮਿਲਣ 'ਤ ਜ਼ਰੂਰ ਵਿਖਲਾ ਜਾਂਦੇ ਹਨ। ਮਜ਼ੇ ਦੀ ਗੱਲ ਇਹ ਹੈ ਕਿ ਅਸੀਂ ਲੋਕ ਇਸ ਸਭ ਨੂੰ ਚੰਗੀ ਤਰ੍ਹਾਂ ਜਾਣਦੇ-ਸਮਝਦੇ ਹੋਏ ਵੀ ਦੁਨਿਆਵੀ ਤੇ ਭੋਗਵਾਦਿਤਾ ਨੂੰ ਪਹਿਲ ਦੇਂਦੇ ਹਾਂ ਤਾਂ ਬਾਕੀ ਗੱਲਾਂ ਨੂੰ ਸਹਿਜੇ ਹੀ ਭੁੱਲਾ ਦੇਂਦੇ ਹਾਂ। ਇਹੀ ਭੋਗਵਾਦੀ ਪ੍ਰਵਿਰਤੀ ਸੱਕੇ ਖ਼ੂਨ ਦੇ ਰਿਸ਼ਤਿਆ, ਮਾਂ-ਜਾਏ ਭੈਣ ਭਰਾ ਵਿੱਚ ਵੀ ਸਹਿਜੇ ਦੇਖਣ ਨੂੰ ਮਿਲਦੀ ਹੈ ਇਹ ਦੁਖਦਾਈ ਜ਼ਰੂਰ ਪ੍ਰਤੀਤ ਹੁੰਦੀ ਹੈ ਪਰ ਅਲੋਕਾਰ ਨਹੀਂ। ਇਕ ਪਲਾਟ ਦੇ ਟੁਕੜੇ ਲਈ ਮਾਂ-ਜਾਏ ਭੈਣ-ਭਰਾ ਨਾ ਸਿਰਫ ਇਕ ਦੂਜੇ ਵਿਰੋਧੀ ਹੋ ਜਾਂਦੇ ਹਨ ਸਗੋਂ ਬੁਢਾਪੇ ਵਿੱਚ ਮਾਂ ਦੀ ਵੀ ਬਥੇਰੀ ਲਾਹ-ਪਾਹ ਕਰਦੇ ਹਨ। ਪਰ ਅੰਤ ਤਕ ਸੁਖੀ ਤੇ ਖ਼ੁਸ਼ਹਾਲ ਇਕ ਵੀ ਪਾਤਰ ਨਜ਼ਰ ਨਹੀਂ ਆਉਂਦੇ ਆਖਿਰ ਇਨ੍ਹਾਂ ਸਾਰਿਆਂ ਨੂੰ ਹਾਸਿਲ ਕੀ ਹੁੰਦਾ ਹੈ?

ਅਵਤਾਰ ਸਿੰਘ ਬਿਲਿੰਗ ਦਾ ਨਾਵਲ ਕੁਝ ਅਜਿਹੇ ਸਵਾਲ ਉਠਾਉਂਦਾ ਹੈ। ਲਾਭ ਕੌਰ ਜਿਹੀ ਲਾਣੇਦਾਰਨੀ ਆਪਣੇ ਵਲੋਂ ਘਰ ਦਾ ਸੁਖ ਮੰਗਦੇ ਹੋਏ ਬਿਰਾਦਰੀ ਸਭਿਆਚਾਰ ਦੀ



ਪ੍ਰਵਾਹ ਨਾ ਕਰਦੇ ਹੋਏ ਜਿਹੜਾ ਫੈਸਲਾ ਕਰਦੀ ਹੈ, ਉਹ ਪਹਿਲਾਂ ਹੀ ਬੜੇ ਔਖੇ ਸਿਰੇ ਚੜ੍ਹਦਾ ਹੈ... ਪਰ ਕੀ ਉਹ ਸਿਰੇ ਚੜ੍ਹਦਾ ਹੈ? ਹਰ ਉਹ ਰਿਸ਼ਤਾ ਜਿਸ ਦੇ ਮੂਲ ਵਿੱਚ ਕੋਈ ਸਵਾਰਥ ਜਾਂ ਲੋਭ ਲੁਕਿਆ ਹੋਵੇ, ਸ਼ਾਇਦ ਕਦੇ ਵੀ ਨਾ ਸਿਰੇ ਚੜ੍ਹ ਪਾਉਂਦਾ ਹੈ ਤੇ ਨਾ ਹੀ ਸਫ਼ਲ ਹੋ ਪਾਉਂਦਾ ਹੈ। ਇਸੇ ਕਾਰਨ ਹੀ ਸੁਖਬੀਰ ਤੇ ਵਿਸ਼ਵਪ੍ਰੀਤ ਦੇ ਰਿਸ਼ਤੇ ਦਾ ਵੀ ਮਾੜਾ ਹਸ਼ਰ ਹੁੰਦਾ ਹੈ। ਦੋਵਾਂ ਦੇ ਮਨ ਵਿੱਚ ਇਕ ਦੂਜੇ ਤੋਂ ਕੁਝ ਖੋਹਣ ਦੀ ਕੁਝ ਪਾਉਣ ਦੀ ਲਾਲਸਾ ਵਧੇਰੇ ਹੈ, ਆਪਣਾ ਆਪਾ ਵਾਰਨ ਦਾ ਜਜ਼ਬਾ ਬਹੁਤ ਹੀ ਘੱਟ ਨਾਵਲ ਵਿੱਚ ਹੋਰ ਵੀ ਕਈ ਪਾਤਰ ਹਨ ਨਸੀਬ ਕੌਰ, ਲੱਛਮਣ ਸਿੰਘ, ਚਰਨਜੀਤ, ਫੌਜੀ ਪ੍ਰੀਤਮ ਸਿੰਘ ਜੋ ਆਪਣੀ ਆਪਣੀ ਥਾਂ ਸੁਭਾਵਿਕ ਪ੍ਰਤੀਤ ਹੁੰਦੇ ਹਨ ਪਰ ਜਿੱਥੇ ਵੀ ਨਾਵਲਕਾਰ ਸੁਖਬੀਰ ਨੂੰ ਕੁਝ ਸਮਝਾਉਣਾ ਚਾਹੁੰਦਾ ਹੈ ਤਾਂ ਕਦੇ ਅਧਿਆਪਕ, ਕਦੇ ਡਾਕਟਰ, ਕਦੇ ਨਿਹੰਗ ਜਾਂ ਸੰਤ ਦਾ ਰੂਪ ਧਾਰ ਲੈਂਦਾ ਹੈ, ਲੇਕਿਨ ਸਾਰਿਆਂ ਵਿਚੋਂ ਬੋਲਦਾ ਨਾਵਲਕਾਰ ਆਪ ਹੀ ਹੈ। ਇਸੇ ਲਈ ਉਹ ਕਦੇ ਧਰਮ, ਕਦੇ ਵਿਗਿਆਨ ਕਦੇ ਵਿਦਿਆ, ਯੋਗ ਆਦਿ ਹਰ ਤਰ੍ਹਾਂ ਦਾ ਤਰੀਕਾ ਅਪਨਾਉਂਦਾ ਹੈ। ਕਈ ਵਾਰ ਸਮਝਾਉਣ ਦਾ ਇਹ ਢੰਗ ਵਾਧੂ ਤੇ ਬੇਲੋੜਾ ਜਿਹਾ ਵੀ ਜਾਪਦਾ ਹੈ।


ਨਾਵਲ ਦੀ ਜਿਹੜੀ ਖ਼ੂਬੀ ਸਭ ਤੋਂ ਵੱਧ ਉਭਰ ਕੇ ਆਉਂਦੀ ਹੈ, ਉਹ ਹੈ ਕਿ ਨਾਵਲਕਾਰ ਕਿਸੇ ਵੀ ਪਾਤਰ ਦਾ ਨਾਂ ਪੱਖ ਪੂਰਦਾ ਹੈ ਤੇ ਨਾ ਹੀ ਉਸ ਨੂੰ ਦੱਸਦਾ ਹੈ। ਭਾਵੇਂ ਲੱਛਮਣ ਸਿੰਘ ਹੋਵੇ, ਚਰਨਜੀਤ ਕੌਰ ਹੋਵੇ ਜਾਂ ਵਿਸ਼ਵਪ੍ਰੀਤ ਤੇ ਸਰਬਜੀਤ ਹੀ। ਲੱਛਮਣ ਤੇ ਚਰਨਜੀਤ ਦੀ ਲੜਾਈ ਵਿੱਚ ਨਾ ਉਹ ਭਰਾ ਨੂੰ ਚੰਗਾ ਕਹਿੰਦਾ ਹੈ ਤੇ ਨਾ ਚਰਨਜੀਤ ਨੂੰ ਮਾੜਾ। ਨਾ ਵਿਸ਼ਵਪ੍ਰੀਤ ਨੂੰ ਕੋਸਦਾ ਹੈ ਤੇ ਨਾ ਸਰਬਜੀਤ ਜਾਂ ਨਸੀਬਕੁਰ ਨੂੰ ਸਲਾਹੁੰਦਾ ਹੈ। ਹਰ ਪਾਤਰ ਆਪਣੀ ਖ਼ੂਬੀ ਤੇ ਕਮੀ ਨਾਲ ਉਭਰਦਾ ਹੈ।

ਪੰਜਾਬ ਦੇ ਪ੍ਰਮੁੱਖ ਮੁੱਦੇ ਜ਼ਮੀਨ ਤੇ ਪ੍ਰਵਾਸ ਦੋਹਾਂ ਨੂੰ ਹੀ ਨਾਵਲਕਾਰ ਨੇ ਕੇਂਦਰ ਵਿੱਚ ਲਿਆਉਣ ਦਾ ਜਤਨ ਕੀਤਾ ਹੈ। ਨਾਲ ਹੀ ਧਰਮ, ਡੇਰੇ, ਯੋਗ ਸਾਧਨਾ, ਪੰਚਾਇਤ ਦੀ ਚੋਣਾਂ, ਸਮਾਜ-ਸੇਵਾ ਆਦਿ ਨੂੰ ਨਾਲ ਜੋੜਣ ਦੇ ਬਾਵਜੂਦ ਘਰ-ਪਰਿਵਾਰਾਂ ਵਿੱਚ ਹਿੱਸੇਦਾਰੀ ਨੂੰ ਲੈ ਕੇ ਹੁੰਦੀ ਖਿਚੋਤਾਣ ਤੇ ਰਿਸ਼ਤੇ-ਨਾਤਿਆਂ ਵਿੱਚ ਲੁਕੇ ਸਵਾਰਥਾਂ ਦਾ ਵੀ ਚੰਗਾ ਪੱਖ ਪੂਰਿਆ ਹੈ। ਕੁਲ ਮਿਲਾ ਕੇ ਇਹ ਕਿਹਾ ਜਾ ਸਕਦਾ ਹੈ ਕਿ ਇਸ ਨਾਵਲ ਵਿੱਚ ਜ਼ਿੰਦਗੀ ਦੇ ਚੰਗੇ ਮਾੜੇ ਸਾਰੇ ਹੀ ਪੱਖ ਦਿੱਸਦੇ ਹਨ। ਪਰ ਰਿਸ਼ਤਿਆਂ ਦਾ ਸਮੀਕਰਣ ਬਦਲ ਜਾਣ 'ਤੇ ਕਈ ਉਲਝੇ ਤੇ ਪੇਚੀਦਾ ਸਵਾਲ ਵੀ ਪੈਦਾ ਹੁੰਦੇ ਹਨ। ਕੀ ਸਾਡਾ ਸਮਾਜ ਰਿਸ਼ਤਿਆਂ ਦੇ ਸਮੀਕਰਣ ਬਦਲੇ ਜਾਣ ਦੇ ਪੱਖਾਂ ਨੂੰ ਸਵੀਕਾਰ ਕਰਨ ਲਈ ਸਹਿਜੇ ਸਹਿਜੇ ਤਿਆਰ ਹੋ ਰਿਹਾ ਹੈ? ਕੀ ਸਾਰੇ ਰਿਸ਼ਤੇ-ਨਾਤੇ, ਰਿਸ਼ਤਿਆਂ ਦਾ ਪਵਿਤਰਤਾ ਤੇ ਗਰਿਮਾ ਨੂੰ ਪਿੱਛੇ ਸੁੱਟ ਕੇ ਲੋਭ ਲਾਲਚ ਤੇ ਸੁਖ ਪਾਉਣ ਦੀ ਭਾਵਨਾ ਨੂੰ ਪਹਿਲ ਦੇਂਦੇ ਜਾਣਾ, ਇਕ ਨਵੇਂ ਸਮਾਜ ਨਵੀਨ ਸਭਿਆਚਾਰ ਦੀ ਸਿਰਜਣਾ ਲਈ ਹੌਲੀ ਹੌਲੀ ਜ਼ਮੀਨ ਤੇ ਆਧਾਰ ਤਿਆਰ ਕਰ ਰਹੇ ਹਨ। ਆਉਣ ਵਾਲਾ 'ਗਗਨ' ਜਿਹੇ ਮਾਸੂਮ ਬੱਚਿਆਂ ਲਈ ਕਿਸ ਤਰ੍ਹਾਂ ਦੇ ਪਰਿਵਾਰ ਨੂੰ ਪੇਸ਼ ਕਰੇਗਾ। ਭੂਆ ਤੇ ਮਾਮੇ ਜਿਹੇ ਰਿਸ਼ਤਿਆਂ ਵਿੱਚ ਕੁੜਿਤਣ ਘੁਲਦੀ ਜਾਏਗੀ। ਨਾਵਲ ਇਹੋ ਜਿਹੇ ਕਈ ਸਵਾਲ ਉਠਾਉਂਦਾ ਜ਼ਰੂਰ ਹੈ ਤੇ ਜਵਾਬ ਲੱਭਣ ਲਈ... ਸ਼ਾਇਦ ਆਪਣਾ ਆਪਣਾ ਗਿਰੇਬਾਨ ਫਰੋਲਣਾ ਪੈਣਾ ਹੈ

### ਅਫ਼ਗਾਨਿਸਤਾਨ ਦੀ ਉਰਸੁਲਾ (ਮਨਮੋਹਨ ਬਾਵਾ)

ਪੰਜਾਬੀ ਸਾਹਿਤ ਵਿੱਚ ਪੌਰਾਣਿਕ ਤੇ ਇਤਿਹਾਸਿਕ ਤੱਥਾਂ ਦਾ ਖੁਰਾ ਲੱਭਣ ਵਾਲਾ ਸਾਹਿਤਕਾਰ ਮਨਮੋਹਨ ਬਾਵਾ ਹੈ। ਕਹਾਣੀਆਂ ਤੇ ਸਫ਼ਰਨਾਮੇ ਲਿਖਣ ਦੇ ਨਾਲ ਨਾਲ ਪਿੱਛੇ

ਜਿਹੇ ਉਸਨੇ 'ਯੁੱਧਨਾਦ' ਜਿਹਾ ਨਾਵਲ ਲਿਖਿਆ, ਜੋ ਕੁਝ ਕੁਝ ਆਲੋਚਨਾ ਹੋਣ ਦੇ ਬਾਵਜੂਦ ਬਹੁਤ ਮਕਬੂਲ ਹੋਇਆ। ਹੁਣ ਉਸ ਦਾ ਦੂਸਰਾ ਨਾਵਲ 'ਅਫ਼ਗਾਨਿਸਤਾਨ ਦੀ ਉਰਸੁਲਾ' ਪੜ੍ਹਣ ਦਾ ਮੌਕਾ ਮਿਲਿਆ।




ਇਸ ਨਾਵਲ ਦੀ ਪਿੱਠ ਭੂਮੀ ਤਾਂ ਇਤਿਹਾਸਕ ਰਾਜਨੀਤਕ ਹੈ। ਜਿਸ ਵਿੱਚ ਫਰੰਗੀਆਂ ਵਲੋਂ ਅਫ਼ਗਾਨਿਸਤਾਨ ਉਤੇ ਹਮਲਾ ਕਰ ਆਪਣੇ ਕਬਜ਼ੇ ਵਿੱਚ ਲੈ ਲਿਆ, ਪਰੰਤੂ ਅਫ਼ਗਾਨਾਂ ਨੇ ਵੀ ਆਪਣੀਆਂ ਚਰਿੱਤਰਕ ਵਿਸ਼ੇਸਤਾਵਾਂ ਤੇ ਸਿਆਸੀ ਚਾਲਾਂ ਰਾਹੀਂ ਫਰੰਗੀਆਂ ਨੂੰ ਉਥੋਂ ਖਦੇੜ ਦਿੱਤਾ। ਪਰ ਇਨ੍ਹਾਂ ਸਿਆਸੀ ਚਾਲਾਂ ਵਿੱਚ ਇਹ ਉਰਸੁਲਾ ਕਿਥੋਂ ਆ ਗਈ, ਜਿਸਨੇ ਨਾਵਲ ਦੇ ਸਿਰਲੇਖ ਤੱਕ ਉਤੇ ਕਬਜ਼ਾ ਕਰ ਲਿਆ। ਅਸਲ ਵਿੱਚ ਨਾਵਲ ਦੋ ਵਿਸ਼ੇਸ ਕੌਮਾਂ ਦਾ ਚਰਿਤਰ-ਚਿੱਤਰਣ ਕਰ ਉਨ੍ਹਾਂ ਦੀਆਂ ਖੂਬੀਆਂ ਤੇ ਕਮਜ਼ੋਰੀਆਂ ਉਤੇ ਰੋਸ਼ਨੀ ਪਾ ਰੇਤੀਲੇ ਅਫ਼ਗਾਨਿਸਤਾਨ ਦੀ ਭੂਗੋਲਿਕ ਸਥਿਤੀ ਦਾ ਸਰਵੇਖਣ ਕਰ, ਉਸ ਦੀ ਕੁਦਰਤੀ ਖ਼ੂਬਸੂਰਤੀ ਨਾਲ ਸਜੀਆਂ ਵਾਦੀਆਂ ਘਾਟੀਆਂ ਪਹਾੜਾਂ ਦੀਆਂ ਉੱਚਾਈਆਂ ਉਤਰਾਈਆਂ ਦੇ ਨਾਲ ਵਸਦੇ ਤੇ ਉਜੜੇ ਕਈ ਪਿੰਡਾਂ ਨਗਰਾਂ ਤੇ ਕਸਬਿਆਂ ਦੀ ਵੀ ਸੈਰ ਕਰਵਾਉਂਦਾ ਹੈ। ਇਸ ਲਈ ਇਸ ਨਾਵਲ ਨੂੰ ਇਕੋ ਵਾਰ ਵਿੱਚ ਥਰੀ ਇਨ ਵਨ' ਕਿਹਾ ਜਾ ਸਕਦਾ ਹੈ। ਜਿਸ ਵਿਚ ਇਤਿਹਾਸਿਕ-ਰਾਜਨੀਤਿਕ ਤੱਥ ਹਨ, ਸਫ਼ਰਨਾਮੇ ਵਰਗਾ ਰਸ ਹੈ ਤੇ ਕੁਝ ਪਾਤਰਾਂ ਦੇ ਤਾਣੇ-ਬਾਣੇ ਨਾਲ ਬੁਣੀ ਇਕ ਕਹਾਣੀ ਵੀ ਹੈ।

ਬੇਸ਼ਕ ਨਾਵਲਕਾਰ ਨੇ ਉਰਸੁਲਾ ਦੇ ਜ਼ਰੀਏ ਨਾਵਲ ਦੀ ਕਹਾਣੀ ਬਿਆਨ ਕੀਤੀ ਹੈ। ਪਰ ਨਾਵਲ ਦਾ ਕੇਂਦਰੀ ਪਾਤਰ 'ਮੋਹਨ ਲਾਲ' ਹੈ ਜੋ ਭਾਰਤੀ-ਕਸ਼ਮੀਰੀ ਹੈ। ਨਾਵਲ ਇਕੋ ਹੀ ਸਮੇਂ ਅਫ਼ਗਾਨਾਂ, ਫਰੰਗੀਆਂ, ਭਾਰਤੀਆਂ, ਰਲਵੇਂ ਪਾਤਰਾਂ ਦੀ ਗੱਲ ਕਰਦਾ ਹੈ, ਜਿਨ੍ਹਾਂ ਵਿੱਚ ਪ੍ਰਮੁੱਖ ਤੌਰ ਤੇ ਉਨ੍ਹਾਂ ਘੁੰਮਾਂਤਰੂਪਨ ਉਘੜ ਕੇ ਆਉਂਦਾ ਹੈ, ਫਿਰ ਭਾਵੇਂ ਉਹ ਫਰੰਗੀ ਉਰਸੁਲਾ ਹੋਵੇ, ਆਇਰਿਸ਼ ਲਾਰੰਸ ਹੋਵੇ, ਕਸ਼ਮੀਰੀ ਮੋਹਨ ਲਾਲ ਹੋਵੇ ਜਾਂ ਖ਼ਾਨਾਬਦੋਸ਼ ਅਲਫਦੀਨ ਹੋਵੇ। ਇਹ ਸਾਰੇ ਹੀ ਪਾਤਰ ਇਸੇ ਕਰਕੇ ਇਕ ਦੂਜੇ ਦੇ ਸੰਪਰਕ ਵਿੱਚ ਆਉਂਦੇ ਹਨ, ਕਿਉਂਕਿ ਉਨ੍ਹਾਂ ਦਾ ਸੁਭਾਅ ਕਾਫੀ ਹੱਦ ਤਕ ਮਿਲਦਾ-ਜੁਲਦਾ ਹੈ। ਉਹ ਲੋਕ ਇਕ ਥਾਂ ਤੇ ਟਿਕ ਕੇ ਨਹੀਂ ਰਹਿ ਸਕਦੇ। ਉਹ ਆਪਣੀ ਇਸ ਛੋਟੀ ਜਿਹੀ ਜ਼ਿੰਦਗੀ ਵਿੱਚ ਦੁਨੀਆਂ ਦੀਆਂ ਵੱਧ ਤੋਂ ਵੱਧ ਖ਼ੂਬਸੂਰਤ ਥਾਵਾਂ ਨੂੰ ਮਾਨ੍ਹਣਾ ਚਾਹੁੰਦੇ ਹਨ। ਉਹ ਇਸ ਮਾਨਣ ਦੀ ਅਵਸਥਾ ਵਿੱਚ ਰਾਹ ਵਿੱਚ ਆਉਣ ਵਾਲੀਆਂ ਔਕੜਾਂ, ਖਤਰਿਆਂ ਤੇ ਸੰਕਟਾਂ ਤੋਂ ਘਬਰਾਉਂਦੇ ਨਹੀਂ ਸਗੋਂ ਹੌਂਸਲਾ ਰੱਖ ਅੱਗੇ ਵੱਧਦੇ ਜਾਣ ਨੂੰ ਹੀ ਜੀਵਨ ਮੰਨਦੇ ਹਨ। ਨਾਵਲ ਦਾ ਕਥਾਨਕ ਫਰੰਗੀ-ਅਫਗਾਨ ਹਮਲੇ ਵਿੱਚ ਗਾਇਬ ਹੋਈ ਉਰਸਲਾ ਨੂੰ ਭਾਲਣ ਨਾਲ ਜੁੜਿਆ ਹੋਇਆ ਹੈ, ਪਰੰਤੂ ਪਾਤਰ ਆਪਣੀ-ਆਪਣੀ ਥਾਂ ਆਪਣੇ ਆਪ ਨੂੰ ਹੀ ਭਾਲਦੇ ਨਜ਼ਰ ਆਉਂਦੇ ਹਨ, ਉਰਸੁਲਾ ਲਾਰੰਸ ਉਰਫ਼ ਬਿਲਾਸੀ, ਮੋਹਨ ਲਾਲ ਆਦਿ। ਉਹ ਸ਼ਹਿਰੀ ਸਭਿਅਤਾ ਵਿੱਚ ਜੰਮੇ-ਪਲੇ ਹੋਣ ਦੇ ਬਾਵਜੂਦ ਸੁਭਾਅ ਵਜੋਂ ਖ਼ਾਨਾਬਦੋਸ਼ ਹਨ।

ਲੇਖਕ ਦਾ ਸਫ਼ਰਨਾਮਾ ਲਿਖਣ ਦਾ ਅਨੁਭਵ ਇਥੇ ਪ੍ਰਤੱਖ ਦਿੱਸਦਾ ਹੈ। ਅਫ਼ਗਾਨਿਸਤਾਨ ਦੀ ਸੈਰ ਕਰਵਾਉਂਦਿਆਂ ਉਹ ਮੌਤ ਦੇ ਰੇਗਿਸਤਾਨ, ਬਾਗ਼-ਏ-ਬਹਿਸ਼ਤ, ਨੂਰਿਸਤਾਨ, ਬਾਮੀਆਂ, ਕਾਬਲ, ਕੰਧਾਰ ਆਦਿ ਬਾਰੇ ਚੰਗੀ ਜਾਣਕਾਰੀ ਦੇਂਦਾ ਹੈ। ਉਸ ਰਾਹੀਂ ਦਿੱਤੀਆਂ




ਹੋਰ ਅਨੇਕ ਜਾਣਕਾਰੀਆਂ ਤੋਂ ਇਹ ਗੱਲ ਵੀ ਉੱਘੜ ਕੇ ਸਾਹਮਣੇ ਆਉਂਦੀ ਹੈ ਕਿ ਕੁਦਰਤ ਦੀ ਖ਼ੂਬਸੂਰਤੀ ਨੂੰ ਨਸ਼ਟ ਕਰਨ ਵਾਲਾ ਸਦਾ ਮਨੁੱਖ ਹੀ ਰਿਹਾ ਹੈ। ਸਦੀਆਂ ਤੋਂ ਮਨੁੱਖ ਦਾ ਸੁਭਾਅ ਅਜਿਹਾ ਹੀ ਰਿਹਾ ਹੈ। ਕਦੇ-ਕਦੇ ਹਮਲਾਵਰਾਂ ਦੇ ਰੂਪ ਵਿੱਚ ਉਨ੍ਹਾਂ ਨੂੰ ਉਜਾੜ ਕੇ ਦੋਸ਼ੀ ਵੀ ਬਣਦਾ ਹੈ।

ਲੇਖਕ ਨੇ ਉਰਸੁਲਾ ਨੂੰ ਅਫ਼ਗਾਨਿਸਤਾਨ ਨਾਲ ਜੋੜ ਕੇ ਕਿਉਂ ਲਿਖਿਆ ਹੈ? ਉਹ ਕਿਸੇ ਦੇਸ, ਕਿਸੇ ਕੌਮ ਨਾਲ ਜੁੜੀ ਹੋਈ ਨਹੀਂ। ਉਹ ਸਿਰਫ ਇਕ ਮਨੁੱਖ ਹੈ, ਇਕ ਇਸਤਰੀ ਹੈ, ਜੋ ਭਰਪੂਰ ਜੀਵਨ ਜਿਉਣਾ ਹੀ ਲੋਚਦੀ ਹੈ। ਕੋਈ ਦੇਸ, ਕੋਈ ਸੀਮਾ ਸਰਹੱਦ, ਕੋਈ ਮਰਦ ਉਸ ਨੂੰ ਉਸ ਦੇ ਵਿਚਾਰਾਂ ਤੋਂ ਹੋੜ ਨਹੀਂ ਪਾਉਂਦਾ। ਉਹ ਮਸਤ ਹਵਾ ਵਰਗੀ ਹੈ, ਕਾਸ਼! ਉਸ ਵੇਲੇ ਬਾਕੀ ਔਰਤਾਂ ਦੇ ਜੀਵਨ ਵਿੱਚ ਉਰਸੁਲਾ ਵਰਗੀ ਥੋੜ੍ਹੀ ਜਿਹੀ ਹੀ ਰਵਾਨੀ ਤੇ ਗਤਿਸ਼ੀਲਤਾ ਆ ਜਾਂਦੀ ਤਾਂ ਭਾਰਤ ਤੇ ਅਫ਼ਗਾਨ ਤਾਂ ਘਟੋ-ਘੱਟ ਛੇਤੀ ਤਰੱਕੀ ਦੇ ਰਾਹ ਉਤੇ ਤੁਰ ਪੈਂਦੇ। ਦੇਰ ਅਜੇ ਵੀ ਨਹੀਂ ਹੋਈ, ਆਪਣਾ ਆਪ ਭਾਲਣ ਤੇ ਜੀਵਨ ਨੂੰ ਭਰਪੂਰ ਜਿਉਣ ਦਾ ਫੈਸਲਾ ਕਦੇ ਵੀ ਕੀਤਾ ਜਾ ਸਕਦਾ ਹੈ, ਉਸ ਦੇ ਲਈ ਕਿਸੇ ਖਾਸ ਸਮੇਂ, ਸਥਾਨ ਤੇ ਕਾਲ ਦੀ ਲੋੜ ਨਹੀਂ। ਮਨੁੱਖ ਜੇ ਆਪਣੇ-ਆਪ ਨੂੰ ਖਾਨਾਬਦੋਸ਼ ਹੀ ਸਮਝੇ ਤਾਂ ਉਹ ਜੀਵਨ ਤੇ ਅਧਿਆਤਮਕਤਾ ਨੂੰ ਵਧੇਰੇ ਇਕਮਿਕ ਕਰ ਸਕੇਗਾ।

-ਡਾ. ਜਸਵਿੰਦਰ ਕੌਰ ਬਿੰਦਰਾ

**ਇੰਦਰਾ ਗਾਂਧੀ** (ਇੰਦਰਾ ਮਲਹੋਤਰਾ, ਅਨੁਵਾਦ ਮਨਮੋਹਨ)
**ਪ੍ਰਕਾਸ਼ਕ ਨੈਸ਼ਨਲ ਬੁਕ ਟਰੱਸਟ, ਇੰਡੀਆ, ਮੁੱਲ 60 ਰੁਪਏ, ਪੰਨੇ 162**

ਇਹ ਜੀਵਨੀ ਭਾਰਤ ਦੀ ਮਹਾਨ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੈ ਜਿਸ ਨੂੰ ਪੱਤਰਕਾਰੀ 'ਚ ਸਨਮਾਨਜਨਕ ਸ਼ਖ਼ਸੀਅਤ ਇੰਦਰਾ ਮਲਹੋਤਰਾ ਨੇ ਲਿਖੀ ਹੈ ਤੇ ਇਸ ਕਿਤਾਬ ਦਾ ਅਨੁਵਾਦ ਪੰਜਾਬੀ ਚਰਚਿਤ ਕਵੀ ਤੇ ਚਿੰਤਕ ਡਾ. ਮਨਮੋਹਨ ਨੇ ਕੀਤਾ ਹੈ। ਇਸ ਜੀਵਨੀ ਵਿਚ ਇੰਦਰਾ ਗਾਂਧੀ ਦੇ ਬਚਪਨ , ਜਵਾਨੀ, ਰਾਜਨੀਤਿਕ ਸੂਝ ਤੇ ਉਸ ਦੇ ਪ੍ਰਧਾਨ ਮੰਤਰੀ ਬਣਨ ਤੇ ਰਾਜਨੀਤਿਕ ਚਾਲਾ, ਅੰਦਰੂਨੀ ਸਮੱਸਿਆਵਾਂ ਅਤੇ ਪਰਿਵਾਰ ਤੇ ਬਰੀਕੀ ਨਾਲ ਝਾਤ ਪਾਉਂਦੀ ਹੈ ਇੰਦਰਾ ਦਾ ਪਰਿਵਾਰਕ ਪਿਛੋਕੜ ਕਸ਼ਮੀਰੀ ਪੰਡਤਾ ਦਾ ਹੈ। ਉਸ ਦਾ ਘਰਾਣਾ ਸ਼ੁਰੂ ਤੋਂ ਖਾਂਦਾ-ਪੀਂਦਾ ਘਰਾਣਾ ਸੀ। ਜਦੋਂ ਇੰਦਰਾ ਦਾ ਜਨਮ ਹੋਇਆ ਤੇ ਮਾਂ ਦੀ ਇੱਛਾ ਸੀ ਮੁੰਡਾ ਪੈਦਾ ਹੋਵੇ ਪਰ ਪਿਤਾ ਜਵਾਹਰ ਲਾਲ ਨਹਿਰ ਨੇ ਇਸ ਪੁੱਤਰੀ ਨੂੰ ਇਨਕਲਾਬ ਦੀ ਬੇਟੀ ਕਿਹਾ। ਇੰਦਰਾ ਦੀ ਮਾਂ ਬੜੀ ਰੂੜੀਵਾਦੀ ਖਿਆਲਾਂ ਦੀ ਸੀ। ਨਿਆਣੀ ਉਮਰੇ ਹੀ ਇੰਦਰਾ ਰਾਜਨੀਤੀ ਵੱਲ ਖਿੱਚੀ ਗਈ ਇਸ ਦੇ ਬੀਜ ਗੁੱਡੀਆਂ ਨੂੰ ਦਿੱਤੇ ਭਾਸ਼ਣ ਦੇਣੀ ਸੀ, ਜਿੱਥੇ ਇੰਦਰਾ ਸ਼ਾਂਤੀ ਨਿਕੇਤਨ ਨੂੰ ਪਿਆਰ ਕਰਦੀ ਸੀ ਉੱਥੇ ਆਕਸਫੋਰਡ ਨੂੰ ਵੀ ਪਿਆਰ ਕਰਦੀ ਸੀ। ਫਿਰੋਜ਼ ਨਾਲ ਇੰਦਰਾ ਦਾ ਵਿਆਹ 1942 ਨੂੰ ਹੁੰਦਾ ਹੈ। ਉਦੋਂ ਗਾਂਧੀ ਪਰਿਵਾਰ ਭਾਰਤ ਦੀ ਆਜ਼ਾਦੀ ਲਈ ਲੜ ਰਿਹਾ ਸੀ। ਦੂਜੇ ਕਾਂਡ 'ਉਹਦੇ ਪਿਤਾ ਦੇ ਪੱਖ ਤੋਂ' 'ਚ ਜਿਕਰ ਹੈ ਕਿ ਨਹਿਰੂ ਇੰਦਰਾ ਨੂੰ ਦਿੱਲੀ ਬੁਲਾ ਲੈਂਦਾ ਹੈ ਫਿਰ ਫਿਰੋਜ਼ ਦੀ ਸਾਂਸਦ ਬਣ ਕੇ ਦਿੱਲੀ ਆ ਜਾ ਜਾਂਦਾ ਹੈ। ਪਰ ਇੰਦਰਾ ਤੇ ਫਿਰੋਜ਼ 'ਚ ਦੂਰੀ ਵੱਧਣ ਲੱਗਦੀ ਹੈ ਫਿਰ ਰਸਮੀ




ਤੌਰ ਤੇ ਤਲਾਕ ਤਾਂ ਨਹੀਂ ਹੁੰਦਾ ਪਰ ਵਿਆਹੁਤਾ ਸੰਬੰਧ ਟੁੱਟ ਜਾਂਦੇ ਹਨ ਫਿਰ ਉਸ ਦਾ ਪਿਤਾ ਇੰਦਰਾ ਨੂੰ ਰਾਜਨੀਤੀ 'ਚ ਲੈ ਆਉਂਦਾ ਹੈ। ਇੰਦਰਾ ਕਾਂਗਰਸ ਪਾਰਟੀ ਦੀ ਪ੍ਰਧਾਨ ਚੁਣ ਲਈ ਜਾਂਦੀ ਹੈ ਇੰਦਰਾ ਦੀ ਹੋਰਨਾ ਨਾਲ ਦੋਸਤੀ ਫਿਰੋਜ ਲਈ ਸਹਿਣੀ ਮੁਸ਼ਕਲ ਹੈ 1964 ਨੂੰ ਨਹਿਰੂ ਦਾ ਅੰਤ ਹੋ ਜਾਂਦਾ ਹੈ ਤੇ ਇੰਦਰਾ ਕਾਂਗਰਸ ਵਿਚੋਂ ਉਭਰਦੀ ਹੈ ਨਹਿਰੂ ਨਹੀਂ ਸੀ ਚਾਹੁੰਦੇ ਕਿ ਉਨ੍ਹਾਂ ਦੀ ਧੀ ਉਸ ਦੀ ਉੱਤਰਾਧਿਕਾਰੀ ਬਣੇ। ਸ਼ਾਸਤਰੀ ਦਾ ਰੁਤਬਾ ਉਸ ਤੋਂ ਵੱਡਾ ਸੀ। ਦੋਹਾਂ 'ਚ ਖਿੱਚੋਤਾਣ ਵੀ ਬਣਦੀ ਹੈ। 48 ਸਾਲਾਂ ਦੀ ਇੰਦਰਾਂ ਪ੍ਰਧਾਨ ਮੰਤਰੀ ਬਣ ਜਾਂਦੀ ਹੈ ਇਹ ਉਹਦੀ ਰਾਜਨੀਤੀ ਦਾ ਸ਼ਿਖਰ ਸੀ ਇਸ ਦੌਰਾਨ ਬੜੇ ਉਤਾਰ-ਚੜਾ ਆਉਂਦੇ ਹਨ। 1971 ਦੀ ਭਾਰਤ ਪਾਕਿ ਜੰਗ ਦੇ ਸਿੱਟੇ ਭੁਗਤਦੀ ਹੋਈ ਬੜੀ ਕੁਸ਼ਲਤਾਂ ਨਾਲ ਦੇਸ਼ ਨੂੰ ਸਾਂਭਦੀ ਹੈ।

ਇੰਦਰਾ ਵੱਲੋਂ ਲਗਾਈ ਐਮਰਜੈਂਸੀ ਨੇ ਇੰਦਰਾ ਦਾ ਰਾਜਨੀਤਿਕ ਅਕਸ ਬਹੁਤ ਧੁੰਦਲਾ ਤੇ ਖਰਾਬ ਕੀਤਾ। ਜਿਸ ਕਰਕੇ ਕਾਂਗਰਸ ਨੇ ਬਹੁਤ ਭਿਆਨਿਕ ਸਿੱਟੇ ਭੁਗਤੇ। ਇਸੇ ਕਰਕੇ ਦੇਸਾਈ ਇੰਦਰਾ ਦਾ ਅੰਤ ਬਹੁਤ ਨੇੜੇ ਸਮਝ ਰਿਹਾ ਸੀ। ਇਸੇ ਦੌਰਾਨ ਉਸ ਦੇ ਮੁੰਡੇ ਸੰਜੇ ਗਾਂਧੀ ਦੀ ਚੜ੍ਹਤ ਹੁੰਦੀ ਹੈ ਐਮਰਜੈਂਸੀ ਦਾ ਸਿੱਟਾ ਇਹ ਨਿਕਲਦਾ ਹੈ ਕਿ ਇੰਦਰਾ ਹਾਰ ਜਾਂਦੀ ਹੈ ਤੇ ਜਨਤਾ ਪਾਰਟੀ ਸੱਤਾ 'ਚ ਆ ਜਾਂਦੀ ਹੈ। 1977 ਦੀਆਂ ਚੋਣਾਂ 'ਚ ਫਿਰ ਇੰਦਰਾ ਦੀ ਵਾਪਸੀ ਹੁੰਦੀ ਹੈ। ਫਿਰ ਅਗਲੇ ਪੰਨਿਆਂ ਉੱਤੇ ਇੰਦਰਾਂ ਨੂੰ ਵੱਖ ਵੱਖ ਸੂਬਿਆ 'ਚ ਚਲ ਰਹੇ ਅੰਦੋਲਨਾ, ਵੱਖਵਾਦੀ ਗਰੁੱਪਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਦੌਰਾਨ ਪੰਜਾਬ 'ਚ ਅੰਦੋਲਨ ਚੱਲਦਾ ਹੈ। ਜੋ ਕਿ ਭਿਆਨਿਕ ਰੂਪ ਅਖਤਿਆਰ ਕਰ ਲੈਂਦਾ ਹੈ ਜਿਹੜਾ ਕਿ ਇੰਦਰਾ ਦੇ ਅੰਤ ਦਾ ਕਾਰਨ ਬਣਦਾ ਹੈ। ਹਰਿਮੰਦਰ ਸਾਹਿਬ ਤੇ ਹਮਲਾ ਇੰਦਰਾ ਦੀ ਬਹੁਤ ਵੱਡੀ ਇਤਿਹਾਸ ਭੁੱਲ ਬਣ ਜਾਂਦੀ ਹੈ। ਸਿੱਖਾਂ 'ਚ ਇੰਦਰਾਂ ਪ੍ਰਤੀ ਨਫ਼ਰਤ ਪੈਦਾ ਹੋ ਜਾਂਦੀ ਹੈ। ਇੰਦਰਾ ਨੂੰ ਲੱਗਣ ਲੱਗ ਪੈਂਦਾ ਹੈ ਕਿ ਉਸ ਦਾ ਅੰਤ ਨੇੜੇ ਆ ਗਿਆ ਹੈ। ਅਕਤੂਬਰ 'ਚ 1984 'ਚ ਇੰਦਰਾਂ ਦੀ ਮੌਤ ਹੋ ਜਾਂਦੀ ਹੈ ਤਾਂ ਇਕ ਮਹਾਨ ਨੇਤਾ ਦਾ ਅੰਤ ਹੋ ਜਾਂਦਾ ਹੈ ਜਿਸ ਨੇ ਭਾਰਤ ਤੇ ਲੰਮੇ ਸਮੇਂ ਹਾਜਨੀਤਿਕ ਪ੍ਰਭਾਵ ਪਾਇਆ। ਇਹ ਜੀਵਨੀ ਇੰਦਰਾ ਗਾਂਧੀ ਦੀ ਸਮੁੱਚੀ ਜ਼ਿੰਦਗੀ ਨੂੰ ਬੜੇ ਵਿਸਥਾਰ ਨਾਲ ਤੇ ਤਰਕ ਨਾਲ ਬਿਆਨ ਕਰਦੀ ਹੈ। ਇਹ ਕਿਤਾਬ ਪੜ੍ਹਦਿਆ ਭਾਰਤੀ ਸਿਆਸਤ ਦੇ ਅਨੇਕਾਂ ਪੱਖਾਂ ਤੇ ਜਾਣਕਾਰੀ ਮਿਲਦੀ ਹੈ। ਕਿਤਾਬ ਪੜ੍ਹਨ ਵਾਲੀ ਤੇ ਰੋਚਿਕ ਹੈ।

## ਬਚਨ ਦੀ ਆਤਮ ਕਥਾ (ਸੰਖੇਪ ਸੰਸਕਰਣ)

ਸੰਖੇਪਕਰਤਾ ਅਜਿਤ ਕੁਮਾਰ, ਅਨੁਵਾਦ ਸਤੀਸ਼ ਕੁਮਾਰ ਵਰਮਾਂ

ਪ੍ਰਕਾਸ਼ਕ ਨੈਸ਼ਨਲ ਬੁਕ ਟਰਸੱਟ, ਇੰਡੀਆ, ਮੁੱਲ 75 ਰੁਪਏ, ਪੰਨੇ 169




ਹਿੰਦੀ ਦੇ ਚਰਚਿਤ ਕਵੀ ਹਰਿਵੰਸ਼ ਰਾਏ ਬੱਚਨ ਦੀ ਇਹ ਚਾਰ ਖੰਡਾਂ 'ਕਥਾ ਭੂਲੂੰ ਕਥਾ ਯਾਦ ਕਰੂੰ', 'ਨੀੜ ਕਾ ਨਿਰਮਾਣ ਫਿਰ', 'ਬਸੇਰੇ ਸੇ ਦੂਰ', 'ਦਸ਼ਦੂਾਰ ਸੇ ਸੋਪਾਨ ਤਕ' ਦਾ ਸੰਖੇਪ ਰੂਪ ਹੈ। 1200 ਪੰਨਿਆ ਨੂੰ 170 ਪੰਨਿਆਂ 'ਚ ਬੜੀ ਕੁਸ਼ਲਤਾ ਨਾਲ ਲਿਖਿਆ ਗਿਆ ਹੈ।

ਜੀਵਨੀ ਨਾਵਲੀ ਬਿਰਤਾਂਤ 'ਚ ਲਿਖੀ ਹੋਣ ਕਰਕੇ ਨਾਵਲ ਦਾ ਭੁਲੇਖਾ ਵੀ ਸਿਰਜਦੀ ਹੈ। ਬੱਚਨ ਨੇ ਆਪਣਾ ਜੀਵਨ



ਬੜਾ ਹੀ ਸਧਾਰਨ ਵਿਅਕਤੀ ਦੇ ਰੂਪ 'ਚ ਜੀਵਿਆ ਜੀਵਨੀ ਨੂੰ ਲੇਖਕ ਨੇ ਮੈਂ ਮੂਲਕ ਸ਼ੈਲੀ 'ਚ ਲਿਖਿਆ ਹੈ। 'ਬਚਨ' ਆਪਣੀ ਜੀਵਨੀ ਦੱਸ ਰਹੇ ਹਨ। ਅਰੰਭ 'ਚ ਬਚਨ ਨੇ ਆਪਣੇ ਪੁਰਖਿਆਂ ਨੂੰ ਫਰੋਲਿਆ ਹੈ ਉਸ ਪਰਿਵਾਰ ਦੀਆਂ ਜੜ੍ਹਾਂ ਉੱਤਰ ਪ੍ਰਦੇਸ਼ ਦੇ ਬਸਤੀ ਜ਼ਿਲ੍ਹੇ ਦੇ ਅਮੋੜਾ ਪਿੰਡ ਦੀਆਂ ਹਨ। 'ਬੱਚਨ' ਕਾਇਸਥ' ਪਰਿਵਾਰ 'ਚ ਜਨਮਿਆ। ਉਹ ਇਕ ਕਥਾ ਦੱਸਦੇ ਹਨ ਕਿ ਇਕ ਗੁਰੂ ਨੇ ਉਸ ਖਨਦਾਨ ਦੇ ਮੋਢੀ ਨੂੰ ਕਿਹਾ ਸੀ, 'ਤੂੰ ਕਾਇਸਥ ਹੈ, ਭਿਖਿਆ ਤੈਥੋਂ ਮੰਗੀ ਨਹੀਂ ਜਾਣੀ, ਦਾਨ ਤੈਨੂੰ ਪਚਣਾ ਨਹੀਂ, ਇਹ ਰੁਪਏ ਉਧਾਰ ਦੇ ਰੂਪ 'ਚ ਦੇ ਰਿਹਾ!' ਚੌਥੀ, ਪੰਜਵੀ ਪੀੜ੍ਹੀ 'ਚ ਹੀ ਉਸ ਦਾ ਖਾਨਦਾਨ ਅਮੀਰ ਹੋ ਜਾਂਦਾ ਹੈ ਜਦੋਂ ਉਸ ਦਾ ਦਾਦਾ ਅੰਗਰੇਜ ਸਰਕਾਰ ਦਾ ਨਾਇਬ ਹੋ ਜਾਂਦੇ ਹਨ ਤੇ ਖੂਬ ਪੈਸਾ ਕਮਾਉਂਦੇ ਹਨ। ਬਚਨ ਆਪਣੇ ਪਰਿਵਾਰ ਬਾਰੇ ਲਿਖਦਾ ਹੈ ਕਿ ਮੇਰੇ ਪਰਿਵਾਰ 'ਚ ਇਕ ਅਨੋਖੀ ਪਰੰਪਰਾ ਚਲੀ ਆਉਂਦੀ ਹੈ ਕਿ ਇਕ ਪੀੜ੍ਹੀ ਵਿਚ ਪੁਰਸ਼ ਸ਼ਾਸਨ ਕਰਦਾ ਹੈ ਅਤੇ ਦੂਜੀ ਵਿਚ ਇਸਤਰੀ। ਬਚੱਨ ਦਾ ਜਨਮ 1907 ਨੂੰ ਹੁੰਦਾ ਹੈ।

ਆਪਣੀ ਜ਼ਿੰਦਗੀ ਦਾ ਬੜਾ ਰੋਚਿਕ ਕਿੱਸਾ ਬਿਆਨ ਕਰਦਾ ਹੈ ਕਿ ਜਦੋਂ ਉਹਦਾ ਜਨਮ ਹੁੰਦਾ ਹੈ ਕਿ ਪਿਛਲੇ 'ਚ ਉਨ੍ਹਾਂ ਦੇ ਘਰ ਲਛਮਿਨਿਆ ਚਮਾਰੀ ਆਉਂਦੀ ਸੀ। ਮਾਂ ਉਹਨੂੰ ਪੰਜ ਪੈਸੇ ਵਿੱਚ ਲਛਮਿਨਿਆ ਨੂੰ ਵੇਚ ਦਿੰਦੀ ਹੈ ਤੇ ਜਦੋਂ ਉਸ ਨੇ ਬਚਨ ਨੂੰ ਗੋਦ 'ਚ ਲਿਆ ਹੈ ਉਹਦਾ ਦੁੱਧ ਉਤਰ ਆਇਆ ਸੋ ਬੱਚਨ ਇਕ ਦਲਿਤ ਚਮਾਰੀ ਦਾ ਦੁੱਧ ਪੀ ਕੇ ਵੱਡਾ ਹੋਇਆ।

ਫਿਰ ਪੜਾਈ ਦਾ ਜ਼ਿਕਰ ਹੈ। ਕਾਇਸਥ ਪਾਠਸ਼ਾਲਾ 'ਚ ਪੜ੍ਹਦਿਆਂ ਉਸਨੇ ਪਹਿਲੀ ਲਿਖੀ ਉੱਚ ਵਿਦਿਆ ਪ੍ਰਾਪਤੀ ਦਾ ਬਿਰਤਾਂਤ ਤੇ ਘਰ ਦੇ ਹਲਾਤਾਂ ਬਾਰੇ ਵਿਸਥਾਰ ਨਾਲ ਲਿਖਿਆ ਗਿਆ ਹੈ। ਬੱਚਨ ਦੀ ਚਰਚਿਤ ਕਿਤਾਬ 'ਮਧੂਸ਼ਾਲਾ' ਦਾ ਜ਼ਿਕਰ ਆਉਂਦਾ ਹੈ। ਪਿਤਾ-ਪੁੱਤਰ ਦੇ ਸੰਬੰਧਾਂ ਦਾ ਜ਼ਿਕਰ ਹੈ। ਬੱਚਨ ਨੇ ਆਪਣੀ ਮਰਜੀ ਨਾਲ ਜੀਊਣਾ ਚਾਹਿਆ। ਫਿਰ ਉਸ ਦਾ ਸੰਬੰਧ ਤੇਜੀ ਨਾਲ ਬਣਦਾ ਹੈ ਜੋ ਸਰਦਾਰ ਖਜ਼ਾਨ ਸਿੰਘ ਬੈਰਿਸਟਰੀ ਪਾਸ ਦੀ ਲਾਡਲੀ ਪੁੱਤਰੀ ਸੀ ਜੋ ਉਹਦੀ ਪਤਨੀ ਬਣੀ। ਕਾਲਜ 'ਚ ਬਚਨ ਪੜ੍ਹਾਉਂਦਾ ਹੈ ਤੇ ਜਦੋਂ ਅਮਿਤਾਬ 9 ਸਾਲ ਦਾ ਸੀ ਤਾਂ ਵੀ ਉਹ ਕਿਰਾਏ ਦੇ ਮਕਾਨ ਤੇ ਰਹਿੰਦੇ ਸਨ ਫਿਰ ਉਸਦੇ ਖੋਜ ਕਾਰਜ ਦੇ ਪ੍ਰਸੰਗ ਹਨ। ਅਗਲੇ ਪੰਨਿਆਂ ਉੱਤੇ ਇੰਦਰਾਂ ਗਾਂਧੀ ਪਰਿਵਾਰ ਨਾਲ ਸੰਬੰਧ ਜੁੜਦੇ ਹਨ ਅਤੇ ਇਨ੍ਹਾਂ ਸੰਬੰਧਾਂ ਦੇ ਸਿਰ ਤੇ ਉਹ ਰਾਜ ਸਭਾ ਦਾ ਮੈਂਬਰ ਬਣ ਜਾਂਦਾ ਹੈ। 1968 ਦਾ ਪ੍ਰਸੰਗ ਜਦੋਂ ਰਾਜੀਵ ਗਾਂਧੀ ਦੀ ਮੰਗੇਤਰ ਸੋਨੀਆ ਬਚਨ ਦੇ ਘਰ ਠਹਿਰਦੀ ਹੈ ਇਥੇ ਹੀ ਅਮਿਤਾਬ ਨਾਲ ਧਰਮ ਦੇ ਭਰਾ ਦਾ ਰਿਸ਼ਤਾ ਜੁੜਦਾ ਹੈ ਭਾਵੇਂ ਕਿ ਬੱਚਨ ਦੀ ਮੌਤ ਤੋਂ ਕਈ ਸਾਲ ਬਾਦ ਇਹ ਰਿਸ਼ਤਾ ਟੁੱਟ ਜਾਂਦਾ ਹੈ ਤੇ ਬਚਨ ਪਰਿਵਾਰ ਕਾਂਗਰਸ ਤੋਂ ਸਮਾਜਵਾਦੀ ਪਾਰਟੀ ਵੱਲ ਝੁਕ ਜਾਂਦੇ ਹਨ। ਫਿਰ ਹਰਿਵੰਸ਼ ਬੱਚਨ ਆਪਣੇ ਸਟਾਰ ਪੁੱਤਰ ਅਮਿਤਾਬ ਦਾ ਜ਼ਿਕਰ ਕਰਦਾ ਹੈ ਜਦੋਂ ਉਹ ਪ੍ਰਸਿੱਧੀ ਵੱਲ ਵਧ ਰਿਹਾ ਸੀ। ਇਸ ਜੀਵਨੀ ਵਿਚ ਬੱਚਨ ਨੇ ਬੜੇ ਰੋਚਿਕ ਵੇਰਵੇ ਦਿੱਤੇ ਹਨ। ਅਤੇ ਇਹ ਸੰਖੇਪਕਰਤਾ ਦਾ ਕਮਾਲ ਹੈ ਕਿ ਉਸ ਨੇ ਸੰਖੇਪ ਕਰਦਿਆਂ ਗਲਪੀ ਬਿਰਤਾਂਤ ਨੂੰ ਕਾਇਮ ਰੱਖਿਆ ਹੈ। ਉਹ ਪਾਠਕ ਨੂੰ ਫੜਨ ਤੇ ਉਹਨੂੰ ਉਂਗਲੀ ਨਾਲ ਲਾ ਕੇ ਤੋਰੀ ਰੱਖਦਾ ਹੈ।

## ਇਸ ਵਾਰ (ਤਲਵਿੰਦਰ ਸਿੰਘ)

ਤਲਵਿੰਦਰ ਦਾ ਇਹ ਨਵਾਂ ਕਹਾਣੀ ਸੰਗ੍ਰਹਿ ਹੈ। ਇਨ੍ਹਾਂ ਕਹਾਣੀਆਂ ਵਿਚ ਉਸ ਨੇ ਮਨੁੱਖੀ ਵਿਹਾਰ ਦੀ ਵਭਿੰਨ ਵਭਿੰਨ ਪਰਤਾ ਨੂੰ ਕੇਂਦਰੀ ਬਿੰਦੂ ਬਣਾਇਆ ਹੈ। ਸਮਾਜਿਕ

ਸਰੋਕਾਰ ਉਸ ਦੀ ਕਹਾਣੀ ਦਾ ਅਹਿਮ ਪਹਿਲੂ ਹੈ। 'ਤਾੜੀ' ਤਲਵਿੰਦਰ ਦੀ ਸਭ ਤੋਂ ਚਰਚਿਤ ਅਤੇ ਕਿਤਾਬ ਦੀ ਵਧੀਆ ਕਹਾਣੀ ਹੈ। ਉਸ ਦੀ ਇਕ ਹੋਰ ਕਹਾਣੀ ਹੈ 'ਜਲਧਾਰਾ' ਪਰ ਪਹਿਲਾ ਅਸੀਂ ਉਸ ਦੀ ਕਹਾਣੀ ਤਾੜੀ ਦੀ ਗੱਲ ਕਰਾਗੇ। ਇਹ ਕਹਾਣੀ ਵਿਚ ਮਨੁੱਖੀ ਮਨ ਦੇ ਦਵੰਦ ਨੂੰ ਪੇਸ਼ ਕੀਤਾ ਗਿਆ ਹੈ। ਜੋ ਨੈਤਿਕ ਅਨੈਤਿਕ ਦੇ ਦਵੰਦ 'ਚ ਜਿਉਂਦਾ ਹੈ। ਕਹਾਣੀਕਾਰ ਇਸ ਕਹਾਣੀ ਵਿਚ ਦੀਵਾਨ ਸਿੰਘ ਇਕ ਅਜਿਹੇ ਪਾਤਰ ਦੇ ਰੂਪ 'ਚ ਪੇਸ਼ ਹੋਇਆ ਹੈ ਜੋ ਐਨਾ, ਤਾਰੀ, ਰਜਨੀ ਨਾਲ ਵਰਜਿਤ ਰਿਸ਼ਤੇ ਬਣਾਉਂਦਾ ਹੈ ਪਰ ਅਨੈਤਿਕਾਂ ਦੀ ਹਾਮੀ ਨਹੀਂ ਭਰਦਾ। ਦੂਜੇ ਪਾਸੇ ਕਹਾਣੀ 'ਚ ਉਸ ਦੇ ਘਰ ਵਾਲੀ, ਦੋਸਤ ਛੇ ਪਰਿਵਾਰ ਦੇ ਮੈਂਬਰ ਦੇ ਇਨ੍ਹਾਂ ਜੀਵਨ ਮੁੱਲਾ ਦੇ ਵਿਰੋਧ 'ਚ ਭੁਗਤਦੇ ਹੋਏ ਇਨ੍ਹਾਂ ਕਾਰਜਾ ਨੂੰ ਅਨੈਤਿਕ ਕਹਿੰਦੇ ਹਨ। ਪਾਤਰ ਦਾ ਤਾੜੀ ਵਜਾਉਣਾ ਕਹਾਣੀ 'ਚ ਗਹਿਰੇ ਅਰਥ ਸਿਰਜ ਜਾਂਦਾ ਹੈ। 'ਪਰਛਾਵੇਂ' ਕਹਾਣੀ ਵਿਚ ਲੇਖਕ ਨੇ ਮਨੁੱਖੀ ਵਿਹਾਰ ਨੂੰ ਅੰਦਰਲੇ ਮਨੁੱਖ ਦੇ ਸੰਦਰਭ 'ਚ ਸਿਰਜਿਆ ਹੈ। ਇਸ 'ਚ ਉਸ ਨੇ ਮਨੁੱਖ ਦੇ ਦਵੰਦ ਨੂੰ ਸਮਾਜਿਕ ਮਰਿਯਾਦਾ ਦੇ ਸੰਦਰਭ 'ਚ ਵਾਚਿਆ ਹੈ। 'ਵਿਸ਼ ਕੰਨਿਆ' ਕਹਾਣੀ ਵਿਚ ਤਲਵਿੰਦਰ ਨੇ ਗਹਿਰੇ ਅਰਥ ਸਿਰਜੇ ਹਨ। ਕਿਰਨਾਂ, ਨਿਰਮਲਾ, ਸਿਲਕੀ ਨਵੇਂ ਯੁੱਗ ਦੀ ਨਾਰੀ ਦੀ ਗੱਲ ਕਰਦੀਆਂ ਹਨ ਜੋ ਅਨਿਆਂ ਖਿਲਾਫ ਡਟਦੀਆਂ ਹਨ। ਕਹਾਣੀ 'ਇੱਕ ਮਹਾਂਨਾਟ ਦਾ ਲਘੂ ਅੰਸ਼' ਸਿੱਖਿਆ ਪ੍ਰਬੰਧ ਤੇ ਸਵਾਲ ਖੜੇ ਕਰਦੀ ਹੈ। ਕਹਾਣੀ 'ਜਲਧਾਰਾ' ਚ ਵਰਜਿਤ ਰਿਸ਼ਤਿਆ ਦਾ ਬਰੀਕੀ ਨਾਲ ਜ਼ਿਕਰ ਹੋਇਆ ਹੈ। ਤਲਵਿੰਦਰ ਨੇ 'ਤਮੰਨਾ' ਨਾ ਦੀ ਫੌਜੀ ਦੀ ਪਤਨੀ ਦਾ ਕਰੈਕਟ ਉਭਾਰਿਆ ਹੈ ਜੋ ਆਪਣੇ ਫੌਜੀ ਪਤੀ ਦੀ ਗੈਰ ਹਾਜ਼ਰੀ ਵਿਚ ਵਰਜਿਤ ਰਿਸ਼ਤੇ ਹੰਢਾਉਂਦੀ ਹੈ, ਉਹਦੀ ਅਤ੍ਰਿਪਤੀ ਦੀ ਭਾਵਨਾ ਪ੍ਰਬਲ ਹੈ। ਉਸ ਦੀ ਹੋਰ ਪ੍ਰਾਪਤੀ ਇਹ ਹੈ ਕਿ ਉਹ ਮਾਂ, ਪਤਨੀ ਦੇ ਰਿਸ਼ਤੇ ਵੀ ਚੰਗੇ ਤਰੀਕੇ ਨਾਲ ਨਿਭਾਉਂਦੀ ਹੈ। 'ਵਿਸਰਜਨ' ਕਹਾਣੀ 'ਚ ਉਸ ਨੇ ਬੰਦੇ ਦੀ ਸੰਵੇਦਨਾ ਨੂੰ ਬਰੀਕੀ ਨਾਲ ਫੜਿਆ ਹੈ। ਕਿਤਾਬ ਦੀ ਸਿਰਲੇਖ ਵਾਲੀ ਕਹਾਣੀ 'ਇਸ ਵਾਰ' ਵੀ ਵਰਜਿਤ ਰਿਸ਼ਤਿਆਂ ਦੀ ਬਾਤ ਪਾਉਂਦੀ ਹੈ। ਕਹਾਣੀ 'ਚ ਸੁਨੀਲ ਨਾਂ ਦੀ ਪਾਤਰ ਰਾਹੀ ਮਨ ਭਾਉਂਦਾ ਹੰਢਾਉਣ ਦੀ ਨਾਰੀ ਦੀ ਲੋਚਾ ਨੂੰ ਉਭਾਰਿਆ ਗਿਆ ਹੈ। ਨਜਾਇਜ਼ ਸੰਬੰਧ ਵੀ ਉਹਦੇ ਲਈ ਜਾਇਜ਼ ਹਨ।




'ਨੀਲਾ ਪਾਣੀ' ਕਹਾਣੀ ਰਾਹੀ ਤਲਵਿੰਦਰ ਇਕ ਵੱਖਰਾ ਵਿਸ਼ਾ ਲੈ ਕੇ ਆਇਆ ਹੈ। ਕਹਾਣੀ 'ਚ ਇਕ ਪਾਕਿਸਤਾਨੀ ਪੱਤਰਕਾਰ ਫਿਰੋਜ਼ਾ ਹੈ ਜੋ ਆਪਣੀ ਨਾਨੀ ਦਾ ਪਿੰਡ ਵੇਖਣ ਜਾਂਦੀ ਹੈ, ਵਿਰਲਾਪ ਤੇ ਵੇਦਨਾ ਦਾ ਸੰਗਮ ਤਲਵਿੰਦਰ ਨੇ ਇਸ ਕਹਾਣੀ 'ਚ ਕਮਾਲ ਦਾ ਕੀਤਾ ਹੈ। ਜਗੀਰੂ ਮਾਨਸਿਕਤਾ ਦੀ ਗੱਲ ਕਰਦੀ ਹੈ ਤਲਵਿੰਦਰ ਦੀ ਕਹਾਣੀ 'ਨਿੱਕੀ ਇੱਟ ਵਾਲੀ ਹਵੇਲੀ' ਕਹਾਣੀ 'ਚ ਇਕ ਪਾਸੇ ਜਗੀਰੂ ਤਾਕਤ ਹੈ ਦੂਜੇ ਪਾਸੇ ਹੱਕ ਅਤੇ ਸੱਚ ਲਈ ਲੜਨ ਵਾਲੇ ਅਵਾਮ ਦੀ ਆਵਾਜ਼ ਹੈ। ਅਵਾਮ ਦੀਆਂ ਭਾਵਨਾਵਾਂ ਨੂੰ ਕਿਵੇਂ 'ਹਵੇਲੀ' ਮਸਲਦੀ ਹੈ। ਕਹਾਣੀ 'ਚ ਉਭਰਦਾ ਹੈ।

ਪਾਲੇ ਤੇ ਗੇਜੋ ਦੇ ਸੰਬੰਧਾਂ ਦੀ ਕਹਾਣੀ ਹੈ 'ਕਰੂੰਬਲਾਂ' ਭਾਵੇਂ ਦੋਹਾਂ ਦਾ ਗੈਰ ਸਮਾਜਿਕ ਮਿਲਾਪ ਚੌਦਾਂ ਵਰ੍ਹਿਆਂ ਬਾਅਦ ਹੁੰਦਾ ਹੈ ਫਿਰ ਵੀ ਸਮਾਜਿਕ ਸਥਿਤੀਆਂ ਦੀ ਪਰਵਾਹ ਨਹੀਂ ਕਰਦਾ। ਤਲਵਿੰਦਰ ਦੀ ਆਖਰੀ ਕਹਾਣੀ 'ਰੂਹਾਂ-ਬਦਰੂਹਾਂ' ਕਾਮ ਸ਼ਕਤੀ ਦੇ ਚਮਨ ਦੀ



ਕਹਾਣੀ ਹੈ। ਕਾਮੁਕ ਰੂਹਾਂ ਨੂੰ ਲੇਖਕ ਨੇ ਤਰਕ ਦੀ ਸਾਣ ਤੇ ਲਗਾਇਆ ਹੈ। ਪੁਸਤਕ ਦਾ ਸਮੁੱਚਾ ਪਾਠ ਕਰਨ ਤੋਂ ਬਾਅਦ ਇਹ ਗੱਲ ਕਹੀ ਜਾ ਸਕਦੀ ਹੈ ਕਿ ਤਲਵਿੰਦਰ ਨੂੰ ਕਹਾਣੀ ਨੂੰ ਤਰਕ ਨਾਲ ਮੋੜਾ ਦੇਣ ਦੀ ਜਾਚ ਆਉਂਦੀ ਹੈ ਉਹਦੇ ਕੋਲ ਸਮਾਜ ਨੂੰ ਦੇਖਣ ਸਮਝਣ ਤੇ ਫਿਰ ਮਨੋਵਿਗਿਆਨ ਤਰੀਕੇ ਨਾਲ ਪਾਤਰਾਂ ਨੂੰ ਪੇਸ਼ ਕਰਨ ਦਾ ਅਮੀਰ ਅਨੁਭਵ ਹੈ। ਮਨੁੱਖੀ ਮਨ ਦੀਆਂ ਮਾਨਸਿਕ ਗੰਢਾਂ ਉਹ ਤਰਕ ਨਾਲ ਤੇ ਵਧੀਆ ਤਰੀਕੇ ਨਾਲ ਪਾਠਕ ਅੱਗੇ ਖੋਹਲ ਕੇ ਰੱਖਦਾ ਹੈ। ਇਸ ਦੇ ਬਾਵਜੂਦ ਪੰਜਾਬੀ ਦੇ ਗਲਪ ਅਲੋਚਕ ਉਸ ਦੇ ਇਸ ਸੰਗ੍ਰਹਿ ਦੀ ਐਨੀ ਗੱਲ ਕਿਉਂ ਨਹੀਂ ਕਰ ਸਕੇ ਇਹ ਕਿਤਾਬ ਦਾ ਦੁਖਾਂਤ ਹੀ ਨਹੀਂ ਸਗੋਂ ਸਮੁੱਚੇ ਪੰਜਾਬੀ ਸਾਹਿਤ ਦਾ ਗੰਭੀਰ ਮਸਲਾ ਬਣਦਾ ਜਾ ਰਿਹਾ ਹੈ।

## ਆਤੂ ਖੋਜੀ (ਗੁਰਮੀਤ ਕੜਿਆਲਵੀ)

ਕੜਿਆਲਵੀ ਦਾ ਇਹ ਨਵਾਂ ਕਹਾਣੀ ਸੰਗ੍ਰਹਿ ਹੈ। ਇਸ ਪੁਸਤਕ ਰਾਹੀ ਉਸ ਨੇ ਦਲਿਤ ਜ਼ਿੰਦਗੀ ਦਾ ਪ੍ਰਮਾਣਿਕ ਚਿਤਰਨ ਕਰਨ ਦਾ ਠੋਸ ਸਬੂਤ ਦਿੰਦੇ ਹੋਏ ਆਪਣੀ ਦਲਿਤ ਕਹਾਣੀ ਪ੍ਰਤੀ ਪ੍ਰਤੀਬਧਤਾ ਦਾ ਸਬੂਤ ਦਿੱਤਾ ਹੈ। 'ਆਤੂ ਖੋਜੀ' ਇਸ ਪੁਸਤਕ ਦੀ ਬਹੁਤ ਹੀ ਚਰਚਿਤ ਕਹਾਣੀ ਹੈ। ਇਸ ਕਹਾਣੀ ਰਾਹੀ ਉਸ ਨੇ ਦਲਿਤ ਪਾਤਰ ਆਤੂ ਨੂੰ ਉੱਚੀਆਂ ਕਦਰਾ-ਕੀਮਤਾ ਦਾ ਧਾਰਨੀ ਸਿੱਧ ਕਰਕੇ ਵੱਡਾ ਪਾਤਰ ਸਿੱਧ ਕੀਤਾ ਹੈ। ਆਪਣੇ ਕੰਮ ਪ੍ਰਤੀ ਇਮਾਨਦਾਰੀ ਅਤੇ ਜ਼ਮੀਰ ਤੋਂ ਹਰ ਰਿਸ਼ਤੇ ਨੂੰ ਕੁਰਬਾਨ ਕਰਨ ਦੀ ਬਿਰਤੀ ਦਾ ਧਾਰਨੀ ਹੈ ਕਹਾਣੀ ... ਆਤੂ ਅੱਜ ਦੇ ਸਮੇਂ ਵਿਚ ਇਹੋ ਜਿਹੇ ਪਾਤਰ ...ਵੇਂ ਹਨ। ਆਤੂ ਖੋਜੀ ਪੈਸੇ ਮਗਰ ਨਹੀਂ ਜਾਂਦਾ ...ੀ ਕੰਮ ਪ੍ਰਤੀ ਇਮਾਨਦਾਰੀ ਦਿਖਾਉਂਦਾ ਹੈ।





...ੀ ਵਿਚ ਤਕੜੇ ਪਾਤਰਾਂ ਵਿਚੋਂ ਇਕ ਕੜਿਆਲਵੀ ਦਾ 'ਆਤੂ ਖੋਜੀ' ਪਾਤਰ ... ਪੰਜਾਬੀ ਕਹਾਣੀ ਦਾ ਕੱਦ ਉੱਚਾ ਕਰਨ ਵਿਚ ਸਹਾਇਕ ਹੁੰਦਾ ਹੈ। ਉਸ ਦੀ ...ਣੀ ਹੈ 'ਤਾਰਾ ਚਿੱਬ ਕੱਢ' ਇਸ ਕਹਾਣੀ ਦਾ ਪਾਤਰ 'ਤਾਰਾ' ਜ਼ਿੰਦਗੀ ਨੂੰ ...ਨਾਲ ਜੀਉਣ ਦਾ ਇੱਛਾਵਾਨ ਹੈ। ਉਹ ਕਿਤੇ ਵੀ ਜ਼ਿੰਦਗੀ ਨਾਲ ਸਮਝੌਤਾ ...ਭਾਵੇਂ ਇਹ ਦੋ ਕਹਾਣੀਆਂ ਪਾਤਰ ਪ੍ਰਧਾਨ ਸਨ ਪਰ ਕੜਿਆਲਵੀ ਨੇ ਇਨ੍ਹਾਂ ...ਰਾਹੀ ਸਾਡੇ ਸਮਾਜਿਕ ਪ੍ਰਬੰਧ ਨੂੰ ਬੜੇ ਹੀ ਯਥਾਰਥਕ ਢੰਗ ਨਾਲ ਚਿਤਰਿਆ ...ਆਰੰਭ ਵਿਚ ਦਲਿਤ ਕਹਾਣੀ ਪ੍ਰਤੀ ਪ੍ਰਤੀਬਧਤਾ ਦੀ ਧਾਰਨਾ ਦਿੱਤੀ ਗਈ ਸੀ ਇਸ ਧਾਰਨਾ ਨੂੰ ਪੱਕਿਆ ਕਰਦੀਆਂ ਹਨ ਉਹ ਦੀਆਂ ਤਿੰਨ ਹੋਰ ਕਹਾਣੀਆਂ, 'ਅੰਨ੍ਹੀ ਗਲੀ', 'ਡੋਬਾ', 'ਰੂੜੀ', 'ਕਾਰਗੁਜ਼ਾਰੀ' ਅਤੇ 'ਦਰਅਸਲ' ਆਦਿ। ਉਸ ਦੀ 'ਕਾਰਗੁਜ਼ਾਰੀ' ਵਿਦਿਅਕ ਪ੍ਰਬੰਧ ਨਾਲ ਜੁੜੀ ਹੋਈ ਹੈ। ਇਕ ਕਹਾਣੀ ਵਿਚ ਇਕ ਹੈਡਮਾਸਟਰ ਦੀ ਮਾਨਸਿਕ ਹਾਲਤ ਨੂੰ ਬਿਆਨ ਕੀਤਾ ਗਿਆ ਹੈ। ਦਲਿਤਾਂ ਨੂੰ ਮਿਲੀ ਰਾਖਵੇਂਕਰਨ ਦੀ ਸਹੂਲਤਾਂ ਅਤੇ ਦਲਿਤਾਂ ਦੀ ਮਨੋਦਸ਼ਾਂ ਨੂੰ ਬਿਆਨ ਕੀਤਾ ਗਿਆ ਹੈ। ਭਾਵੇਂ ਕਿ ਰਾਖਵੇਂਕਰਨ ਦੇ ਦਲਿਤਾਂ ਦਾ ਆਰਥਿਕ ਪੱਧਰ ਉੱਚਾ ਕੀਤਾ ਹੈ ਪਰ ਕਈ ਕਿਸਮ ਦੀਆਂ ਮਾਨਸਿਕ ਗੁੰਝਲਾ ਵੀ ਦਲਿਤਾਂ ਵਿਚ ਪਾਈਆਂ ਹਨ। ਇਸ ਸਾਰੇ ਕੁਝ ਨੂੰ ਇਸ ਕਹਾਣੀ ਬਿਆਨ ਕਰਦੀ ਹੈ। ਦਲਿਤ ਰਾਜਨੀਤੀ ਨੂੰ ਆਪਣੇ ਕਲਾਵੇ ਵਿਚ ਲੈਂਦੀ ਹੈ ਉਸ ਦੀ ਕਹਾਣੀ 'ਅੰਨ੍ਹੀ ਗਲੀ'

ਇਸ ਕਹਾਣੀ ਨੂੰ ਕਹਾਣੀ ਦੇ ਪਾਤਰ ਯਸ਼ਪਾਲ ਅਤੇ ਜੁਗਰਾਜ ਰਾਹੀਂ ਸਮਝਿਆ ਜਾ ਸਕਦਾ ਹੈ। 'ਡੋਬਾ' ਕਹਾਣੀ ਵੀ ਰਾਖਵੇਂਕਰਨ ਦੀ ਸਹੂਲਤ ਨੂੰ ਬਿਆਨ ਕਰਦੀ ਹੈ। ਜਿਨ੍ਹਾਂ ਦਾ ਸੁੱਖ ਅਮੀਰ ਦਲਿਤ ਹੀ ਭੋਗਦੇ ਹਨ।

'ਦਲਦਲ' ਕਹਾਣੀ ਡੇਰਾ ਵਾਦ ਦੀ ਪਰਖ ਕਰਦੀ ਕਹਾਣੀ ਹੈ। ਜਿਸ ਵਿਚ ਦੁਰਾਚਾਰ ਵੀ ਹੁੰਦਾ ਹੈ ਅਤੇ ਹੋਰ ਕਈ ਅਨੈਤਿਕ ਕਾਰਜ ਵੀ ਹੁੰਦਾ ਹੈ ਪਰ ਲੋਕਾਂ ਦੀ ਸ਼ਰਧਾ ਘਟਦੀ ਨਹੀਂ। 'ਨਦੀ ਦੇ ਆਰ ਪਾਰ' ਉਸ ਦੀ ਹੋਰ ਇਕ ਚੰਗੀ ਕਹਾਣੀ ਹੈ। ਇਸ ਕਹਾਣੀ ਵਿਚ ਇਕ ਅਜਿਹੀ ਔਰਤ ਦੇ ਸਮਾਜਿਕ ਦਰਦ ਨੂੰ ਬਿਆਨ ਕੀਤਾ ਗਿਆ ਹੈ ਜੋ ਪਤੀ ਦੇ ਨਮਰਦ ਹੋਣ ਕਰਕੇ ਬੱਚਾ ਨਹੀਂ ਪੈਦਾ ਕਰ ਸਕਦੀ ਤੇ ਉਹ ਆਪਣੇ ਸਹੁਰੇ ਦਾ ਵੀਰਜ ਲੈਂਦੀ ਹੈ। ਜਾਇਦਾਦ ਅਤੇ ਆਪਣਾ ਵਾਰਿਸ ਹੋਣ ਦੇ ਸਮੰਤੀ ਸੰਸਕਾਰਾਂ ਨੂੰ ਇਹ ਕਹਾਣੀ ਉਭਾਰਦੀ ਹੈ। ਇਸੇ ਸਥਿਤੀ ਵਿਚ ਸੱਸ-ਨੂੰਹ ਦੀ ਕਸ਼ਮਕਸ਼ ਉਭਰਦੀ ਹੈ ਜਿਸ ਵਿਚੋਂ ਸੱਸ ਨੂੰ ਨੂੰਹ ਸੌਕਣ ਲੱਗਦੀ ਹੈ ਅਤੇ ਕਿਤੇ ਖਾਨਦਾਨ ਦੀ ਇੱਜ਼ਤ ਦੀ ਭਾਈਵਾਲ। ਵਿਸ਼ੇ ਵਿਚ ਤਾਜਗੀ ਹੈ। ਇੰਜ ਉਸ ਦੀਆਂ ਹੋਰ ਕਹਾਣੀਆਂ ਦੀ ਉੱਚ ਪਾਏ ਦੀਆਂ ਸਨ। ਨਵੀਂ ਪੰਜਾਬੀ ਕਹਾਣੀ ਦੇ ਨਕਸ਼ ਨੂੰ 'ਆਤੂ ਖੋਜੀ' ਰਾਹੀ ਸਮਝਿਆ ਜਾ ਸਕਦਾ ਹੈ।

-ਭਗਵੰਤ ਰਸੂਲਪੁਰੀ

## ਦਰਸ਼ਨ ਮਿੱਤਵਾ ਦੀ ਗਲਪ ਸੰਵੇਦਨਾ (ਆਲੋਚਨਾ) ਸੰਪਾਦਕ ਦਵਿੰਦਰ ਸਿੰਘ ਬੋਹਾ




ਇਹ ਆਲੋਚਨਾ ਪੁਸਤਕ ਮਿੱਤਵਾਂ ਦੇ ਨਾਵਲ 'ਕੁੜੀਆਂ ਚਿੜੀਆਂ' ਦੇ ਪਰਿਪੇਖ'ਚ ਤਿਆਰ ਕੀਤੀ ਗਈ ਹੈ। ਪੁਸਤਕ ਵਿਚ ਸਾਮਲ ਲੇਖਾਂ ਵਿਚ ਦਰਸ਼ਨ ਮਿੱਤਵਾਂ ਦੇ ਨਾਵਲ ਕੁੜੀਆਂ ਚਿੜੀਆਂ ਨੂੰ ਵਿਭਿੰਨ ਪੱਖਾਂ ਤੋਂ ਪਰਖਿਆ ਗਿਆ ਹੈ। ਇਹ ਪੁਸਤਕ ਦਰਸ਼ਨ ਮਿੱਤਵਾਂ ਦੇ ਜੀਵਨ ਧਰਾਤਲ, ਦਲਿਤ ਜੀਵਨ, ਨਾਰੀਵਾਦੀ ਵਿਵੇਚਨ ਅਤੇ ਕਲਾਤਮਕ ਪੱਖਾਂ ਦੀ ਅਭਿਵਿਅਕਤੀ ਕਰਦੇ ਹਨ। ਨਵੇਂ ਉਭਰ ਰਹੇ ਆਲੋਚਕ ਹਰਪ੍ਰੀਤ ਪਾਲ ਕੌਰ, ਡਾ. ਗੁਰਮੇਲ ਸਿੰਘ, ਡਾ. ਸੁਰਿੰਦਰ ਕੌਰ, ਤੇਜਾ ਸਿੰਘ ਕੋਟਲੇਵਾਲੇ) ਅਤੇ ਸਥਾਪਿਤ ਹੋ ਚੁੱਕੇ ਆਲੋਚਕ ਵਿਦਵਾਨਾਂ ਪ੍ਰੋ. ਬ੍ਰਹਮਜਗਦੀਸ਼, ਡਾ. ਦਵਿੰਦਰ ਸਿੰਘ ਬੋਹਾ ਨੇ ਬੜੀ ਸੁਹਿਰਦਾ ਵਿਦਵਤਾ, ਲਗਨ ਅਤੇ ਬਿਨ੍ਹਾਂ ਪੱਖਪਾਤ ਤੋਂ ਨਾਵਲ ਵਿੱਚ ਉਭਰਦੇ ਹਰ ਨੁਕਤੇ ਨੂੰ ਪ੍ਰਗਟਾਉਣ ਦੀ ਕੋਸ਼ਿਸ਼ ਕੀਤੀ। ਸੰਪਾਦਕ ਆਪਣੇ ਲੇਖ ਰਾਹੀਂ ਵਿਦਵਾਨਾਂ ਦੀ ਚਰਚਾ ਵਿਚ ਖੁਦ ਵੀ ਹਾਜ਼ਰੀ ਭਰਦਾ ਹੈ। ਦਰਸ਼ਨ ਮਿੱਤਵਾ ਬਹੁ-ਵਿਧਾਵੀ ਲੇਖਕ ਹੈ। ਇਸ ਕਿਤਾਬ ਵਿਚ ਉਹਨਾਂ ਦੇ ਇਸ ਨਾਵਲ ਨੂੰ ਲੈ ਕੇ ਵੱਖ ਵੱਖ ਵਿਦਵਾਨਾਂ ਦੇ ਸੰਵਾਦ ਸਿਰਜਣ ਦੀ ਸਫ਼ਲ ਕੋਸ਼ਿਸ਼ ਕੀਤੀ ਗਈ ਹੈ। ਤਾਂ ਜੋ ਰਚਨਾ ਵਿਚਲੀਆਂ ਬਾਰੀਕ ਤੰਦਾਂ ਨੂੰ ਪਕੜਿਆ ਜਾ ਸਕੇ।

- ਡਾ.ਅਕਵਿੰਦਰ ਕੌਰ ਬਾਹਲ

## ਘੱਗਰ ਦਾ ਪੁਲ (ਕਹਾਣੀਆਂ) ਗੁਰਦਾਸ ਸਿੰਘ ਪਾਲਣਾਂ






'ਘੱਗਰ ਦਾ ਪੁਲ' ਕਹਾਣੀ ਸੰਗ੍ਰਹਿ ਗੁਰਦਾਸ ਸਿੰਘ ਪਾਲਣਾਂ ਦਾ ਲਿਖਿਆ ਹੈ। ਇਸ ਸੰਗ੍ਰਹਿ ਤੋਂ ਇਲਾਵਾਂ ਉਸਦੇ ਤਿੰਨ ਕਹਾਣੀ ਸੰਗ੍ਰਹਿ 'ਮਾਲਵੇ ਦੀਆਂ ਕਹਾਣੀਆਂ ਭਾਗ ਪਹਿਲਾ, ਮਾਲਵੇ ਦੀਆਂ ਕਹਾਣੀਆਂ ਭਾਗ ਦੂਜਾ ਅਤੇ ਨੰਬਰਦਾਰਨੀ ਪਾਠਕ ਵਰਗ ਵਿਚ ਹਾਜਰੀ ਭਰ ਚੁਕੇ ਹਨ। ਇਨ੍ਹਾਂ ਪੁਸਤਕਾਂ ਨੂੰ ਪਾਠਕਾਂ ਵਲੋਂ ਭਰਵਾਂ ਹੁੰਗਾਰਾ ਮਿਲਿਆ ਹੈ। 'ਘੱਗਰ ਦਾ ਪੁਲ' ਕਿਤਾਬ ਵਿਚ 12 ਕਹਾਣੀਆਂ ਹਨ। ਇਸ ਕਿਤਾਬ ਦੀਆਂ ਵਧੇਰੇ ਕਹਾਣੀਆਂ ਕਿਸਾਨੀ ਜੀਵਨ ਦੀ ਰਹਿਨੁਮਾਈ ਕਰਦੀਆਂ ਹਨ। ਇਹ ਕਹਾਣੀਆਂ ਕਿਸਾਨ ਕਰੜੀ ਮਿਹਨਤ ਕਰਦਾ, ਕੁਦਰਤੀ ਕਰੋਪੀ ਦਾ ਸ਼ਿਕਾਰ ਅਤੇ ਕਰਜੇ ਦੀ ਮਾਰ ਹੇਠ ਦੱਬੇ ਕਿਸਾਨਾਂ ਦੀ ਤ੍ਰਸਦੀ ਨੂੰ ਪੇਸ਼ ਕਰਦੀਆਂ ਹਨ। ਕਹਾਣੀ 'ਕਿਰਾਏਦਾਰ' ਇਨਸਾਨੀਅਤ ਦੇ ਰਿਸ਼ਤੇ ਦੀ ਪ੍ਰਸਤੁਤੀ ਬੜੇ ਦਿਲ ਖਿਚਵੇਂ ਅੰਦਾਜ਼ ਵਿਚ ਕਰਦੀ ਹੈ। ਇਸ ਤੋਂ ਇਲਾਵਾਂ 'ਭੂਆ ਰਹਿਮੋ' 1947 ਦੀ ਵੰਡ ਦਾ ਸੰਤਾਪ ਚਿਤਰਦੀ ਭਾਈਚਾਰਕ ਸਾਂਝ ਦੀ ਮਹੱਤਤਾ ਦਰਸਾਉਂਦੀ ਹੈ। 'ਘੱਗਰ ਦਾ ਪੁਲ' ਕਹਾਣੀ ਜਿਥੇ ਇਕ ਪਾਸੇ ਅਮੀਰ ਜਿੰਮੀਦਾਰ ਦਾ ਜੀਵਨ ਬਿਰਤਾਂਤ ਸਿਰਜਦੀ ਹੈ ਉਥੇ ਔਰਤ ਦੀ ਤ੍ਰਾਸਦਿਕ ਦਸ਼ਾ ਦਾ ਪ੍ਰਗਟਾਵਾ ਵੀ ਕਰਦੀ ਹੈ। ਵਿਸ਼ੇ ਪੱਖੋਂ ਕਹਾਣੀਕਾਰ ਦੇ ਮਨ ਅੰਦਰ ਵਸਿਆ ਕਿਸਾਨ ਅਤੇ ਔਰਤ ਵਿਰੋਧੀ ਸੋਚ ਥਾਂ ਥਾਂ ਪ੍ਰਗਟ ਹੁੰਦੀ ਹੈ। ਉਹ ਆਪਣੇ ਜੀਵਨ ਦੇ ਹਵਾਲੇ ਦੇ ਕੇ ਔਰਤ ਦੀ ਸਥਿਤੀ ਨੂੰ ਨਕਾਰਦਾ ਪ੍ਰਤੀਤ ਹੁੰਦਾ ਹੈ। ਭਾਸ਼ਾ ਦੀ ਸਰਲਤਾ ਅਤੇ ਠੇਠਤਾ ਇਹਨਾਂ ਕਹਾਣੀਆਂ ਨੂੰ ਮਲਵਈ ਰੰਗਤ ਦਿੰਦੀਆਂ ਹਨ। ਬਾਤਾਂ ਪਾਉਣ ਦੀ ਵਿਧੀ ਦੀ ਵਰਤੋ ਕਹਾਣੀ ਦੀ ਰੋਚਕਤਾ ਵਿਚ ਕਈ ਥਾਂਈਂ ਵਿਘਨ ਵੀ ਪਾਉਂਦੀ ਹੈ।

-ਡਾ.ਅਕਵਿੰਦਰ ਕੌਰ ਬਾਹਲ

## ਬੇਗ਼ਮ ਅਤੇ ਗ਼ੁਲਾਮ (ਕਹਾਣੀਆਂ) ਦਵਿੰਦਰ ਸਿੰਘ ਮਲਹਾਂਸ




'ਬੇਗ਼ਮ ਅਤੇ ਗ਼ੁਲਾਮ' (ਚੇਤਨਾ ਪ੍ਰਕਾਸ਼ਨ ਲੁਧਿਆਣਾ) ਪ੍ਰਵਾਸੀ ਪੰਜਾਬੀ ਕਹਾਣੀਕਾਰ ਦਵਿੰਦਰ ਸਿੰਘ ਮਲਹਾਂਸ ਦਾ ਪ੍ਰਥਮ ਕਹਾਣੀ ਸੰਗ੍ਰਹਿ ਹੈ। ਇਸ ਵਿਚ 'ਮੋਚਨਾ, ਕੈਲਗਿਰੀ ਦਾ ਲੈਬ, ਬੇਗ਼ਮ ਅਤੇ ਗ਼ੁਲਾਮ, ਪੱਕੀ ਫ਼ਸਲ, ਕਾਲਾ ਅਤੇ ਸੱਪ-ਕਿਰਲੀਆਂ, ਡੌਂਕਰ ਦੀ ਉਡੀਕ, ਮਾਈਂਡ ਨਾ ਕਰੀਂ, ਜਨਮ ਦਿਨ ਮੁਬਾਰਕ, ਵਿਸ਼ਵਾ ਮਿੱਤਰ, ਸ਼ਨਾਖ਼ਤ, ਲੱਛਮੀ ਦਾ ਰੌਣਕੀ, ਖ਼ਤ ਬਿਨ ਸਿਰਨਾਵਿਉਂ ਆਦਿ ਕਹਾਣੀਆਂ ਸ਼ਾਮਿਲ ਹਨ।

ਕਹਾਣੀਕਾਰ ਪ੍ਰਵਾਸੀ ਜੀਵਨ ਦੇ ਗੰਭੀਰ ਮਸਲਿਆਂ ਨੂੰ ਆਪਣੀਆਂ ਕਹਾਣੀਆਂ ਦਾ ਵਿਸ਼ਾ-ਵਸਤੂ ਬਣਾਉਂਦਾ ਹੈ। ਭਾਵੇਂ ਉਸਦੀਆਂ ਕਹਾਣੀਆਂ ਆਕਾਰ ਪੱਖੋਂ ਛੋਟੀਆਂ ਹਨ ਪਰ ਪੰਜਾਬੀ ਪ੍ਰਵਾਸੀਆਂ ਦੀ ਸੰਵੇਦਨਾ ਨੂੰ ਵਧੇਰੇ ਡੂੰਘਾਈ ਨਾਲ ਬਿਆਨ ਕਰਦੀਆਂ ਹਨ। ਮੋਚਨਾ, ਕੈਲਗਿਰੀ ਦਾ ਲੈਬ, ਪੱਕੀ ਫਸਲ , ਬੇਗ਼ਮ ਅਤੇ

.ਗ਼ੁਲਾਮ, ਜਨਮ ਦਿਨ ਮੁਬਾਰਕ !, ਮਾਈਂਡ ਨਾ ਕਰੀਂ ਆਦਿ ਕਹਾਣੀਆਂ ਪੰਜਾਬੀ ਪ੍ਰਵਾਸੀਆਂ ਦੀ ਦੁਫਾੜ ਮਾਨਸਿਕਤਾ, ਰਿਸ਼ਤਿਆਂ ਵਿਚਲੇ ਅੰਤਰ-ਵਿਰੋਧਾਂ ਨੂੰ ਪੇਸ਼ ਕਰਦੀਆਂ ਹਨ। ਕਾਲਾ ਸੱਪ ਤੇ ਕਿਰਲੀਆਂ ਅਤੇ ਲੱਛਮੀ ਦਾ ਰੋਣਕੀ ਇਕੱਲਤਾ ਦੇ ਸੰਤਾਪ ਨੂੰ ਹਢਾਉਂਦੇ ਮਨੁੱਖ ਦੀ ਵੇਦਨਾ ਨੂੰ ਪੇਸ਼ ਕਰਦੀਆਂ ਹਨ। 'ਡੌਂਕਰ ਦੀ ਉਡੀਕ' ਕਹਾਣੀ ਗੈਰ-ਕਾਨੂੰਨੀ ਤੌਰ ਤੇ ਗਏ ਬਾਹਰਲੇ ਮੁਲਕਾਂ ਵਿਚਲੇ ਪ੍ਰਵਾਸੀਆਂ ਦੀ ਵੇਦਨਾ ਨੂੰ ਮੂਰਤੀਮਾਨ ਕਰਦੀ ਹੈ।

ਸਮੁੱਚੇ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਕਹਾਣੀ ਦੀ ਬਿਰਤਾਂਤਕ ਸੰਰਚਨਾ ਪਾਠਕ ਨੂੰ ਸ਼ੁਰੂ ਤੋਂ ਅੰਤ ਤੱਕ ਆਪਣੇ ਕਲਾਵੇ ਵਿਚ ਬੰਨ ਕੇ ਰਖਦੀ ਹੈ। ਸਹਿਜਤਾ ਉਸਦੀ ਕਹਾਣੀ ਕਲਾ ਦਾ ਉਭਰਵਾ ਗੁਣ ਹੈ।

**-ਮਨਦੀਪ ਕੌਰ** ਖੋਜ ਵਿਦਿਆਰਥੀ ਪੰਜਾਬੀ ਯੂਨੀਵਰਸਿਟੀ, ਪਟਿਆਲਾ

('ਕਹਾਣੀ ਧਾਰਾ' ਦੇ ਅੰਕ ਨੰ. 9 ਵਿਚ 'ਬਲਦੇ ਸਿਵਿਆ ਦਾ ਸੇਕ' ਨਾਵਲ ਦਾ ਰਿਵਿਊ ਮਨਦੀਪ ਕੌਰ ਨੇ ਲਿਖਿਆ ਸੀ ਜਿਸ 'ਤੇ ਗਲਤੀ ਨਾਲ ਪਰਮਜੀਤ ਕੌਰ ਛਪ ਗਿਆ।-ਸੰਪਾਦਕ)

## ਜ਼ਰੀਨਾ (ਜਸਬੀਰ ਸਿੰਘ ਭੁੱਲਰ)




'ਗੱਡੀ ਲਾਹੌਰ ਦੀਆਂ ਹੱਦਾਂ ਟੱਪ ਕੇ ਬਾਹਰ ਨਿੱਕਲ ਤੁਰੀ, ਤਾਂ ਵਤਨ ਨੇ ਬਾਹਰ ਵੇਖਣਾ ਛੱਡ ਦਿੱਤਾ। ਉਹਦੇ ਠੱਲ੍ਹਾਂ ਪਾ ਪਾ ਅੱਥਰੂ ਆਖਰ ਡਿੱਗ ਪਏ। ਪਰ ਕੋਈ ਅੱਥਰੂ ਲਾਹੌਰ ਦੀ ਧਰਤੀ 'ਤੇ ਨਹੀਂ ਸਨ ਡਿੱਗੇ, ਗੱਡੀ ਅੰਦਰ ਡਿੱਗੇ ਸਨ। ... ਤੇ ਗੱਡੀ ਨਾ ਪਾਕਿਸਤਾਨ ਸੀ ਤੇ ਨਾ ਹੀ ਹਿੰਦੋਸਤਾਨ। ਉਹ ਗੱਡੀ ਨੋ ਮੈਨਜ਼ ਲੈਂਡ ਸੀ...।"

ਜਸਬੀਰ ਸਿੰਘ ਭੁੱਲਰ ਰਚਿਤ ਨਾਵਲ 'ਜ਼ਰੀਨਾ' ਕੀ ਕਥਾ ਵਿਚਲੇ ਕਾਲਜੇ ਨੂੰ ਸੱਲ੍ਹ ਦੇਣ ਵਾਲੇ ਇਹ ਭਾਵਨਾਵਾਂ ਨਾਲ ਗੜੁੱਚ ਸ਼ਬਦ, ਸ਼ਬਦ ਨਾ ਹੋ ਕੇ 'ਮੁਸ਼ਕਿਲੇ' ਇਤਨੀ ਪੜੀ ਕਿ ਆਸਾਨ ਹੋ ਗਈ' ਵਰਗੇ ਫਸਲਫਾਨਾ ਮੋਤੀ ਬਣ ਜਾਂਦੇ ਹਨ ਤੇ ਨੋ ਮੈਨਜ਼ ਲੈਂਡ ਰੁਦਨ ਵਲਗਣਾਂ ਲਈ ਵੰਗਾਰ ਬਣ ਉਸਰਦਾ ਹੈ। ਜ਼ਰੀਨਾ ਨੂੰ ਪੜ੍ਹਦਿਆਂ ਜਿੱਥੇ ਭੁੱਲਰ ਨੇ ਅਹਿਸਾਸਾਂ ਨੂੰ ਫੜਨ ਦੀ ਸੂਖਮ ਪਹੁੰਚ ਅਪਣਾਈ ਹੈ, ਉਥੇ ਉਹ ਸ਼ਬਦਾਂ ਦਾ ਧਨੀ ਜਾਪਦਾ ਹੈ। ਕਿਤੇ ਕਿਤੇ ਤੌਕੀਰ ਨੇ ਉਸ ਨੂੰ ਅੱਖਾਂ ਸਾਹਵੇਂ ਬਿਠਾ ਕੇ ਆਖਿਆ (ਪੰਨਾ13) ਰੋਹੀ ਦੀ ਸਿੱਲ੍ਹੀ ਰੇਤ ਉੱਤੇ ਨਿਆਣੇ ਘਰ ਬਣਾਉਣ ਦੀ ਖੇਡ, ਖੇਡ ਰਹੇ ਸਨ। ਉਨ੍ਹਾਂ 'ਚ ਕੋਈ ਮਿੰਦਾ ਸੀ, ਕੋਈ ਸੁਰੈਣਾ ਤੇ ਕੋਈ ਜ਼ਰੀਨਾ। ਵਤਨ ਉਨ੍ਹਾਂ ਨੂੰ ਪਛਾਣ ਸਕਦਾ ਸੀ। (ਪੰਨਾ17) ਵਰਗੇ ਦ੍ਰਿਸ਼ ਸ਼ਬਦਾਂ ਨਾਲ, 'ਸ਼ਬਦ ਚਿੱਤਰ' ਬਣਦੇ ਨਜ਼ਰ ਆਉਂਦੇ ਸਨ ਤੇ ਨਾਵਲ ਪੜ੍ਹਦਿਆਂ ਸ਼ਬਦ ਅਹਿਸਾਸਾਂ ਨਾਲ ਡੁੱਬ, ਡੁੱਬ ਪੈਂਦੇ ਹਨ, ਪਰ ਪਤਾ ਨਹੀਂ ਨਾਵਲਕਾਰ ਨਾਵਲ ਦਾ ਪਲਾਟ ਸਿਰਜਣ ਦੀ ਕਾਹਲ ਵਿੱਚ ਕਿਉਂ ਅਜਿਹੇ ਅਹਿਸਾਸਾਂ ਨੂੰ ਮੌਲਣ ਤੋਂ ਪਹਿਲਾਂ ਸੁਚੇਤ ਜਾਂ ਅਚੇਤ ਰੂਪ 'ਚ ਲਾਂਭੇ ਹੋ ਜਾਂਦਾ ਹੈ। ਨਾਵਲਕਾਰ ਨੇ ਨਾਵਲ ਵਿੱਚਲੇ ਕੇਂਦਰੀ ਆਇਡੀਏ ਪ੍ਰਤੀ ਕੁਝ ਜ਼ਿਆਦਾ ਉਲਾਰਤਾ ਵਿਖਾਈ ਹੈ। ਇਸੇ ਉਲਾਰਤਾ 'ਚ ਉਹ ਪਿੰਡਾਂ ਦਾ ਬ੍ਰਿਤਾਂਤ ਦਾ ਸਿਰਜਦਾ ਹੈ। ਪੇਂਡੂ ਬੱਚਿਆ ਦੀਆਂ ਬਚਪਨੀ ਖੇਡਾਂ ਵਿੱਚੋਂ ਪਾਤਰਾਂ ਦੀਆਂ ਜੜ੍ਹਾਂ ਤਲਾਸ਼ਦਾ ਹੈ, ਪਰ ਉਸ ਵੇਲੇ ਦੀ ਕਿਸਾਨੀ ਦੀਦ ਬਦਤਰ ਹਾਲਤ, ਧਾਰਮਿਕ ਜਨੂੰਨ ਦਾ ਚੜ੍ਹਾਅ, ਰਾਜਨੀਤਕ ਗਤੀਵਿਧੀਆਂ ਦਾ ਸਿਖਰ ਤੇ ਦੇਸ਼ ਲਈ ਮਰ ਮਿਟਣ ਵਾਲੇ ਦੇਸ਼ ਭਗਤਾਂ ਪ੍ਰਤੀ ਲੋਕ ਰਾਏ



ਸਿਰਜਣ ਨੂੰ ਤਰਜੀਹ ਹੀ ਨਹੀਂ ਦਿੰਦਾ, ਜਿਹੜੀ ਨਾਵਲ ਦੀ ਵੱਡੀ ਕਮਜ਼ੋਰੀ ਹੈ।

ਜ਼ਰੀਨਾ ਨਾਵਲ ਦਾ ਬਿਰਤਾਂਤ ਭਾਰਤ-ਪਾਕਿ ਵੰਡ ਤੇ ਬਾਅਦ ਦੀਆਂ ਦੋਵਾਂ ਦੇਸ਼ਾਂ ਦੀਆਂ ਹੋਈਆਂ ਜੰਗਾਂ 'ਚੋਂ ਉਤਪੰਨ ਜਨੂੰਨੀ ਹਿੰਸਾ 'ਤੇ ਲਿਬਾ ਦੇ ਕਿਸੇ ਕੋਨੇ ਵਸਦੇ ਪਿਆਰ ਮੁਹੱਬਤ ਤੇ ਖਲੂਸ ਦਾ ਭਾਰੀ ਪੈਣਾ ਤੇ ਜ਼ਿੰਦਗੀ ਦੇ ਔਝੜੇ ਰਾਹਾਂ 'ਤੇ ਤੁਰਦੇ ਹੋਏ ਨਵੀਂ ਜ਼ਿੰਦਗੀ ਦੀ ਤਲਾਸ਼ਣ ਦੀ ਗਾਥਾ ਹੈ। ਜ਼ਰੀਨਾ ਨਾਵਲ ਨੂੰ ਜਿੱਥੇ ਅੱਜ ਕੇ ਚਾਲੀ ਸਾਲ ਪਹਿਲਾਂ ਦੇ ਸਮੇਂ ਦੇ ਪਰਿਪੇਖ ਵਿੱਚ ਵਾਚਿਆ ਜਾਣਾ ਚਾਹੀਦਾ ਹੈ, ਉਥੇ ਭੁੱਲਰ ਦੀ ਇਹ ਭਾਵੁਕ ਕ੍ਰਿਤ ਨੂੰ ਭਾਵੁਕਤਾ ਨਾਲ ਹੀ ਮਹਿਸੂਸਣ ਦੀ ਲੋੜ ਹੈ। ਮੇਰੀ ਜਾਚੇ ਤਾਂ ਇਹ ਨਾਵਲ ਇੱਕ ਨੰਨ੍ਹੇ ਬੱਚੇ ਦੀ ਤਰ੍ਹਾਂ ਸਾਫ-ਗੋ, ਨਿਰਮਲ, ਚੰਚਲ ਤੇ ਦੁਨੀਆਂ ਦਾਰੀ ਦੀਆਂ ਵਲਗਣਾਂ ਤੋਂ ਦੂਰ ਨੋ ਮੈਨਜ਼ ਲੈਂਡ ਵਾਂਗ ਹੈ, ਜਿੱਥੇ ਰੋਇਆ, ਹੱਸਿਆ ਜੀਵਿਆ ਤੇ ਮਰਿਆ ਜਾ ਸਕਦਾ ਹੈ ਪੂਰਾ ਸ਼ਿੱਦਤ ਨਾਲ।

-ਪਰਮਿੰਦਰ ਪੂਰੂ




**ਪ੍ਰਵਾਸੀ ਪੰਜਾਬੀ ਨਾਰੀ ਕਥਾ-ਜਗਤ ਦਸ਼ਾ ਅਤੇ ਦਿਸ਼ਾ**
ਡਾ. ਅਕਵਿੰਦਰ ਕੌਰ ਬਾਹਲ
ਪ੍ਰਕਾਸ਼ਕ ਪੀ. ਕੇ. ਪਬਲੀਕੇਸ਼ਨਜ਼, ਪਟਿਆਲਾ

ਡਾ. ਅਕਵਿੰਦਰ ਦੀ ਇਹ ਆਲੋਚਨਾ ਦੀ ਪਹਿਲੀ ਪੁਸਤਕ ਹੈ। ਪੰਜਾਬੀ ਆਲੋਚਨਾ ਵਿਚ ਨਾਰੀ ਆਲੋਚਕਾ ਦੀ ਕਮੀ ਰਹੀ ਹੈ। ਪਿਛਲੇ ਕੁਝ ਸਮੇਂ ਦੌਰਾਨ ਨਾਰੀਆਂ ਨੇ ਪੰਜਾਬੀ ਆਲੋਚਨਾ ਖਾਸ ਕਰਕੇ ਗਲਪ ਦੀ ਆਲੋਚਨਾ ਵਿਚ ਨਿੱਗਰ ਕਾਰਜ ਕੀਤਾ ਹੈ ਇਸ ਦੀ ਉਦਾਹਰਣ ਹੈ ਇਹ ਪੁਸਤਕ ਭਾਵੇਂ ਕਿ ਲੇਖਿਕਾ ਦਾ ਇਹ ਪੀ. ਐਚ-ਡੀ ਦਾ ਸੋਧ ਪ੍ਰਬੰਧ ਹੈ। ਪ੍ਰੰਤੂ ਉਸ ਨੇ ਪਰਵਾਸੀ ਕਹਾਣੀਕਾਰਾਂ ਦੀਆਂ ਕਹਾਣੀਆਂ ਨੂੰ ਬੜੀ ਬਰੀਕੀ ਨਾਲ ਸਮਝਿਆ ਹੈ। ਇਸ ਪੁਸਤਕ ਰਾਹੀ ਪਰਵਾਸੀ ਨਾਰੀ ਨੂੰ ਸਮਝਿਆ ਜਾ ਸਕਦਾ ਹੈ ਨਾਲ ਹੀ ਜੋ ਨਾਰੀ ਕਹਾਣੀਕਾਰਾਂ ਹਨ ਉਹ ਮਰਦ ਦੇ ਮੁਕਾਬਲੇ ਕਿਵੇ ਵੱਖਰੀ ਤਰ੍ਹਾਂ ਸੋਚਦੀਆਂ ਹਨ। ਇਸ ਮੁੱਦੇ ਨੂੰ ਵੀ ਉਭਾਰਿਆ ਹੈ। ਪ੍ਰੰਤੂ ਇਸਤਰੀ ਕਹਾਣੀਕਾਰਾਂ ਨਾਲੋਂ ਉਥੋਂ ਦੇ ਮਰਦ ਕਹਾਣੀਕਾਰ ਪਰਵਾਸੀ ਸੰਕਟ ਨੂੰ ਵਧੇਰੇ ਬਰੀਕੀ ਨਾਲ ਫੜ ਰਹੇ ਹਨ। ਅਕਵਿੰਦਰ ਕੌਰ ਨੇ ਸਮੁੱਚੀ ਕਹਾਣੀ ਨੂੰ ਲੈ ਕੇ ਕਈ ਸਾਰਥਕ ਸਿੱਟੇ ਕੱਢਣ ਦੀ ਕੋਸ਼ਿਸ਼ ਕੀਤੀ ਹੈ। ਉਸ ਦੀ ਆਲੋਚਨਾ ਕਰਨ ਦਾ ਤਰੀਕਾ ਨਾਰੀ ਪੱਖੀ ਹੈ। ਕਹਾਣੀ ਵਿਚੋਂ ਉਪਜਦੀਆਂ ਸੰਵੇਦਨਾ ਅਤੇ ਵੇਦਨਾ ਨੂੰ ਫੜਨ ਦਾ ਯਤਨ ਕੀਤਾ ਹੈ। ਪੁਸਤਕ ਨੂੰ ਅਕਵਿੰਦਰ ਕੌਰ ਨੇ ਤਿੰਨ ਭਾਗਾ ਵਿਚ ਵੰਡਿਆ ਹੈ। ਪਹਿਲਾ ਭਾਗ ਹੈ, 'ਨਾਰੀ ਪ੍ਰਵਾਸ ਅਤੇ ਪ੍ਰਵਾਸੀ ਪੰਜਾਬੀ ਕਹਾਣੀ ਇਤਿਹਾਸਿਕ ਪਰਿਪੇਖ' ਇਹ ਭਾਗ ਸਿਧਾਂਤਕ ਹੋਰ ਕਰਕੇ ਪਰਵਾਸੀ ਸ਼ਬਦ ਹੈ ਕੀ ਇਸ ਦੇ ਕੀ ਅਰਥ ਹਨ ਅਤੇ ਇਹਦਾ ਸਰੂਪ ਕੀ ਹੈ। ਦੂਜੇ ਭਾਗ ਵਿਚ ਪ੍ਰਵਾਸੀ ਨਾਰੀ ਕਥਾ ਜਗਤ ਸਮੱਸਿਆਵਾ ਤੇ ਸਰੋਕਾਰ ਕਹਾਣੀ ਦੇ ਪ੍ਰਸੰਗ ਵਿਚ ਲਿਖਿਆ ਹੈ। 'ਨਾਰੀ ਕਥਾ ਜਗਤ ਸਭਿਆਚਾਰਕ ਟਕਰਾਅ' ਭਾਗ ਵਧੇਰੇ ਧਿਆਨ ਮੰਗਦਾ ਹੈ। ਇਸ ਭਾਗ ਵਿਚ ਉਸ ਨੇ ਕਈ ਅਹਿਮ ਮੁੱਦੇ ਉਠਾਉਂਦੇ ਹੋਏ ਪਰਵਾਸੀ ਕਹਾਣੀ ਦੀ ਗੱਲ ਕੀਤੀ ਹੈ। ਖਾਸ ਕਰਕੇ ਉਸ ਨੇ ਪੀੜ੍ਹੀ ਪਾੜੇ ਦੇ ਹਵਾਲੇ ਨਾਲ ਗੱਲ ਕਰਦਿਆਂ ਕਈ ਚਰਚਿਤ ਕਹਾਣੀਆਂ ਦੇ ਹਵਾਲੇ ਦਿੱਤੇ ਹਨ। ਪੰਜਾਬੀ ਆਲੋਚਨਾ ਵਿਚ ਨਵੇਂ ਚਿਹਰੇ ਦਾ ਸਵਾਗਤ ਹੈ।

-ਜਸਬੀਰ ਗਿੱਲ, ਖੋਜ ਵਿਦਿਆਰਥੀ

## ਹੁੰਗਾਰਾ

'ਕਹਾਣੀ ਧਾਰਾ' ਅਜੋਕੇ ਯੁੱਗ ਦੀ ਗੱਲ ਤਾਂ ਕਰਦੀ ਏ, ਨਵੀਨਤਾ ਵੀ ਹੈ। ਪਰ ਕਿੱਸਾ ਉਹ ਹੀ ਪੁਰਾਣਾ ਗਾਹਕ ਕਸਟਮਰ ਭੁਗਤਾਨ ਵਾਲਾ ਉਂਝ ਰੋਟੀ ਅਤੇ ਪੇਟ ਦਾ ਮਸਲਾ ਕਹਾਣੀ ਨੂੰ ਖੂਬਸੂਰਤ ਬਣਾਉਂਦਾ ਏ। 'ਠੀਂਹਾ' ਵਿਚ ਬਲੀਜੀਤ ਨੇ ਵਧੀਆ ਗੱਲ ਕੀਤੀ ਏ। ਗਰੀਬੀ ਦੀ ਤ੍ਰਾਸਦੀ ਜਿੰਨੀ ਰੋਣਹਾਕੀ ਹੁੰਦੀ ਏ... ਉਸ ਤੋਂ ਵੱਧ ਹਾਸੋਹੀਣੀ ਹੋ ਜਾਂਦੀ ਏ। ਇੰਨੇ ਵਧੀਆ ਨਿਭਾਅ ਲਈ ਮੁਬਾਰਕਾਂ!

ਸਰੂਪ ਸਿਆਲਵੀ ਦੀ 'ਸੀਨੀਆਰਟੀ' ਦਾ ਲਮਕਾ ਭਾਵੇਂ ਜ਼ਿਆਦਾ ਹੈ ਪਰ ਸ਼ਬਦਾਂ ਦੇ ਸੱਚ ਦੀਆਂ ਛਿੱਲਤਰਾ ਪਿੰਡੇ ਵਿਚ ਜ਼ਰੂਰ ਖੁੱਭਦੀਆਂ ਹਨ। ''ਜਿੱਤੀ ਹੋਈ ਬਾਜ਼ੀ' ਤ੍ਰਿਪਤਾ ਕੇ. ਸਿੰਘ ਦੀ ਕਹਾਣੀ ਚੰਗੀ ਹੈ। ਬੁਝੀ ਹੋਈ ਰਾਖ਼ ਵਿਚ ਮੱਘਦੀ ਚੰਗਿਆੜੀ ਵਰਗੀ। 'ਪੰਜਾਬੀ ਕਹਾਣੀ ਸ਼ਾਸਤਰ' ਚੰਗਾ ਲੱਗਿਆ।

'ਕਲਮ ਦੇ ਨਕਸ਼' ਦਾ ਪਰਚਾ ਨਾਵਾਂ ਨਾਲ ਹੀ ਭਰਿਆ ਪਿਆ ਏ, ਲੇਖਕਾ ਪ੍ਰਤੀ ਕੋਈ ਚੱਜ ਦੀ ਗੱਲ ਨਹੀਂ ਲੱਭੀ। ਬਹਿਸ ਦੌਰਾਨ ਵੀ ਜੂਨੀਅਰ ਸੀਨੀਅਰ ਲੇਖਕਾਂ ਦੀ ਗੱਲ ਭਾਰੂ ਰਹੀ। ਲੇਖ ਪ੍ਰਤੀ ਗੱਲ ਘੱਟ ਗੱਲ ਹੋਈ ਏ। ਪਰ ਕੁੱਝ ਗੱਲਾਂ ਪ੍ਰੇਮ ਪ੍ਰਕਾਸ਼ ਦੀਆਂ ਚੰਗੀਆਂ ਲੱਗੀਆਂ ਨੇ। ਵਰਿਆਮ ਸੰਧੂ ਦੀ ਕਹਾਣੀ 'ਡੂੰਮ' ਦਾ ਜ਼ਿਕਰ ਜ਼ਰੂਰੀ ਨਹੀਂ ਸੀ। ਜਿਸ ਨੇ ਸੰਪਾਦਨਾ ਕੀਤੀ ਏ ਜਾਂ ਕਰਨੀ ਇਹ ਉਸਤੇ ਨਿਰਭਰ ਹੈ ਕਿ ਉਹ ਕੀ ਦੇਣਾ ਚਾਹੁੰਦਾ ਏ ਪਾਠਕ ਨੂੰ...?

ਮੈਂ ਸਿੱਧੂ ਦੀਆਂ ਪਹਿਲੀਆਂ ਰਚਨਾਵਾਂ ਪੜ੍ਹੀਆਂ ਨੇ ਵਧੀਆ ਲੇਖਕ ਹੈ। ਲਿਖਤ ਵੀ ਵਧੀਆ ਹੈ। 'ਰੇਗਿਸਤਾਨ ਦਾ ਸਫ਼ਰ' , 'ਬੱਤਖ ਦੇ ਪਰਾਂ ਵਰਗੇ ਸਫੈਦ ਦਿਨ', 'ਪ੍ਰੀਤੋ' ਆਦਿ।

'ਜਨ ਬੋਧ' ਵਾਲਾ ਹਿੱਸਾ ਪਹਿਲਾਂ ਵਾਂਗ ਹੀ ਜਾਣਕਾਰੀ ਵਾਲਾ ਹੈ ਅਤੇ ਸ਼ਲਾਘਾਯੋਗ ਵੀ ਹੈ। ਵਧਾਈ।

-ਬਲਦੇਵ ਸਿੰਘ ਪੋਹਲੋਪੁਰੀ, ਪਿੰਡ ਪੋਹਲੋਪੁਰ,ਫਤਿਹਗੜ੍ਹ ਸਾਹਿਬ, 140802

'ਕਹਾਣੀ ਧਾਰਾ-8' ਪੜ੍ਹਿਆ। ਕਹਾਣੀ ਭਾਗ ਵਿਚਲੀਆਂ ਕਹਾਣੀਆਂ ਚੰਗੀਆਂ ਲੱਗੀਆਂ। ਪ੍ਰਗਟ ਸਿੱਧੂ ਦੀ ਪੁਸਤਕ 'ਕਲਮ ਦੇ ਨਕਸ਼' ਬਾਰੇ ਵਿਦਵਾਨ ਦੋਸਤਾਂ ਦੀ ਗੱਲ ਬਾਤ ਵਧੀਆਂ ਹੈ...! ਇਸ ਤਰ੍ਹਾਂ ਦੇ ਉਪਰਾਲੇ ਕਰਦੇ ਰਿਹਾ ਕਰੋ। ਤੁਹਾਡਾ ਪਰਚਾ ਵੱਖਰੀ ਦਿੱਖ, ਵੱਖਰੀ ਸ਼ੈਲੀ ਦਾ ਹੈ। ਪਾਤਰ ਸਾਹਿਬ ਦਾ ਸ਼ੇਅਰ ਯਾਦ ਆ ਰਿਹਾ ਹੈ-

ਮੈਂ ਰਾਹਾਂ ਤੇ ਨਹੀਂ ਤੁਰਦਾ, ਮੈਂ ਤੁਰਦਾ ਹਾਂ ਤਾਂ ਰਾਹ ਬਣਦੇ।''

ਤੁਸੀਂ ਆਪਣੇ ਲਈ ਵੱਖਰਾ ਰਾਹ ਖੁਦ ਬਣਾ ਰਹੇ ਹੋ। ਮੁਬਾਰਕਾਂ

-ਸਿਮਰਨ ਧਾਰੀਵਾਲ, ਪੱਟੀ, ਤਰਨਤਾਰਨ

ਕਹਾਣੀ ਧਾਰਾ ਦੇ ਨਵੇਂ ਅੰਕ ਵਿਚ ਜਿੰਦਰ ਦੀ ਕਹਾਣੀ 'ਸਾਂਝ' ਪੜ੍ਹਕੇ ਹੈਰਾਨ ਹੋ ਗਿਆ। ਇਵੇਂ ਕਿਵੇਂ ਹੋ ਜਾਂਦੈ। ਏਨੀ ਵਧੀਆ ਕਹਾਣੀ ਪੜ੍ਹਕੇ ਮੈਂ ਤਾਂ ਸਿਰ ਫੜਕੇ ਬੈਠ ਗਿਆ। ਕਿਵੇਂ ਹਾਲਾਤ ਤੇ ਵਕਤ ਉਸਨੂੰ (ਔਰਤ ਨੂੰ) ਗਹਿਰੀ ਦਲਦਲ 'ਚ ਲਈ ਤੁਰੇ ਜਾਂਦੇ ਨੇ। ਚੰਗੇ ਮੰਦੇ ਦਾ ਸਭ ਨੂੰ ਪਤਾ ਹੁੰਦੈ। ਫੇਰ ਵੀ ਮਨੁੱਖ ਤੰਗ ਗਲੀਆਂ 'ਚ ਫਸਦਾ ਤੁਰਿਆ ਜਾਂਦੇ। ਕਹਾਣੀ 'ਚ ਰਵਾਨਗੀ ਬੜੀ ਸੀ। ਜਿੰਦਰ ਨੂੰ ਵਧੀਆ ਕਹਾਣੀ ਦੇਣ ਲਈ



ਧੰਨਵਾਨ।

ਬਲੀਜੀਤ ਦੀ 'ਠੀਂਹਾ' ਤੇ ਸਰੂਪ ਸਿਆਲਵੀ ਦੀ 'ਸੀਨੀਆਰਟੀ' ਦੋਵੇਂ ਕਹਾਣੀਆਂ ਪੜ੍ਹਦਿਆਂ ਇਵੇਂ ਲੱਗਾ ਜਿਵੇਂ ਮੇਰੇ 'ਚ ਸਾਹ ਸਤ ਹੀ ਨਾ ਰਿਹਾ ਹੋਵੇ ਤੇ ਮੈਂ ਥੱਕ ਕੇ ਰਹਿ ਗਿਆ ਹੋਵਾਂ। ਕਥਾ ਰਸ ਦੀ ਬੜੀ ਕਮੀ ਸੀ। ਟੁੱਟੀ ਭੱਜੀ ਤੋਰ। ਕਹਾਣੀ ਨਾਵਲ 'ਚ ਕਥਾ ਰਸ ਤੇ ਰਵਾਨਗੀ ਬਹੁਤ ਹੀ ਜ਼ਰੂਰੀ ਦੋ ਤੱਤ ਨੇ। ਤ੍ਰਿਪਤਾ ਕੇ. ਸਿੰਘ ਦੀ ਇੱਕ ਹੋਰ ਮਾਰਅਕੇ ਦੀ ਕਹਾਣੀ 'ਜਿੱਤੀ ਹੋਈ ਬਾਜ਼ੀ' ਤੇਜ ਗਤੀ 'ਚ ਚੱਲਦੀ ਆਪਣੇ ਵਿਸ਼ੇ ਨਾਲ ਇਨਸਾਫ਼ ਕਰਦੀ ਹੋਈ ਅਪਣੇ ਅਖੀਰਲੇ ਸਟੇਸ਼ਨ 'ਤੇ ਇਉਂ ਬਰੇਕ ਮਾਰਦੀ ਐ ਕਿ ਪੜ੍ਹਨ ਵਾਲਾ ਹੈਰਾਨ ਹੋਇਆ ਸੋਚਦਾ ਹੀ ਰਹਿ ਜਾਂਦੈ। ਬਈ ਇਹ ਹੋਈ ਨਾ ਗੱਲ। ਕਈ ਸਾਲ ਪਹਿਲਾਂ ਦੀ ਹਾਰੀ ਹੋਈ ਬਾਜ਼ੀ ਕਿਵੇਂ ਜਿੱਤ 'ਚ ਤਬਦੀਲ ਹੋ ਜਾਂਦੀ ਐ। ਡਾ. ਬਲਦੇਵ ਸਿੰਘ ਧਾਲੀਵਾਲ ਦਾ ਲੇਖ ਸੋਹਣਾ ਸੀ। ਜਦੋਂ ਮੈਂ 88-89 'ਚ ਜਲੰਧਰ ਪੜ੍ਹਦਾ ਸੀ ਉਦੋਂ ਹੀ ਮਹਿਰਮ ਮੈਂ ਪੜ੍ਹਨ ਲੱਗਿਆ। ਪਰਗਟ ਸਿੰਘ ਸਿੱਧੂ ਦਾ ਆਲੋਚਨਾ ਵਾਲਾ ਲੰਬਾਂ ਕਾਲਮ ਛਪਣ ਲੱਗਾ। ਮੈਨੂੰ ਉਹ ਨਾਵਲ ਵਾਂਗ ਸੁਆਦਲਾ ਲੱਗਣਾ। ਉਹਨਾਂ ਦੀ ਲਿਖਣ ਕਲਾ ਤੇ ਸੱਚੀਆਂ ਗੱਲਾਂ ਬੜੀਆਂ ਪਿਆਰੀਆਂ ਲੱਗਦੀਆਂ। ਮੈਂ ਉਹ ਸਾਰੇ ਹੀ ਪੜ੍ਹੇ। ਹੁਣ ਫੇਰ ਏਸ ਅੰਕ ਨੇ ਯਾਦਾਂ ਤਾਜ਼ੀਆਂ ਕਰ ਦਿੱਤੀਆਂ। 'ਸਿੱਧੂ' ਜੀ ਦੀਆਂ ਤਿੱਖੀਆਂ ਗੱਲਾਂ ਦਾ ਆਪਣਾ ਹੀ ਰੰਗ ਤੇ ਕਮਾਲ ਐ।

ਡਾ. ਕਰਮਜੀਤ ਸਿੰਘ ਨਡਾਲਾ, ਵਾਲੀਆਂ ਹਸਪਤਾਲ, ਨਡਾਲਾ, ਕਪੂਰਥਲਾ


ਅੰਕ-6 ਤੋਂ 'ਕਹਾਣੀ ਧਾਰਾ' ਦਾ ਪਾਠਕ ਹਾਂ। ਪਰਚੇ ਦੀ ਉਡੀਕ ਰਹਿੰਦੀ ਹੈ। ਤੁਸੀਂ ਵਧਾਈ ਦੇ ਹੱਕਦਾਰ ਹੋ। ਕਹਾਣੀ ਧਾਰਾ ਅੰਕ 8 ਵਿਚ ਛਪੇ ਦੋਵੇਂ ਨਾਵਲ ਵਧੀਆ ਲੱਗੇ। ਚਿਤੱਰਾ ਮੁਦਗਲ ਦਾ ਨਾਵਲ 'ਗਿਲਗੱਡੂ' ਸਲਾਘਾਯੋਗ ਨਾਵਲ ਹੈ। ਨਾਵਲ ਦਾ ਅੰਤ ਬਹੁਤ ਹੀ ਪ੍ਰਸ਼ੰਸਾਯੋਗ ਹੈ। ਜੀਵਨ ਪ੍ਰਵਾਹਮਾਨ ਹੈ। ਗਤੀਮਾਨ ਹੈ। ਬੱਚੇ ਜਵਾਨ ਹੋ ਰਹੇ ਨੇ ਤੇ ਜਵਾਨ ਬੁੱਢੇ। ਇਸ ਤੋਂ ਪਹਿਲਾਂ ਕਿ ਅਸੀਂ ਵੀ ਨਾਵਲ ਦੇ ਪਾਤਰਾਂ ਵਾਂਗ ਦੁੱਖ ਹੰਢਾਈਏ, ਸਾਨੂੰ ਮਾਨਸਿਕ ਤੌਰ ਤੇ ਮਜ਼ਬੂਤ ਹੋ ਜਾਣਾ ਚਾਹੀਦਾ। ਜਾਗ ਜਾਣਾ ਚਾਹੀਦਾ। ਵਿਸ਼ੇ ਲਈ ਸਾਨੂੰ ਸਿਰਜਣਾਸ਼ੀਲ ਹੋਣਾ ਚਾਹੀਦਾ। ਸਿਰਜਣਸ਼ੀਲਤਾ ਮਾਨਸਿਕ ਅਰੋਗਤਾ ਦੀ ਪਹਿਲੀ ਸ਼ਰਤ ਹੈ। ਜਿਹੜਾ ਮਾਨਸਿਕ ਤੌਰ ਤੇ ਪਰਪੱਕ ਹੈ, ਉਸਦੀ ਹਾਲਤ ਅਜਿਹੀ ਨਹੀਂ ਹੁੰਦੀ।

ਦੇਸ ਰਾਜ ਕਾਲੀ ਦਾ ਨਾਵਲ ਵੀ ਚੰਗਾ ਸੀ ਪਰ ਉਹਨਾਂ ਦੀ ਕਹਾਣੀ ਛਪੀ ਨੂੰ ਦੇਰ ਹੋ ਰਹੀ ਹੈ। ਅੰਕ-9 ਪੂਰਾ ਪੜ੍ਹ ਲਿਆ ਹੈ। ਵਧੀਆ ਲੱਗਾ। 'ਜਨ ਬੋਧ' ਚੰਗਾ ਸੀ। ਆਇਅਨਕਲੀ' ਨੂੰ ਮੇਰਾ ਸਲਾਮ। ਕਹਾਣੀ ਭਾਗ ਵਿਚੋਂ 'ਬਲੀਜੀਤ' ਦੀ ਕਹਾਣੀ 'ਠੀਂਹਾ' ਸਭ ਤੋਂ ਚੰਗੀ ਲੱਗੀ। ਜਿੰਦਰ ਨੇ ਵੀ ਵਧੀਆ ਕਹਾਣੀ ਲਿਖੀ ਹੈ। 'ਸਰੂਪ ਸਿਆਲਵੀ ਦੀ ਕਹਾਣੀ ਵਿਚ ਕਥਾ ਰਸ ਹੈ ਹੀ ਨਹੀਂ। ਹਿੰਦੀ ਕਹਾਣੀ 'ਨੌਕਰੀ' ਬਹੁਤ ਹੀ ਚੰਗੀ ਲੱਗੀ। ਪੜ੍ਹਕੇ ਖੂਬ ਹੱਸਿਆ। ਬਹਿਸ ਚੰਗੀ ਲੱਗੀ। ਬਲਦੇਵ ਸਿੰਘ ਧਾਲੀਵਾਲ ਦਾ ਕਹਾਣੀ ਸ਼ਾਸਤਰ ਪੜ੍ਹਨਯੋਗ ਸੀ। ਪਿਕਾਸੋ ਦੇ ਚਿੱਤਰਾਂ ਬਾਰੇ 'ਓਸ਼ੋ' ਨੇ ਕਿਹਾ ਹੈ ਕਿ ਉਸਦੇ ਚਿਤਰਾਂ ਵਿਚ ਮਨੁੱਖ ਦੀ ਖੰਡਿਤ ਮਾਨਸਿਕਤਾ (ਉਲਟੀ ਖੋਪੜੀ) ਦੀ ਸਹੀ ਤਸਵੀਰ ਪੇਸ਼ ਕੀਤੀ ਗਈ ਹੈ। ਇਸੇ ਲਈ ਉਹ ਮਸ਼ਹੂਰ ਨੇ। ਪਰ ਕੋਈ ਆਮ ਆਦਮੀ ਲਗਾਤਾਰ ਉਹਦੇ ਚਿੱਤਰ ਨੂੰ ਵੇਖਦਾ ਰਹੇ ਤਾਂ ਘਬਰਾ ਜਾਵੇ ਤੇ ਜੇਕਰ ਸਾਰੀ ਰਾਤ ਵੇਖਦਾ ਰਹੇ ਤਾਂ ਸਵੇਰੇ ਪਾਗਲ ਹੋ ਜਾਵੇਗਾ। ਸਾਨੂੰ ਅਗਲੇ ਅੰਕ ਦਾ ਇੰਤਜ਼ਾਰ ਹੈ।


-ਪਰਦੀਪ ਸਿੰਘ, ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਮਲੋਟ, ਮੁਕਤਸਰ

Year: 3 Issue No. 10
'KAHANI DHARA'(PUNJABI QUARTERLY) July-Sep., 2008 R.N.I. Regd No. PUN PUN 2006 / 19971



# ਦੀਪਕ ਪਬਲਿਸ਼ਰਜ਼ ਦੀਆਂ ਨਵੀਆਂ ਪੁਸਤਕਾਂ



125/-




125/-




295/-



145/-




125/-



175/-



175/-



125/-



125/-

## ਦੀਪਕ ਪਬਲਿਸ਼ਰਜ਼, ਜਲੰਧਰ

ਮਾਈ ਹੀਰਾਂ ਗੇਟ, ਜਲੰਧਰ-144008, ਫੋਨ 0181-2214196

ਉਤਮ ਅਤੇ ਮਿਆਰੀ ਪੁਸਤਕਾਂ ਪ੍ਰਕਾਸ਼ਤ ਕਰਨ ਵਾਲਾ ਪਹਿਲਾ ਆਦਾਰਾ